ਵਾਸਤੂ ਸ਼ਾਸਤਰ ਤਰਕ ਦੀ ਸਾਨ ਤੇ ■ ਗੁਲਾਮੀ ਦੀਆਂ ਸੂਚਕ ਕਾਮਨਵੈਲਥ ਖੇਡਾਂ ■ ਰੋਕਾ ਨਵਿਰਤੀ....?

ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਦਾ ਬੁਲਾਰਾ

# ਵਿਗਿਆਨ ਜੋਤ

ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਅਕਤੂਬਰ-ਨਵੰਬਰ 2010, ਕੀਮਤ 15/-




## ਈਸ਼ਵਰ ਨੇ ਨਹੀਂ ਬਣਾਈ ਦੁਨੀਆਂ
## ਸਟੀਫ਼ਨ ਹਾਕਿੰਗ

ਸ੍ਰਿਸ਼ਟੀ ਚਾਰ ਮੁਢਲੇ ਪ੍ਰਾਕਿਰਤਕ ਨਿਯਮਾਂ ਅਨੁਸਾਰ ਹੀ ਚੱਲ ਰਹੀ ਹੈ




ਵੱਖ-ਵੱਖਰੇ ਈਸ਼ਵਰ ਜਾਂ ਖ਼ੁਦਾ




ਬਣਾਵਟੀ ਚਿਹਰੇ ਨੂੰ ਅਸਲੀ




ਪਾਵੇਲ ਦਾ ਐਕਸੀਡੈਂਟ




ਭੂਤਾਂ-ਚੁੜੇਲਾਂ, ਜਾਦੂ-ਟੂਣਿਆਂ 'ਤੇ ਜੰਤਰਾਂ-ਮੰਤਰਾਂ ਦਾ ਦਾਅਵੇਦਾਰ 'ਪਾਖੰਡੀ ਸੰਤ'



# ਸਪਾਈਡਰਮੈਨ ਵਰਗੇ ਕਾਰਨਾਮੇ ਤੁਸੀਂ ਵੀ ਦਿਖਾ ਸਕਦੇ ਹੋ

ਸਪਾਈਡਰਮੈਨ ਨੂੰ ਮਕੜੀ ਦੀ ਤਰ੍ਹਾਂ ਦੀਵਾਰਾਂ 'ਤੇ ਚੜ੍ਹਦੇ ਅਤੇ ਦੋ ਇਮਾਰਤਾਂ ਦੇ ਵਿਚਕਾਰ ਫਰਾਟੇ ਭਰਦੇ ਦੇਖ ਕੇ ਤੁਸੀਂ ਕਾਫ਼ੀ ਖੁਸ਼ ਹੁੰਦੇ ਹੋ ਅਤੇ ਦਿਲ ਦੇ ਕਿਸੇ ਕੋਨੇ 'ਚ ਇੱਛਾ ਪੈਦਾ ਹੁੰਦੀ ਹੈ। ਹੁਣ ਉਹ ਦਿਨ ਦੂਰ ਨਹੀਂ ਜਦੋਂ ਸਪਾਈਡਰਮੈਨ ਸਿਨੇਮਾ ਦੇ ਪਰਦੇ ਤੋਂ ਉਤਰ ਕੇ ਤੁਹਾਡੇ ਜੀਵਨ 'ਚ ਆ ਜਾਵੇ।

ਜੀ ਹਾਂ, ਵਿਗਿਆਨਕ ਕੁਝ ਅਜਿਹੇ ਕਿਸਮ ਦੇ ਦਸਤਾਨੇ ਅਤੇ ਜੁੱਤੇ ਵਿਕਸਤ ਕਰਨ 'ਚ ਜੁਟੇ ਹਨ ਅਤੇ ਉਨ੍ਹਾਂ ਦਾ ਦਾਅਵਾ ਹੈ ਕਿ ਇਨ੍ਹਾਂ ਦੀ ਮਦਦ ਨਾਲ ਕੋਈ ਵੀ ਸਪਾਈਡਰਮੈਨ ਵਰਗਾ ਕਾਰਨਾਮਾ ਕਰ ਸਕਦਾ ਹੈ। ਇਹ ਦਸਤਾਨੇ ਅਤੇ ਜੁੱਤੇ ਚਿਪਕਣ ਵਾਲੇ ਹੋਣਗੇ ਅਤੇ ਉਨ੍ਹਾਂ ਦੀ ਮਦਦ ਨਾਲ ਛਿਪਕਲੀ ਦੀ ਤਰ੍ਹਾਂ ਦੀਵਾਰ 'ਤੇ ਚੜ੍ਹਨਾ ਸੌਖਾ ਹੋ ਜਾਵੇਗਾ। ਵਿਗਿਆਨਕ ਪਹਿਲਾਂ ਹੀ ਇਕ ਖਾਸ ਕਿਸਮ ਦਾ ਕੱਪੜਾ ਤਿਆਰ ਕਰ ਚੁੱਕੇ ਹਨ। ਇਸ ਕੱਪੜੇ ਦੀ ਪ੍ਰੇਰਨਾ ਇਕ ਖਾਸ ਕਿਸਮ ਦੀ ਛਿਪਕਲੀ ਗੇਕੋ ਤੋਂ ਮਿਲੀ ਹੈ। ਵਿਗਿਆਨਕ ਇਸਦਾ ਪਰੀਖਣ ਇਕ ਨੰਨ੍ਹੇ ਰੋਬਟ 'ਤੇ ਕਰ ਚੁੱਕੇ ਹਨ। ਪ੍ਰਯੋਗ ਦੇ ਦੌਰਾਨ ਰੋਬੋਟ ਸ਼ੀਸ਼ੇ ਅਤੇ ਧਾਤੂ ਦੀ ਚਿਕਨੀ ਸਤ੍ਹਾ 'ਤੇ ਆਸਾਨੀ ਨਾਲ ਚੜ੍ਹ ਗਿਆ।

ਡੇਲੀ ਟੈਲੀਗ੍ਰਾਫ ਦੀ ਇਕ ਰਿਪੋਰਟ ਦੇ ਅਨੁਸਾਰ ਰੋਬੋਟ ਦੇ ਮਾਮਲੇ 'ਚ ਕਾਮਯਾਬੀ ਹਾਸਿਲ ਕਰਨ ਤੋਂ ਬਾਅਦ ਪ੍ਰਯੋਗ ਇਹ ਆਮ ਇਨਸਾਨਾਂ 'ਤੇ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਇਸ ਦੇ ਲਈ ਇਕ ਪ੍ਰੋਜੈਕਟ ਵੀ ਤਿਆਰ ਕੀਤਾ ਹੈ।

ਵਿਗਿਆਨਕਾਂ ਨੇ ਦੇਖਿਆ ਕਿ ਗੁਰੂਤਾਆਕਰਸ਼ਣ ਦੇ ਖ਼ਿਲਾਫ਼ ਜਾਣ ਵਾਲੀਆਂ ਛਿਪਕਲੀਆਂ ਦੀ ਸ਼ਕਤੀ ਉਨ੍ਹਾਂ ਦੇ ਪੈਰਾਂ ਦੇ ਨੀਚੇ ਛੋਟੇ ਸੁਰਾਖਾਂ ਦੀ ਵਜ੍ਹਾ ਕਾਰਨ ਹੁੰਦੀ ਹੈ। ਸਟੈਨਫੋਰਡ ਯੂਨੀਵਰਸਿਟੀ ਦੇ ਵਿਗਿਆਨਕਾਂ ਨੇ ਇਸ ਨੂੰ ਧਿਆਨ ਵਿਚ ਰੱਖਦੇ ਹੋਏ ਰਬੜ ਵਰਗੀ ਚੀਜ਼ ਇਜਾਦ ਕੀਤੀ ਹੈ। ਜਿਸ 'ਚ ਹਜ਼ਾਰਾਂ ਦੀ ਗਿਣਤੀ 'ਚ ਛੋਟੇ ਛੋਟੇ ਸੁਰਾਖ ਹਨ। ਇਹ ਛਿਪਕਲੀਆਂ ਦੇ ਸੁਰਾਖਾਂ ਦੀ ਨਕਲ ਹੈ। ਇਨ੍ਹਾਂ ਸੁਰਾਖਾਂ ਨੂੰ ਸੀਟੇ ਦਾ ਨਾਮ ਦਿੱਤਾ ਗਿਆ ਹੈ। ਇਹ ਮਨੁੱਖੀ ਵਾਲਾਂ ਤੋਂ ਦਸ ਗੁਣਾ ਪਤਲੇ ਹੁੰਦੇ ਹਨ। ਸਟਿਕਬਾਟ ਇਸਦੀ ਮਦਦ ਨਾਲ ਖਿੜਕੀਆਂ ਦੇ ਸ਼ੀਸ਼ਿਆਂ 'ਤੇ ਚੜ੍ਹਨ 'ਚ ਕਾਮਯਾਬ ਹੋਇਆ।

## 5 ਮਿੰਟ 'ਚ ਦਿਮਾਗ਼ ਸਕੈਨ

ਵਾਸ਼ਿੰਗਟਨ – ਵਿਗਿਆਨੀਆਂ ਨੇ ਦਿਮਾਗ਼ ਦੀ ਸਕੈਨਿੰਗ ਦੀ ਇਕ ਅਜਿਹੀ ਵਿਧੀ ਖੋਜੀ ਹੈ ਜਿਸ ਨਾਲ ਬੱਚਿਆਂ ਦੇ ਦਿਮਾਗ਼ ਦੀ ਹਲਚਲ ਦਾ ਪਤਾ ਲਗਾਇਆ ਜਾ ਸਕਦਾ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਵਿਧੀ ਨਾਲ ਬੱਚਿਆਂ ਦੇ ਦਿਮਾਗ਼ ਦੀ ਗਤੀਵਿਧੀਆਂ ਅਤੇ ਆਟਿਜ਼ਮ ਸੰਬੰਧੀ ਗੜਬੜੀਆਂ ਦਾ ਸਮੇਂ ਤੋਂ ਪਹਿਲਾਂ ਪਤਾ ਲਗਾਇਆ ਸਕਦਾ ਹੈ।

ਪੰਜ ਮਿੰਟ ਦੀ ਅਵਧੀ ਵਾਲੀ ਸਕੈਨਿੰਗ 'ਚ ਐਮ. ਆਰ. ਆਈ. ਸਕੈਨਿੰਗ 'ਚ ਐਮ. ਆਰ. ਆਈ. ਅੰਕੜਿਆਂ ਦਾ ਗਣਿਤਕ ਰੂਪ 'ਚ ਟਰਾਂਸਫਰ ਕਰਨਾ ਸ਼ਾਮਿਲ ਹੈ। ਇਹ ਨਾ ਕੇਵਲ ਦਿਮਾਗ਼ ਦੀ ਸੰਰਚਨਾ ਦੀਆਂ ਤਸਵੀਰਾਂ, ਸਗੋਂ ਵੱਖ ਵੱਖ ਖੇਤਰਾਂ ਦੇ ਨਾਲ ਮਿਲ ਕੇ ਕੰਮ ਕਰਨ ਦੇ ਤਰੀਕਿਆਂ ਨੂੰ ਵੀ ਜ਼ਾਹਿਰ ਕਰਦਾ ਹੈ।

# ਵਿਗਿਆਨ ਜੋਤ

ਸਾਲ 5, ਅੰਕ : 5

ਅਕਤੂਬਰ-ਨਵੰਬਰ, 2010

PUNPUN/2006/17457

ਮੁੱਖ ਸੰਪਾਦਕ : **ਮੇਘ ਰਾਜ ਮਿੱਤਰ**
ਸੰਪਾਦਕ : **ਅਜਮੇਰ ਸਿੱਧੂ**
ਸਹਿ ਸੰਪਾਦਕ : **ਰਣਜੀਤ ਝਨੇਰ**
ਮੁੱਖ ਪ੍ਰਬੰਧਕ : **ਅਮਿੱਤ ਮਿੱਤਰ**

**ਸੰਪਾਦਕੀ ਬੋਰਡ**
* ਮੇਘ ਰਾਜ ਰੱਲਾ
* ਹਰਪਿੰਦਰ ਬਰਾੜ (ਕੈਨੇਡਾ)
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਅਵਤਾਰ ਗਿੱਲ (ਕੈਨੇਡਾ)
* ਡਾ. ਪਵਿੱਤਰ ਅਮਰਗੜ੍ਹ
* ਰਘਵੀਰ ਬਿਲਾਸਪੁਰੀ (ਕੈਨੇਡਾ)

**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |



**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-**
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@yahoo.com
Web site : www.tarksheel.com



***ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ***
*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਏਗਾ।


## ਸੰਪਾਦਕੀ

## ਸ੍ਰਿਸ਼ਟੀ ਚਾਰ ਮੁਢਲੇ ਪ੍ਰਾਕਿਰਤਕ ਨਿਯਮਾਂ ਅਨੁਸਾਰ ਹੀ ਚੱਲ ਰਹੀ ਹੈ




ਸਟੀਫਨ ਹਾਕਿੰਗ ਦੁਨੀਆਂ ਦੇ ਪ੍ਰਸਿੱਧ ਵਿਗਿਆਨਕਾਂ ਵਿਚੋਂ ਇੱਕ ਹੈ। 21 ਸਾਲ ਦੀ ਉਮਰ ਵਿੱਚ ਹੀ ਉਸ ਨੂੰ ਇੱਕ ਨਾਮੁਰਾਦ ਬਿਮਾਰੀ ਨੇ ਘੇਰ ਲਿਆ। ਜਿਸ ਕਾਰਨ ਉਸਨੂੰ ਸੁਣਾਈ ਦੇਣਾ ਬੰਦ ਹੋ ਗਿਆ। ਮੂੰਹ, ਬੁੱਲ੍ਹ ਤੇ ਜੀਭ ਵੀ ਹਰਕਤਾਂ ਘਟਾ ਗਏ ਜਿਸ ਕਾਰਨ ਆਵਾਜ਼ ਨਿਕਲਣੀ ਵੀ ਬੰਦ ਹੋ ਗਈ। ਤੁਰਨ ਫਿਰਨ ਦੀਆਂ ਮਾਸ ਪੇਸ਼ੀਆਂ ਵੀ ਜੁਆਬ ਦੇ ਗਈਆਂ ਅਤੇ ਉਸਨੂੰ ਵੀਲ ਚੇਅਰ ਦਾ ਸਹਾਰਾ ਲੈਣਾ ਪਿਆ। ਆਪਣੀ ਨਵੀਂ ਪੁਸਤਕ 'ਗਰੈਂਡ ਡੀਜ਼ਾਈਨ' ਵਿਚ ਉਸਨੇ ਇਹ ਘੋਸ਼ਣਾ ਕੀਤੀ ਹੈ ਕਿ ਸਾਰੀ ਸ੍ਰਿਸ਼ਟੀ ਚਾਰ ਮੁਢਲੇ ਪ੍ਰਾਕਿਰਤਕ ਨਿਯਮਾਂ ਅਨੁਸਾਰ ਹੀ ਚੱਲ ਰਹੀ ਹੈ।' ਇਹ ਨਿਯਮ ਸਦਾ ਸਨ ਤੇ ਸਦਾ ਰਹਿਣਗੇ ਅਤੇ ਇਨ੍ਹਾਂ ਨੂੰ ਸਿਰਜਣ ਵਾਲਾ ਕੋਈ ਪ੍ਰਮਾਤਮਾ ਨਹੀਂ ਸੀ।

ਸਟੀਫਨ ਹਾਕਿੰਗ ਇਹ ਕਹਿਣ ਵਾਲਾ ਪਹਿਲਾ ਵਿਅਕਤੀ ਨਹੀਂ ਹੈ। ਕੁਝ ਹੋਰ ਵਿਗਿਆਨਕਾਂ ਨੇ ਵੀ ਇਹ ਹੀ ਗੱਲਾਂ ਆਖੀਆਂ ਹਨ। ਮੈਂ ਵੀ ਆਪਣੀ ਪੁਸਤਕ "ਸਮੇਂ ਦਾ ਇਤਿਹਾਸ" ਵਿਚ ਇਨ੍ਹਾਂ ਚਾਰ ਮੁਢਲੇ ਨਿਯਮਾਂ ਦਾ ਜ਼ਿਕਰ ਕਰ ਚੁੱਕਿਆ ਹਾਂ। ਮੈਂ ਇਹ ਪੁਸਤਕ ਦਸ ਸਾਲ ਪਹਿਲਾਂ ਲਿਖੀ ਸੀ। ਅੱਜ ਤੱਕ ਇਸ ਪੁਸਤਕ ਦੀਆਂ ਦਸ ਹਜ਼ਾਰ ਕਾਪੀਆਂ ਲੋਕਾਂ ਤੱਕ ਪੁੱਜ ਚੁੱਕੀਆਂ ਹਨ। ਮੇਰੀ ਪੁਸਤਕ ਦੇ ਪੰਨਾ ਨੰ : 14 ਉਪਰ ਇਹ ਮੁੱਢਲੇ ਨਿਯਮ ਦਰਜ ਹਨ।

### ਗੁਰੂਤਾ ਆਕਰਸ਼ਣ ਬਲ

ਇਹ ਇੱਕ ਕਮਜ਼ੋਰ ਬਲ ਹੈ ਕਿਉਂਕਿ ਇਹ ਦੂਰ ਤੋਂ ਹੀ ਕਿਰਿਆ ਕਰਦਾ ਹੈ ਅਤੇ ਸਿਰਫ਼ ਖਿੱਚਦਾ ਹੈ ਧੱਕਦਾ ਨਹੀਂ ਇਸ ਲਈ ਇਹ ਸਾਨੂੰ ਸ਼ਕਤੀਸ਼ਾਲੀ ਨਜ਼ਰ ਆਉਂਦਾ ਹੈ। ਇਸੇ ਬਲ ਅਧੀਨ ਬ੍ਰਹਿਮੰਡ ਦੀ ਹਰ ਵਸਤੂ ਇੱਕ ਦੂਜੇ ਨੂੰ ਆਪਣੇ ਵੱਲ ਉਸ ਬਲ ਨਾਲ ਖਿੱਚਦੀ ਹੈ ਜਿਹੜਾ ਦੋਹਾਂ ਵਸਤੂਆਂ ਦੇ ਭਾਰ ਦੇ ਗੁਣਨਫ਼ਲ ਨਾਲ ਸਿੱਧਾ ਅਨੁਪਾਤ ਰੱਖਦਾ ਹੈ ਪਰ ਜਿੰਨੀ ਦੂਰੀ ਵੱਧ ਹੁੰਦੀ ਹੈ ਉਨਾ ਇਹ ਬਲ ਘੱਟ ਹੁੰਦਾ ਹੈ। ਇਸ ਬਲ ਅਧੀਨ ਵਸਤੂਆਂ ਧਰਤੀ ਦੇ ਕੇਂਦਰ ਵੱਲ ਨੂੰ ਡਿੱਗਦੀਆਂ ਹਨ। ਬ੍ਰਹਿਮੰਡ ਦੇ ਸਾਰੇ ਗ੍ਰਹਿ ਇਸੇ ਬਲ ਅਧੀਨ ਇੱਕ ਦੂਜੇ ਦੀ ਖਿੱਚ ਕਾਰਨ ਇੱਕ ਦੂਜੇ ਦੇ ਦੁਆਲੇ ਘੁੰਮ ਰਹੇ ਹਨ।

### ਬਿਜਲੀ ਚੁੰਬਕੀ ਬਲ

ਬਿਜਲੀ ਚੁੰਬਕੀ ਬਲ ਸ਼ਕਤੀਸ਼ਾਲੀ ਹੁੰਦਾ ਹੈ ਕਿਉਂਕਿ ਇਹ

ਖਿੱਚਦਾ ਵੀ ਹੈ ਧੱਕਦਾ ਵੀ ਹੈ। ਇਸ ਲਈ ਇਹ ਦੋਵੇਂ ਗੱਲਾਂ ਇੱਕ ਦੂਜੇ ਦੇ ਪ੍ਰਭਾਵ ਨੂੰ ਕੈਂਸਲ ਕਰ ਦਿੰਦੀਆਂ ਹਨ। ਇਸ ਲਈ ਇਹ ਕਮਜ਼ੋਰ ਬਲ ਨਜ਼ਰ ਆਉਂਦਾ ਹੈ। ਰੌਸ਼ਨੀ ਇਸੇ ਬਲ ਕਾਰਨ ਸੱਤਾਂ ਰੰਗਾਂ ਵਿੱਚ ਨਿੱਖੜ ਜਾਂਦੀ ਹੈ ਤੇ ਸਤਰੰਗੀ ਪੀਂਘ ਬਣਾਉਂਦੀ ਹੈ।

**ਤਾਕਤਵਰ ਨਿਊਕਲੀ ਬਲ**

ਪ੍ਰਮਾਣੂ ਵਿੱਚ ਇਹ ਬਲ ਪ੍ਰੋਟਾਨਾਂ ਤੇ ਨਿਊਟ੍ਰਾਨਾਂ ਨੂੰ ਕੇਂਦਰ ਦੁਆਲੇ ਬੰਨ ਕੇ ਰੱਖਦਾ ਹੈ। ਇਹ ਸਭ ਤੋਂ ਤਾਕਤਵਰ ਬਲ ਹੈ। ਜਦੋਂ ਪ੍ਰਮਾਣੂ ਤੋੜਿਆ ਜਾਂਦਾ ਹੈ ਜਾਂ ਪ੍ਰਮਾਣੂ ਜੋੜੇ ਜਾਂਦੇ ਹਨ ਤਾਂ ਅਥਾਹ ਊਰਜਾ ਪੈਦਾ ਹੁੰਦੀ ਹੈ। ਪ੍ਰਮਾਣੂ ਬੰਬ ਇਸੇ ਬਲ ਕਾਰਨ ਅਥਾਹ ਤਬਾਹੀ ਕਰਦੇ ਹਨ। ਸੂਰਜ ਵਿੱਚ ਊਰਜਾ ਹਾਈਡ੍ਰੋਜਨ ਦੇ ਦੋ ਪ੍ਰਮਾਣੂਆਂ ਦੇ ਜੁੜਨ ਕਾਰਨ ਹੀ ਪੈਦਾ ਹੁੰਦੀ ਹੈ।

**ਕਮਜ਼ੋਰ ਨਿਊਕਲੀ ਬਲ**

ਕਮਜ਼ੋਰ ਨਿਊਕਲੀ ਬਲ ਕਾਰਨ ਨਿਊਟ੍ਰਾਨ, ਪ੍ਰੋਟਾਨਾਂ ਵਿੱਚ ਬਦਲ ਜਾਂਦੇ ਹਨ, ਕਿਉਂਕਿ ਇਹ ਤਬਦੀਲੀਆਂ ਪ੍ਰਮਾਣੂ ਦੇ ਕੇਂਦਰ ਵਿੱਚ ਹੁੰਦੀਆਂ ਹਨ ਇਸ ਲਈ ਇਸੇ ਬਲ ਕਾਰਨ ਤੱਤਾਂ ਦੇ ਕੇਂਦਰ ਦੀ ਬਣਤਰ ਬਦਲ ਜਾਂਦੀ ਹੈ। ਸਿੱਟੇ ਵਜੋਂ ਤੱਤ ਹੀ ਕਿਸੇ ਹੋਰ ਤੱਤ ਵਿੱਚ ਬਦਲ ਜਾਂਦੇ ਹਨ। ਇਨ੍ਹਾਂ ਨੂੰ ਰੇਡੀਓ ਐਕਟਿਵ ਡਿੱਕੇ ਵੀ ਕਿਹਾ ਜਾਂਦਾ ਹੈ। ਇਸ ਬਲ ਕਾਰਨ ਹੀ ਫਾਸਿਲਾਂ ਦੀ ਉਮਰ ਪਤਾ ਕੀਤੀ ਜਾਂਦੀ ਹੈ, ਕਿਉਂਕਿ ਕਾਰਬਨ ਚੌਦਾਂ, ਕਾਰਬਨ ਬਾਰ੍ਹਾਂ ਵਿੱਚ ਬਦਲ ਜਾਂਦੀ ਹੈ। ਪੋਟਾਸ਼ੀਅਮ ਆਰਗਨ ਵਿੱਚ ਅਤੇ ਯੂਰੇਨੀਅਮ ਸਿੱਕੇ ਵਿੱਚ ਇਸੇ ਬਲ ਕਾਰਨ ਤਬਦੀਲ ਹੁੰਦਾ ਰਹਿੰਦਾ ਹੈ।

ਸੰਸਾਰ ਵਿੱਚ ਵਾਪਰਨ ਵਾਲੀਆਂ ਸਾਰੀਆਂ ਘਟਨਾਵਾਂ ਪਿੱਛੇ ਇਨ੍ਹਾਂ ਚਾਰ ਨਿਯਮਾਂ ਵਿੱਚੋਂ ਕੋਈ ਇੱਕ ਜਾਂ ਕਈ ਵਾਰ ਦੋ ਅਤੇ ਕਿਤੇ-ਕਿਤੇ ਤਿੰਨ ਵੀ ਕੰਮ ਕਰਦੇ ਨਜ਼ਰ ਆਉਂਦੇ ਹਨ। ਜਿਵੇਂ ਸਾਡੇ ਸੂਰਜ ਤੋਂ ਗਰਮੀ ਸਾਨੂੰ ਮਿਲਦੀ ਹੈ। ਇਹ ਗਰਮੀ ਉੱਥੇ ਹਾਈਡ੍ਰੋਜਨ ਗੈਸ ਦੇ ਹੀਲੀਅਮ ਵਿੱਚ ਬਦਲਣ ਕਰਕੇ ਹੋ ਰਹੀ ਹੈ ਨਿਊਕਲੀ ਸੰਯੋਜਣ ਦੀ ਕ੍ਰਿਆ ਕਰਕੇ ਹੈ ਕਿਉਂਕਿ ਇਹ ਕ੍ਰਿਆ ਤਾਪ ਨਿਕਾਸੀ ਕ੍ਰਿਆ ਹੈ। ਇਸ ਲਈ ਇਸ ਵਿੱਚੋਂ ਤਾਪ ਪੈਦਾ ਹੁੰਦਾ ਹੈ। ਇਸ ਤਰ੍ਹਾਂ ਕਿਸੇ ਹੋਰ ਵੱਧ ਤਾਪਮਾਨ ਵਾਲੇ ਤਾਰੇ ਤੇ ਹੀਲੀਅਮ ਕਾਰਬਨ ਵਿੱਚ ਬਦਲ ਰਹੀ ਹੈ ਅਤੇ ਕਿਤੇ ਹੋਰ ਲੋਹੇ ਦਾ ਅਤੇ ਕਿਤੇ ਹੋਰ ਸੋਨੇ ਦਾ ਨਿਰਮਾਣ ਇਸੇ ਨਿਯਮ ਤਹਿਤ ਹੋ ਰਿਹਾ ਹੈ। ਇਸ ਲਈ ਪ੍ਰਤੱਖ ਹੈ ਕਿ ਧਰਤੀ ਤੇ ਅੱਜ ਅਸੀਂ ਜੋ ਵੀ ਤੱਤ ਜਾਂ ਪਦਾਰਥ ਵੇਖ ਰਹੇ ਹਾਂ ਉਹ ਨਿਊਕਲੀ ਸੰਯੋਜਨ ਦੀ ਕ੍ਰਿਆ ਦੇ ਫਲਸਰੂਪ ਪੈਦਾ ਹੋਏ ਹਨ ਅਤੇ ਤਾਰਿਆਂ ਗ੍ਰਹਿਆਂ ਦੇ ਨਸ਼ਟ ਹੋਣ ਸਮੇਂ ਗੁਰੁਤਾ ਆਕਰਸ਼ਣ ਦੇ ਨਿਯਮ ਕਾਰਨ ਇਹ ਬ੍ਰਹਿਮੰਡ ਦੇ ਵੱਖ-ਵੱਖ ਭਾਗਾਂ ਵਿੱਚ ਖਿੰਡਾ ਦਿੱਤੇ ਗਏ।

ਅੱਜ ਸਾਨੂੰ ਪਤਾ ਹੈ ਸੂਰਜ ਤੋਂ ਉਠਦੇ ਤੂਫ਼ਾਨ ਧਰਤੀ ਤੱਕ ਪਹੁੰਚ ਕੇ ਧਰਤੀ ਦੇ ਉਪਰ ਉਪਲਬਧ ਬਿਜਲੀ ਉਪਕਰਣਾਂ ਨੂੰ ਨੁਕਸਾਨ ਪਹੁੰਚਾ ਜਾਂਦੇ ਹਨ। ਇਹ ਤੂਫ਼ਾਨ ਕਿਵੇਂ ਪੈਦਾ ਹੁੰਦੇ ਹਨ ਤੇ ਕਿਵੇਂ ਧਰਤੀ ਤੱਕ ਪੁੱਜਦੇ ਹਨ। ਇਹ ਸਭ ਉਪਰੋਕਤ ਪ੍ਰਾਕਿਰਤਕ ਨਿਯਮਾਂ ਦੇ ਫਲਸਰੂਪ ਹੀ ਵਾਪਰਦਾ ਹੈ।

ਸਾਨੂੰ ਪਤਾ ਹੈ ਕਿ ਸਾਡੀ ਧਰਤੀ ਇੱਕ ਵੱਡੇ ਚੁੰਬਕ ਦੀ ਤਰ੍ਹਾਂ ਕੰਮ ਕਰਦੀ ਹੈ ਅਤੇ ਇੱਥੇ ਉੱਤਰ ਤੇ ਦੱਖਣੀ ਧਰੁਵ ਪੈਦਾ ਹੋ ਗਏ ਹਨ। ਜੇ ਲੋਹੇ ਦੇ ਕਿਸੇ ਡੰਡੇ ਨੂੰ ਬਿਜਲੀ ਖੇਤਰ ਵਿੱਚ ਤੇਜ਼ ਗਤੀ ਨਾਲ ਘੁੰਮਾਇਆ ਜਾਵੇ ਤਾਂ ਬਿਜਲੀ ਚੁੰਬਕੀ ਤਰੰਗਾਂ ਪੈਦਾ ਹੋ ਜਾਂਦੀਆਂ ਹਨ। ਸੰਸਾਰ ਦੀਆਂ ਬਹੁਤ ਸਾਰੀਆਂ ਖੋਜਾਂ ਇਨ੍ਹਾਂ ਨਿਯਮਾਂ ਦੀ ਜਾਣਕਾਰੀ ਦੀ ਬਦੌਲਤ ਹੀ ਹੋਈਆਂ ਹਨ ਅਤੇ ਧਰਤੀ ਦੇ ਉਪਰ ਉਪਲਬਧ ਜਿੰਨੇ ਵੀ ਉਪਕਰਨ ਵਿਗਿਆਨਕਾਂ ਨੇ ਤਿਆਰ ਕੀਤੇ ਹਨ ਉਹ ਇਨ੍ਹਾਂ ਨਿਯਮਾਂ ਦੀ ਵਰਤੋਂ ਨਾਲ ਹੀ ਸੰਭਵ ਹੋਏ ਹਨ।

ਇਸ ਲਈ ਅਸੀਂ ਦਾਅਵੇ ਨਾਲ ਕਹਿੰਦੇ ਹਾਂ ਕਿ ਸੰਸਾਰ ਦੀ ਕੋਈ ਵੀ ਘਟਨਾ ਇਨ੍ਹਾਂ ਵਿਗਿਆਨਕ ਨਿਯਮਾਂ ਤੋਂ ਬਗ਼ੈਰ ਵਾਪਰ ਹੀ ਨਹੀਂ ਸਕਦੀ ਤੇ ਗ਼ੈਬੀ ਸ਼ਕਤੀਆਂ ਦੇ ਦਾਅਵੇਦਾਰਾਂ ਲਈ ਅਸੀਂ ਇੱਕ ਕਰੋੜ ਰੁਪਏ ਦੇ ਇਨਾਮ ਦੀ ਰਾਸ਼ੀ ਸਿਰਫ਼ ਇਸ ਲਈ ਹੀ ਰੱਖੀ ਹੈ ਕਿ ਸਾਡੇ ਲੋਕਾਂ ਨੂੰ ਵਿਗਿਆਨਕ ਨਿਯਮਾਂ ਵਿੱਚ ਵਿਸ਼ਵਾਸ ਪੈਦਾ ਹੋ ਸਕੇ।

ਜੇ ਅੱਜ ਸਾਡੇ ਦੇਸ਼ ਵਿੱਚ ਖੋਜਾਂ ਘੱਟ ਹੋ ਰਹੀਆਂ ਹਨ ਉਸਦਾ ਕਾਰਨ ਸਦੀਆਂ ਤੋਂ ਇੱਥੇ ਦੇ ਲੋਕਾਂ ਦੇ ਦਿਮਾਗ਼ਾਂ ਨੂੰ ਬੰਦ ਕਰਨ ਲਈ ਇੱਥੋਂ ਦੇ ਪੁਜਾਰੀ ਵਰਗ ਵੱਲੋਂ ਪੂਜਾ ਪਾਠ ਬਹਾਨੇ ਆਪਣੀ ਲੁੱਟ ਨੂੰ ਕਾਇਮ ਰੱਖਣ ਲਈ ਰਚੀਆਂ ਗਈਆਂ ਸਾਜ਼ਿਸ਼ਾਂ ਹੀ ਹਨ। ਜੇ ਅੱਜ ਤਰਕਸ਼ੀਲਾਂ ਵਿਰੁੱਧ ਕੱਟੜ ਪੰਥੀਆਂ ਨੂੰ ਕਿਤੇ ਵੀ ਉਕਸਾਇਆ ਜਾਂਦਾ ਹੈ ਤਾਂ ਉਸ ਪਿੱਛੇ ਵੀ ਕਾਰਨ ਇਹ ਹੀ ਹੈ ਕਿ ਉਨ੍ਹਾਂ ਨੂੰ ਆਪਣਾ ਲੁੱਟ ਖਸੁੱਟ ਧੰਦਾ ਘਾਟੇ ਵਿਚ ਜਾਂਦਾ ਨਜ਼ਰ ਆਉਂਦਾ ਹੈ।

ਪਰ ਅਸੀਂ ਤਰਕਸ਼ੀਲ ਇਹ ਗੱਲ ਫਿਰ ਦੁਹਰਾਉਂਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਲੋਕ ਦੁਨੀਆਂ ਦੇ ਦੂਸਰੇ ਦੇਸ਼ਾਂ ਦੇ ਵਿਗਿਆਨਕਾਂ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਰਹਿਣਗੇ ਕਿਉਂ ਕਿ ਇੱਥੋਂ ਦੇ ਨੌਜਵਾਨਾਂ ਨੂੰ ਤਰਕਸ਼ੀਲਤਾ ਦੀ ਗੁੜ੍ਹਤੀ ਮਿਲ ਚੁੱਕੀ ਹੈ। ਜੋ ਸਿਰਫ਼ ਤਰਕਸ਼ੀਲਾਂ ਦੇ ਯਤਨਾਂ ਨਾਲ ਹੀ ਸੰਭਵ ਹੋ ਸਕਿਆ ਹੈ।

*- ਮੇਘ ਰਾਜ ਮਿੱਤਰ*

**"ਨਾ ਕੋਈ ਆਤਮਾ, ਨਾ ਕੋਈ ਰੱਬ, ਝੂਠੇ ਚੱਕਰੀਂ ਪਾਇਆ ਜੱਗ"**
**ਦੇ ਨਾਅਰੇ ਨੂੰ ਬੁਲੰਦ ਕੀਤਾ ਸੰਸਾਰ ਪ੍ਰਸਿਧ ਵਿਗਿਆਨੀ ਸਟੀਫ਼ਨ ਹਾਕਿੰਗ ਨੇ**

# ਈਸ਼ਵਰ ਨੇ ਨਹੀਂ ਬਣਾਈ ਦੁਨੀਆਂ : ਸਟੀਫ਼ਨ ਹਾਕਿੰਗ



ਦੁਨੀਆਂ ਦੇ ਸਭ ਤੋਂ ਵੱਡੇ ਵਿਗਿਆਨਕਾਂ 'ਚ ਗਿਣੇ ਜਾਣ ਵਾਲੇ ਸਟੀਫ਼ਨ ਹਾਕਿੰਗ ਨੇ ਕਿਹਾ ਹੈ ਕਿ ਇਸ ਦੁਨੀਆਂ ਨੂੰ ਬਣਾਉਣ ਵਾਲਾ ਕੋਈ ਭਗਵਾਨ ਨਹੀਂ ਹੈ। ਇਹ ਦੁਨੀਆਂ ਕੁਦਰਤੀ ਨਿਯਮਾਂ ਦੇ ਮੁਤਾਬਿਕ ਹੋਂਦ 'ਚ ਆਈ। ਉਨ੍ਹਾਂ ਦਾ ਕਹਿਣਾ ਹੈ ਕਿ ਬਿੱਗ ਬੈਂਗ ਗੁਰੂਤਾਆਕਰਸ਼ਣ ਦੇ ਨਿਯਮਾਂ ਦਾ ਹੀ ਨਤੀਜਾ ਹੈ।

ਸਟੀਫ਼ਨ ਹਾਕਿੰਗ ਨੇ 1988 'ਚ ਛਪੀ ਆਪਣੀ ਬਹੁ-ਚਰਚਿਤ ਕਿਤਾਬ 'ਏ ਬ੍ਰੀਫ ਹਿਸਟਰੀ ਆਫ਼ ਟਾਈਮ' 'ਚ ਕਿਹਾ ਸੀ ਕਿ ਈਸ਼ਵਰ ਦੀ ਹੋਂਦ ਵਿਗਿਆਨ ਦੀ ਵਿਰੋਧੀ ਨਹੀਂ ਹੈ। ਦੁਨੀਆਂ ਦੇ ਨਿਰਮਾਣ ਵਿਚ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਕਰਦੇ ਹੋਏ ਉਨ੍ਹਾਂ ਨੇ ਉਸ ਕਿਤਾਬ 'ਚ ਕਿਹਾ ਸੀ, 'ਜੇਕਰ ਅਸੀਂ ਸੰਪੂਰਨ ਥਿਊਰੀ ਦੀ ਖੋਜ ਕਰ ਲਈਏ ਤਾਂ ਇਹ ਮਨੁੱਖੀ ਤਰਕ ਦੀ ਸਭ ਤੋਂ ਵੱਡੀ ਜਿੱਤ ਹੋਵੇਗੀ।'

ਪਰ, ਆਪਣੀ ਨਵੀਂ ਕਿਤਾਬ 'ਦ ਗ੍ਰੈਂਡ ਡਿਜ਼ਾਇਨ' 'ਚ ਉਨ੍ਹਾਂ ਨੇ ਈਸ਼ਵਰ ਦੀ ਭੂਮਿਕਾ ਦੀ ਸੰਭਾਵਨਾ ਨੂੰ ਖਾਰਿਜ ਕਰਦੇ ਹੋਏ ਕਿਹਾ ਹੈ ਕਿ ਬ੍ਰਹਿਮੰਡ ਦਾ ਨਿਰਮਾਣ ਸਿਫ਼ਰ ਤੋਂ ਵੀ ਹੋ ਸਕਦਾ ਹੈ। ਹਾਕਿੰਗ ਦੀ ਇਹ ਨਵੀਂ ਕਿਤਾਬ ਲੰਦਨ ਦੇ 'ਦ ਟਾਈਮਜ਼' 'ਚ ਛਪ ਰਹੀ ਹੈ। ਸਟੀਫ਼ਨ ਹਾਕਿੰਗ ਮੌਜੂਦਾ ਦੌਰ ਦੇ ਸਭ ਤੋਂ ਵੱਡੇ ਵਿਗਿਆਨਕਾਂ 'ਚ ਮੰਨੇ ਜਾਂਦੇ ਹਨ। ਇਕ ਬਿਮਾਰੀ ਨਾਲ ਪੀੜਤ ਹੋਣ ਕਾਰਨ ਹਾਕਿੰਗ ਖੁਦ ਚਲ ਫਿਰ ਜਾਂ ਬੋਲ ਸੁਣ ਵੀ ਨਹੀਂ ਸਕਦੇ। ਫਿਰ ਵੀ, ਆਪਣੀ ਇੱਛਾ ਸ਼ਕਤੀ ਅਤੇ ਸੰਕਲਪ ਦੀ ਬਦੌਲਤ ਉਨ੍ਹਾਂ ਨੇ ਨਾ ਕੇਵਲ ਆਪਣੀ ਪੜ੍ਹਾਈ ਅਤੇ ਰਿਸਰਚ ਜਾਰੀ ਰੱਖੀ ਸਗੋਂ ਵਿਗਿਆਨ ਦੀਆਂ ਸੀਮਾਵਾਂ ਨੂੰ ਵੀ ਵਿਸਥਾਰਤ ਕੀਤਾ।

ਇਸ ਨਵੀਂ ਕਿਤਾਬ 'ਚ ਆਪਣੀ ਪੁਰਾਣੀ ਧਾਰਨਾ ਨਾਲ ਅੱਗੇ ਵਧਦੇ ਹੋਏ ਹਾਕਿੰਗ ਨੇ ਨਿਊਟਨ ਦੇ ਇਸ ਸਿਧਾਂਤ ਨੂੰ ਗਲਤ ਦੱਸਿਆ ਹੈ ਕਿ ਬੇਤਰਤੀਬ ਸਥਿਤੀ 'ਚ ਬ੍ਰਹਿਮੰਡ ਦਾ ਨਿਰਮਾਣ ਨਹੀਂ ਹੋ ਸਕਦਾ। ਆਪਣੇ ਇਸ ਵਿਚਾਰ ਦੀ ਪੁਸ਼ਟੀ ਦੇ ਲਈ ਹਾਕਿੰਗ ਨੇ 1992 'ਚ ਹੋਈ ਇਸ ਖੋਜ ਦਾ ਹਵਾਲਾ ਦਿੱਤਾ ਹੈ, ਜਿਸ 'ਚ ਸਾਡੇ ਸੌਰਮੰਡਲ ਦੇ ਬਾਹਰ ਇਕ ਤਾਰੇ ਦੇ ਆਲੇ ਦੁਆਲੇ ਘੁੰਮਦੇ ਗ੍ਰਹਿ ਦਾ ਪਤਾ ਲੱਗਿਆ ਸੀ। ਹਾਕਿੰਗ ਨੇ ਇਸ ਖੋਜ ਨੂੰ ਬ੍ਰਹਿਮੰਡ ਦੀ ਸਮਝ 'ਚ ਬਦਲਾਅ ਲਿਆਉਣ ਵਾਲਾ ਕ੍ਰਾਂਤੀਕਾਰੀ ਮੋੜ ਦੱਸਿਆ ਹੈ।

**ਮਾਨਵ ਬਸਤੀਆਂ ਬ੍ਰਹਿਮੰਡ 'ਚ ਵਸਣ : ਹਾਕਿੰਗ**

ਹਾਕਿੰਗ ਦਾ ਮੰਨਣਾ ਹੈ ਕਿ ਮਨੁੱਖੀ ਜਾਤੀ ਨੂੰ ਜੇਕਰ ਆਪਣੇ ਆਪ ਨੂੰ ਬਚਾ ਕੇ ਰੱਖਣਾ ਹੈ ਤਾਂ ਉਸ ਨੂੰ ਪ੍ਰਿਥਵੀ ਛੱਡਣੀ ਹੋਵੇਗੀ ਅਤੇ ਬ੍ਰਹਿਮੰਡ 'ਚ ਬਸਤੀਆਂ ਬਣਾਉਣੀਆਂ ਹੋਣਗੀਆਂ, ਹਾਕਿੰਗ ਨੇ ਇਸਦੇ ਲਈ ਕਈ ਨੁਸਖੇ ਦੱਸੇ ਹਨ। ਬ੍ਰਹਿਮੰਡ ਦੀ ਉਤਪਤੀ 'ਤੇ ਆਪਣੇ ਵਿਚਾਰ ਅਤੇ ਸਿਧਾਂਤ ਦੱਸਣ ਤੋਂ ਬਾਅਦ ਹਾਕਿੰਗ ਪ੍ਰਿਥਵੀ ਅਤੇ ਮਨੁੱਖੀ ਪਰੇਸ਼ਾਨੀਆਂ ਵੱਲ ਆਪਣਾ ਧਿਆਨ ਕੇਂਦਰਤ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬ੍ਰਹਿਮੰਡ 'ਚ ਵਸਣਾ ਮਨੁੱਖੀ ਪਰੇਸ਼ਾਨੀਆਂ ਦਾ ਇਕ ਬਹੁਤ ਵੱਡਾ ਉਪਾਅ ਹੈ। ਹਾਕਿੰਗ ਦਾ ਕਹਿਣਾ ਹੈ ਕਿ ਜੇਕਰ ਮਨੁੱਖੀ ਜਾਤੀ ਨੇ ਲੰਬੇ ਸਮੇਂ ਤੱਕ ਹੋਂਦ 'ਚ ਬਣੇ ਰਹਿਣਾ ਹੈ ਤਾਂ ਉਸਨੂੰ ਅਜਿਹੇ ਢੰਗ ਲੱਭਣੇ ਚਾਹੀਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਉਹ ਪ੍ਰਿਥਵੀ ਤੋਂ ਇਲਾਵਾ ਬ੍ਰਹਿਮੰਡ 'ਚ ਵੀ ਆਪਣੀਆਂ ਬਸਤੀਆਂ ਬਣਾ ਸਕੇ। ਹਾਕਿੰਗ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ 'ਚ ਕਈ ਅਜਿਹੀਆਂ ਘਟਨਾਵਾਂ ਹੋਣਗੀਆਂ, ਜਿਸ ਨਾਲ ਮਨੁੱਖ ਜਾਤੀ ਦੀ ਹੋਂਦ ਨੂੰ ਖ਼ਤਰਾ ਹੋ ਸਕਦਾ ਹੈ। ਜਿਸ ਤਰ੍ਹਾਂ 1962 'ਚ ਕਿਊਬਾ ਦੇ ਮਿਜ਼ਾਈਲ ਸੰਕਟ 'ਚ ਹੋਇਆ ਸੀ। ਸ਼ੀਤ ਯੁੱਧ ਦੇ ਦੌਰਾਨ ਕਿਊਬਾ 'ਚ ਮਿਜ਼ਾਈਲਾਂ ਨੂੰ ਲੈ ਕੇ ਰੂਸ ਅਤੇ ਅਮਰੀਕਾ 'ਚ ਤਣਾਅ ਪੈਦਾ ਹੋ ਗਿਆ ਸੀ ਅਤੇ ਪਰਮਾਣੂ ਲੜਾਈ ਹੋਣ ਤੱਕ ਗੱਲ ਪਹੁੰਚ ਗਈ ਸੀ। ਹਾਕਿੰਗ ਅਨੁਸਾਰ ਹੁਣ ਅਸੀਂ ਇਤਿਹਾਸ ਦੇ ਬਹੁਤ ਹੀ ਖ਼ਤਰਨਾਕ ਮੋੜ ਦੇ ਨੇੜੇ ਆ ਗਏ ਹਾਂ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡੀ ਜਨਸੰਖਿਆ ਅਤੇ ਪ੍ਰਿਥਵੀ ਦੇ ਸੀਮਤ ਸਾਧਨਾਂ ਦੀ ਵਰਤੋਂ ਵਧਦੀ ਜਾ ਰਹੀ ਹੈ, ਜੇਕਰ ਅਸੀਂ ਮਨੁੱਖ ਜਾਤੀ ਨੂੰ ਜਿਉਂਦਾ ਰੱਖਣਾ ਹੈ ਤਾਂ ਸਾਨੂੰ ਆਪਣਾ ਭਵਿੱਖ ਬ੍ਰਹਿਮੰਡ 'ਚ ਖੋਜਣਾ ਹੋਵੇਗਾ। ਇਕ ਟੈਲੀਵਿਜ਼ਨ ਪ੍ਰੋਗਰਾਮ 'ਚ ਹਾਕਿਗ ਨੇ ਚਿਤਾਵਨੀ ਦਿੱਤੀ ਸੀ ਕਿ ਮਨੁੱਖ ਜਾਤੀ ਨੂੰ ਹਰ ਹਾਲਤ 'ਚ ਏਲੀਅਨਜ ਯਾਨੀ ਬਹ੍ਰਿਮੰਡ 'ਚ ਅਤੇ ਦੂਸਰੇ ਗ੍ਰਹਿਆਂ 'ਤੇ ਵਸਣ ਵਾਲੇ ਜੀਵਾਂ ਤੋਂ ਬਚਣਾ ਚਾਹੀਦਾ ਹੈ। ਵਿਗਿਆਨਕਾਂ ਦਾ ਕਹਿਣਾ ਹੈ ਕਿ ਦੂਸਰੇ ਗ੍ਰਹਿਆਂ ਤੇ ਵੀ ਜੀਵਨ ਹੈ ਅਤੇ ਉਥੇ ਕੁਝ ਲੋਕ ਵੀ ਰਹਿੰਦੇ ਹਨ। ਪਰ ਵਿਗਿਆਨ ਹੁਣ ਤੱਕ ਇਸ 'ਤੇ ਮੋਹਰ ਨਹੀਂ ਲਾ ਸਕਿਆ ਹੈ। ਸਟੀਫਨ ਹਾਕਿੰਗ ਦਾ ਨਾਮ ਆਈਜਕ ਨਿਊਟਨ ਅਤੇ ਅਲਬਰਟ ਆਈਸਟੀਨ ਦੇ ਬਾਅਦ ਦੁਨੀਆਂ 'ਚ ਸਭ ਤੋਂ ਵੱਡੇ ਵਿਗਿਆਨਕਾਂ 'ਚ ਗਿਣਿਆ ਜਾਂਦਾ ਹੈ।

## ਰੱਬ ਦੀ ਹੋਂਦ ਬਾਰੇ ਆਸਤਿਕ ਅਤੇ ਨਾਸਤਿਕ

# ਵੱਖੋ-ਵੱਖਰੇ ਈਸ਼ਵਰ ਜਾਂ ਖ਼ੁਦਾ

**ਰੱਬ 'ਚ ਯਕੀਨ ਵੀ ਬਾਕੀ ਵਹਿਮਾਂ ਭਰਮਾਂ ਵਾਂਗ ਇਕ ਭਰਮ ਹੈ। ਇਸ ਵਹਿਮ, ਭਰਮ ਦੀ ਤਹਿ ਹੇਠ ਜਾਣ ਲਈ ਆਸਤਿਕ ਅਤੇ ਨਾਸਤਿਕ ਦੇ ਸੁਆਲ ਜੁਆਬ ਸਾਡੀ ਮੱਦਦ ਕਰਨਗੇ।**




ਆਸਤਿਕ - ਕੀ ਤੁਸੀਂ ਈਸ਼ਵਰ ਨੂੰ ਮੰਨਦੇ ਹੋ?

ਨਾਸਤਿਕ - ਮੈਂ ਆਪਣੇ ਸ਼ਹਿਰ ਵਿਚ ਕਈ ਈਸ਼ਵਰਾਂ ਨੂੰ ਜਾਣਦਾ ਹਾਂ ਜਿਵੇਂ ਇਕ ਈਸ਼ਵਰ ਬਜਾਜ ਹੈ, ਇਕ ਈਸ਼ਵਰ ਹਲਵਾਈ ਹੈ, ਇਕ ਈਸ਼ਵਰ ਨਾਈ ਹੈ, ਇਕ ਈਸ਼ਵਰ ਸੁਨਿਆਰ ਹੈ, ਇਕ ਈਸ਼ਵਰ ਮੇਰੇ ਦੋਸਤ ਦਾ ਲੜਕਾ ਹੈ। ਇਨ੍ਹਾਂ ਈਸ਼ਵਰਾਂ ਵਿਚੋਂ ਤੁਹਾਡਾ ਮਤਲਬ ਕਿਸ ਈਸ਼ਵਰ ਤੋਂ ਹੈ?

ਆਸਤਿਕ - ਮੇਰਾ ਮਤਲਬ ਇਨ੍ਹਾਂ ਈਸ਼ਵਰਾਂ ਵਿਚੋਂ ਕਿਸੇ ਈਸ਼ਵਰ ਤੋਂ ਨਹੀਂ ਮੇਰਾ ਮਤਲਬ ਉਸ ਈਸ਼ਵਰ ਤੋਂ ਹੈ ਜੋ ਇਸ ਦੁਨੀਆਂ ਨੂੰ ਪੈਦਾ ਕਰਨ ਵਾਲਾ ਹੈ।

ਨਾਸਤਿਕ - ਅੱਛਾ, ਅੱਛਾ ਤਾਂ ਤੁਹਾਡਾ ਮਤਲਬ ਈਸ਼ਵਰ ਨਾਮੀ ਕਿਸੇ ਸੱਚ ਮੁੱਚ ਦੇ ਮਨੁੱਖ ਤੋਂ ਨਹੀਂ ਹੈ ਪਰ ਕਿਸੇ ਫਰਜ਼ੀ ਵਜੂਦ ਤੋਂ ਹੈ। ਪਰ ਦੁਨੀਆਂ ਦੇ ਫਰਜ਼ੀ ਈਸ਼ਵਰ ਵੀ ਤਾਂ ਬਹੁਤ ਸਾਰੇ ਹਨ। ਤੁਸੀਂ ਇਨ੍ਹਾਂ ਫਰਜ਼ੀ ਈਸ਼ਵਰਾਂ ਵਿਚੋਂ ਕਿਸ ਈਸ਼ਵਰ ਵੱਲ ਇਸ਼ਾਰਾ ਕਰ ਰਹੇ ਹੋ?

ਆਸਤਿਕ - ਦੁਨੀਆਂ ਦਾ ਇਕ ਹੀ ਈਸ਼ਵਰ ਹੈ ਜੀਹਨੇ ਇਹਨੂੰ ਪੈਦਾ ਕੀਤਾ, ਇਸ ਸੰਸਾਰ ਨੂੰ ਬਣਾਇਆ ਅਤੇ ਉਹ ਫਰਜ਼ੀ ਨਹੀਂ ਹੈ।

ਨਾਸਤਿਕ - ਜੇਕਰ ਦੁਨੀਆਂ ਦਾ ਪੈਦਾ ਕਰਨ ਵਾਲਾ ਸੱਚਮੁੱਚ ਦਾ ਕੋਈ ਇੱਕ ਈਸ਼ਵਰ ਜਾਂ ਪੁਰਸ਼ ਹੁੰਦਾ ਤਾਂ ਉਹਦੇ ਵੱਲੋਂ ਆਪ ਉਹਦੀਆਂ ਗੱਲਾਂ, ਗੁਣਾਂ ਆਦਿ ਬਾਰੇ ਦੱਸਿਆ ਹੁੰਦਾ ਅਤੇ ਉਹ ਸਿਰਫ਼ ਇਕ ਹੀ ਤਰ੍ਹਾਂ ਦੇ ਹੁੰਦੇ। ਪਰ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਉਹ ਇਕੋ ਜੇਹੇ ਨਹੀਂ ਹਨ। ਇਹ ਇਸ ਲਈ ਕਿ ਇਹ ਕਿਸੇ ਸੱਚਮੁੱਚ ਦੇ ਈਸ਼ਵਰ ਦੁਆਰਾ ਨਹੀਂ ਦੱਸਿਆ ਗਿਆ ਪਰੰਤੂ ਵੱਖ ਵੱਖ ਲੋਕਾਂ ਦੁਆਰਾ ਕਲਪਿਤ ਅਤੇ ਮਨਘੜਤ ਕੀਤੇ ਹੋਏ ਹਨ ਅਤੇ ਉਨ੍ਹਾਂ ਉਪਰ ਵਿਸ਼ਵਾਸ ਦੇ ਠੱਪੇ ਲਾਏ ਹੋਏ ਹਨ। ਇਹ ਵੀ ਕਿ ਉਨ੍ਹਾਂ ਗਲਤੀ ਨਾਲ ਇਕ ਦੂਜੇ ਦੇ ਫਰਜ਼ੀ ਈਸ਼ਵਰ ਦੇ ਨਾਮ ਨਾਲ ਝੂਠੇ ਵਿਸ਼ਵਾਸ ਰਾਹੀਂ ਨੱਥੀ ਕੀਤੇ ਹੋਏ ਗੁਣਾਂ ਨੂੰ ਆਪ ਕਾਲਪਨਿਕ ਤਰੀਕਿਆਂ ਨਾਲ ਆਪਣੇ ਫਾਇਦੇ ਮੁਤਾਬਕ ਜੋੜਿਆ ਹੁੰਦਾ ਹੈ ਅਤੇ ਆਪਣੇ ਈਸ਼ਵਰ ਨੂੰ ਦੂਜੇ ਦੇ ਈਸ਼ਵਰ ਨਾਲੋਂ ਵਧੀਆ, ਸਹੀ ਰਾਹ ਦਰਸਾਊ ਅਤੇ ਤਾਕਤਵਰ ਦਿਖਾਇਆ ਹੁੰਦਾ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 07763013424

ਆਸਤਿਕ - ਕਿਸ ਤਰ੍ਹਾਂ?

ਨਾਸਤਿਕ - ਮਿਸਾਲ ਦੇ ਤੌਰ ਤੇ ਹਿੰਦੂਆਂ ਦੇ ਕੁੱਝ ਬਜ਼ੁਰਗਾਂ ਨੇ ਇਕ ਐਸੇ ਈਸ਼ਵਰ ਦੀ ਕਲਪਣਾ ਕੀਤੀ ਹੈ ਕਿ ਜੋ ਸਾਡੀ ਜ਼ਮੀਨ ਤੇ ਕਦੀ ਮੱਛਲੀ ਦੇ ਰੂਪ ਵਿਚ, ਕਦੇ ਕੱਛੂ ਦੇ ਰੂਪ ਵਿਚ, ਕਦੇ ਸੂਰ ਦੇ ਰੂਪ ਵਿਚ ਪ੍ਰਗਟ ਹੁੰਦਾ ਰਿਹਾ ਹੈ ਅਤੇ ਕਦੇ ਅੱਧਾ ਮਨੁੱਖ-ਅੱਧੇ ਸ਼ੇਰ ਦੇ ਰੂਪ ਵਿੱਚ ਅਤੇ ਕਦੇ ਮਨੁੱਖ ਦੇ ਰੂਪ ਵਿੱਚ ਫਿਰ ਮਨੁੱਖਾਂ ਦੇ ਰੂਪ ਵਿਚ ਕੁੱਝ ਕਾਲ ਤੱਕ ਜ਼ਿੰਦਾ ਰਹਿ ਕੇ, ਚੱਲ ਫਿਰ ਕੇ ਸੌਂ ਜਾਗ ਕੇ ਮਰ ਗਿਆ। ਇਹ ਵੀ ਨਹੀਂ, ਮਾਨਵ ਰੂਪ ਵਿਚ ਆਪਣੇ ਪਿੱਛੇ ਬੱਚੇ ਵੀ ਛੱਡ ਗਿਆ ਅਤੇ ਕਿਹਾ ਜਾਂਦਾ ਹੈ ਕਿ ਕਲਜੁੱਗ ਵਿਚ ਉਹ ਹੁਣ ਫੇਰ ਜਨਮ ਲੈਣ ਵਾਲਾ ਹੈ। ਉਸ ਈਸ਼ਵਰ ਨੂੰ ਈਸਾਈ, ਮੁਸਲਮਾਨ ਅਤੇ ਕਈ ਹੋਰ ਧਰਮਾਂ ਅਤੇ ਫ਼ਿਰਕਿਆਂ ਦੇ ਲੋਕ ਫਰਜ਼ੀ, ਮਨਘੜਤ ਈਸ਼ਵਰ ਕਹਿੰਦੇ ਹਨ। ਇਸ ਤੋਂ ਬਿਨਾਂ ਹਿੰਦੂਆਂ ਦਾ ਇਕ ਹੋਰ ਜਥਾ ਕਹਿੰਦਾ ਹੈ ਕਿ ਉਪਨਿਸ਼ਦਾਂ ਮੁਤਾਬਕ ਇਹ ਸਾਰਾ ਜਗਤ ਹੀ ਈਸ਼ਵਰ ਹੈ। ਇਸ ਸੰਸਾਰ ਵਿਚ ਜੋ ਕੁੱਝ ਯਾਨਿ ਸੱਪ, ਬਿੱਛੂ, ਪਿੱਸੂ, ਖਟਮਲ, ਸ਼ੇਰ, ਗਿੱਦੜ, ਇਸਤਰੀ, ਪੁਰਸ਼, ਇੱਟਾਂ, ਪੱਥਰ, ਘਾਹ-ਫੂਸ, ਮਲ ਮੂਤਰ, ਗੋਬਰ ਮਿੱਟੀ, ਦਰੱਖਤ ਪੌਦੇ, ਪੰਛੀ, ਮੱਛੀਆਂ ਆਦਿ ਸਭ ਵਿਚ ਈਸ਼ਵਰ ਬਿਰਾਜਮਾਨ ਹੈ। ਇਹ ਸਭ ਕੁੱਝ ਈਸ਼ਵਰ ਜਾਂ ਬ੍ਰਹਮ ਰੂਪ ਹੈ। ਇਸ ਈਸ਼ਵਰ ਨੂੰ ਕਈ ਫ਼ਿਰਕਿਆਂ ਵਾਲੇ ਕਾਲਪਨਿਕ ਈਸ਼ਵਰ ਕਹਿੰਦੇ ਹਨ।

ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਦੇ ਸੰਸਥਾਪਕ ਜਿਸ ਈਸ਼ਵਰ ਨੂੰ ਦੁਨੀਆਂ

ਦਾ ਪੈਦਾ ਕਰਨ ਵਾਲਾ ਦੱਸਦੇ ਹਨ, ਉਹ ਉਹਦਾ ਆਪਣਾ ਹੀ ਮਨਘੜਤ ਅਲੱਗ ਰੂਪ ਪ੍ਰਗਟ ਕਰਦੇ ਹਨ। ਬ੍ਰਹਮੋਂ ਸਮਾਜ ਦੇ ਕਥਨ ਅਨੁਸਾਰ ਉਨ੍ਹਾਂ ਦੇ ਈਸ਼ਵਰ ਨੇ ਨੇਸਤੀ ਤੋਂ ਇਸ ਦੁਨੀਆਂ ਦੀ ਹਸਤੀ ਕਰ ਦਿੱਤੀ ਹੈ ਅਤੇ ਆਰੀਆ ਸਮਾਜੀਆਂ ਮੁਤਾਬਕ ਉਨ੍ਹਾਂ ਦੇ ਈਸ਼ਵਰ ਨੇ ਨੇਸਤੀ ਤੋਂ ਹਸਤੀ ਨਹੀਂ ਕੀਤੀ ਪਰੰਤੂ ਪ੍ਰਕ੍ਰਿਤੀ (ਜੜ) ਅਤੇ ਜੀਵ (ਸ਼ਕਤੀ) ਪਹਿਲਾਂ ਤੋਂ ਵਿਰਾਜਮਾਨ ਸਨ। ਉਨ੍ਹਾਂ ਨੂੰ ਲੈ ਕੇ ਹੀ ਈਸ਼ਵਰ ਨੇ ਦੁਨੀਆਂ, ਸੰਸਾਰ ਦੀ ਰਚਨਾ ਕਰ ਦਿੱਤੀ। ਬ੍ਰਹਮੋਂ ਲੋਕ ਕਹਿੰਦੇ ਹਨ ਕਿ ਉਨ੍ਹਾਂ ਦਾ ਈਸ਼ਵਰ ਉਨ੍ਹਾਂ ਦੇ ਨਾਲ ਹੁਣ ਵੀ ਗੱਲਬਾਤ ਕਰਦਾ ਹੈ ਜਦੋਂ ਕਿ ਆਰੀਆ ਸਮਾਜੀ ਕਹਿੰਦੇ ਹਨ ਕਿ ਅੱਜ ਤੋਂ ਲਗਭਗ ਦੋ ਅਰਬ ਸਾਲ ਈਸ਼ਵਰ ਨੇ ਸਿਰਫ਼ ਚਾਰ ਰਿਸ਼ੀਆਂ ਨੂੰ ਬਹੁਤ ਸਾਰੇ ਮੰਤਰ ਸਿਖਾਏ ਸਨ। ਇਸ ਤੋਂ ਬਾਅਦ ਉਹ ਬਿਲਕੁਲ ਚੁੱਪ ਹਨ। ਮਜ਼ੇਦਾਰ ਗੱਲ ਇਹ ਹੈ ਕਿ ਇਨ੍ਹਾਂ ਆਰੀਆ ਸਮਾਜੀਆਂ 'ਚੋਂ ਕੁਝ ਕਹਿੰਦੇ ਹਨ ਕਿ ਉਨ੍ਹਾਂ ਦਾ ਈਸ਼ਵਰ ਮਾਸ ਖਾਣ ਨੂੰ ਪਾਪ ਕਹਿੰਦਾ ਹੈ ਅਤੇ ਕੁੱਝ ਕਹਿੰਦੇ ਹਨ ਕਿ ਮਾਸ ਖਾਣਾ ਠੀਕ ਹੈ। ਇਹ ਵੀ ਕਿ ਜੇਕਰ ਕਿਸੇ ਔਰਤ ਦਾ ਪਤੀ ਕੋਲ ਨਾ ਹੋਵੇ ਤਾਂ ਇਕ ਸਮੇਂ ਤੋਂ ਬਾਅਦ ਉਹ ਜੇਕਰ ਕਿਸੇ ਆਦਮੀ ਨਾਲ ਸਬੰਧ ਬਣਾ ਕੇ ਬੱਚੇ ਪੈਦਾ ਕਰ ਲਵੇ ਤਾਂ ਇਹਦੇ ਵਿਚ ਈਸ਼ਵਰ ਦੀ ਖੁਸ਼ੀ ਹੈ ਪਰ ਕਈ ਹੋਰ ਲੱਖਾਂ ਕਰੋੜਾਂ ਲੋਕ ਐਸੇ ਹਨ ਇਸ ਦੁਨੀਆਂ ਵਿਚ ਜੋ ਇਸ ਗੱਲ ਨੂੰ ਮਹਾਂਪਾਪ ਕਹਿੰਦੇ ਹਨ।

ਈਸਾਈ ਲੋਕ ਆਪਣੀ ਅਲੱਗ ਕਹਾਣੀ ਸੁਣਾਉਂਦੇ ਹਨ। ਉਹ ਕਹਿੰਦੇ ਹਨ ਕਿ ਈਸ਼ਵਰ ਨੇ ਇੱਕ ਵਾਰ ਅਤੇ ਕੇਵਲ ਇਕ ਵਾਰ ਹੀ ਈਸਾ ਦੇ ਰੂਪ ਵਿਚ ਅਵਤਾਰ ਲਿਆ ਹੈ ਅਤੇ ਉਸ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਫੇਰ ਕਦੇ ਨਹੀਂ ਲਿਆ। ਉਨ੍ਹਾਂ ਦਾ ਇਕ ਮਸ਼ਹੂਰ ਅਤੇ ਪੁਰਾਣਾ ਮਜ਼ਹਬ ਈਸਾ ਦੀ ਮਾਂ ਨੂੰ "ਈਸ਼ਵਰ ਦੀ ਮਾਂ" 'ਚ ਯਕੀਨ ਕਰਦਾ ਹੈ। ਉਸ ਮਜ਼ਹਬ ਨੂੰ ਮੰਨਣ ਵਾਲੇ ਉਹਦੀ ਪੂਜਾ ਵੀ ਕਰਦੇ ਹਨ ਅਤੇ ਕਹਿੰਦੇ ਹਨ ਕਿ ਮਸੀਹ ਦੀ ਮਾਂ ਦਾ ਗਰਭ ਈਸ਼ਵਰ ਤੋਂ ਹੀ ਹੋਇਆ ਸੀ ਅਤੇ ਇਸ ਵਿਚ ਕਿਸੇ ਪੁਰਸ਼ ਦਾ ਕੋਈ ਦਖਲ ਨਹੀਂ ਸੀ। ਇਹ ਵੀ ਕਿ ਜੋ ਨਾਰੀ ਪੁਰਸ਼ ਈਸਾ ਮਸੀਹ 'ਚ ਮੁਕਤੀ ਦਾਤੇ ਵਜੋਂ ਵਿਸ਼ਵਾਸ ਕਰੇਗਾ, ਉਹ ਮਰਨ ਤੋਂ ਬਾਅਦ, ਨਿਆਂ ਦੇ ਦਿਨ ਆਉਣ ਤੇ ਸਦਾ ਲਈ ਸਵਰਗ ਵਿਚ ਭੇਜ ਦਿੱਤਾ ਜਾਵੇਗਾ। ਬਾਕੀ ਦੇ ਸਭ ਨਰਕ ਦੀ ਅੱਗ ਵਿਚ ਸਿੱਟੇ ਜਾਣਗੇ ਅਤੇ ਉਨ੍ਹਾਂ ਨੂੰ ਦਯਾਵਾਨ ਈਸ਼ਵਰ ਵੱਲੋਂ ਕਿਸੇ ਤਰ੍ਹਾਂ ਦਾ ਵੀ ਅਰਾਮ ਨਹੀਂ ਦਿੱਤਾ ਜਾਵੇਗਾ। ਉਥੇ ਉਨ੍ਹਾਂ ਦਾ ਕੰਮ ਸਿਰਫ਼ ਦੰਦ ਪੀਹਣਾ ਅਤੇ ਰੋਣਾ ਪਿੱਟਣਾ ਹੋਵੇਗਾ। ਉਹ ਜਿੰਨਾ ਦੁੱਖ ਪਾਉਣਗੇ, ਉਨ੍ਹਾਂ ਹੀ ਈਸ਼ਵਰ ਦਾ ਪਵਿੱਤਰ ਅਤੇ ਦਿਆਲੂ ਦਿਲ ਠੰਡਾ ਹੋਵੇਗਾ। ਉਹ ਇਹ ਵੀ ਕਹਿੰਦੇ ਹਨ ਕਿ ਅੰਜੀਲ (ਬਾਈਬਲ) ਵਿਚ ਸਭ ਕਿਤਾਬਾਂ ਸ਼ਾਮਲ ਹਨ ਅਤੇ ਉਹ ਈਸ਼ਵਰ ਦੀ ਬਾਣੀ ਹੈ ਅਤੇ ਬਾਈਬਲ ਤੋਂ ਇਲਾਵਾ ਜਿੰਨੀਆਂ ਕਿਤਾਬਾਂ ਦੁਨੀਆਂ ਵਿਚ ਹਨ ਉਹ ਸਭ ਮਨੁੱਖਾਂ ਦੀ ਬਾਣੀ ਹੈ।

ਮੁਸਲਮਾਨਾਂ ਦੀ ਆਪਣੀ ਅਲੱਗ ਕਹਾਣੀ ਹੈ। ਉਹ ਕੁਰਾਨ ਦੀ ਪੁਸਤਕ ਨੂੰ ਆਖਰੀ ਕਲਾਮ (ਅੰਤਿਮ ਬਾਣੀ) ਦੱਸਦੇ ਹਨ। ਉਹ ਕਹਿੰਦੇ ਹਨ ਕਿ ਈਸ਼ਵਰ ਦਾ ਕੋਈ ਮਾਂ ਬਾਪ ਨਹੀਂ ਹੈ ਅਤੇ ਉਹਨੇ ਕਦੀ ਕੋਈ ਅਵਤਾਰ ਨਹੀਂ ਲਿਆ। ਉਹਨੇ ਕੀ ਆਪਣੇ ਬਾਰੇ ਅਤੇ ਮਨੁੱਖਾਂ ਬਾਰੇ ਜੋ ਕੁੱਝ ਕਹਿਣਾ ਸੀ ਉਹ ਸਭ ਉਹਨੇ ਜ਼ਬਰਾਈਲ ਫਰਿਸ਼ਤੇ ਰਾਹੀਂ ਮੁਹੰਮਦ ਸਾਹਿਬ ਨੂੰ ਕਹਿ ਦਿੱਤਾ ਹੈ ਜੋ ਉਸ ਵੱਲੋਂ ਆਖਰੀ ਪੈਗੰਬਰ ਸਨ ਅਤੇ ਉਹ ਸਾਰੀ ਦੀ ਸਾਰੀ ਬਾਣੀ ਕੁਰਾਨ ਵਿਚ ਹੈ - ਜਿਸਦੀ ਇਕ ਬਹੁਤ ਸੁੰਦਰ ਜਿਲਦ ਸਦਾ ਈਸ਼ਵਰ ਕੋਲ ਰਹਿੰਦੀ ਹੈ। ਜਦੋਂ ਕਿ ਅਹਿਮਦੀ ਸਾਹਿਬਾਨ ਕਹਿੰਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਖੁਦਾ ਦੇ ਆਖਰੀ ਪੈਗੰਬਰ ਨਹੀਂ ਸਨ ਸਗੋਂ ਖੁਦਾ ਇਸ ਕਾਲ ਵਿਚ ਵੀ ਉਨ੍ਹਾਂ ਦੇ ਹਾਜੀ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਨਾਲ ਗੱਲਬਾਤ ਕਰਦਾ ਰਿਹਾ ਹੈ ਅਤੇ ਇੱਕ ਜਾਂ ਦੂਸਰੀ ਆਉਣ ਵਾਲੀ ਦੁਰਘਟਨਾ ਬਾਰੇ ਉਨ੍ਹਾਂ ਨੂੰ ਪਤਾ ਦਿੰਦਾ ਰਿਹਾ ਹੈ। ਮੁਸਲਮਾਨ ਕਹਿੰਦੇ ਹਨ ਕਿ ਖੁਦਾ ਨੇ ਸਾਨੂੰ ਗਾਉਣ ਅਤੇ ਵਜਾਉਣ ਦੇ ਜ਼ਰੀਏ ਪੂਜਾ ਕਰਨਾ ਮਨਾ ਕੀਤਾ ਹੋਇਆ ਹੈ ਪਰੰਤੂ ਬ੍ਰਹਮੋਂ, ਆਰੀਆ, ਹਿੰਦੂ ਅਤੇ ਸਿੱਖ ਕਹਿੰਦੇ ਹਨ ਕਿ ਉਸ ਨੇ ਸਾਨੂੰ ਗਾ ਬਜਾ ਕੇ ਪੂਜਾ ਕਰਨ ਤੋਂ ਮਨ੍ਹਾ ਨਹੀਂ ਕੀਤਾ।

ਈਸਾਈ ਕਹਿੰਦੇ ਹਨ ਕਿ ਉਨ੍ਹਾਂ ਦੇ ਈਸ਼ਵਰ ਨੇ ਉਨ੍ਹਾਂ ਨੂੰ ਇਕ ਪਤਨੀ ਦੇ ਜਿਉਂਦੇ ਜੀਅ, ਦੂਸਰਾ ਵਿਆਹ ਕਰਨਾ ਮਨ੍ਹਾਂ ਕੀਤਾ ਹੋਇਆ ਹੈ। ਪਰ ਮੁਸਲਮਾਨ ਕਹਿੰਦੇ ਹਨ ਕਿ ਈਸ਼ਵਰ ਨੇ ਇਕ ਬੀਵੀ ਦੇ ਜਿਉਂਦੇ ਜੀਅ, ਚਾਰ ਨਿਕਾਹ ਕਰਨੇ ਉਚਿੱਤ ਦੱਸਿਆ ਹੋਇਆ ਹੈ। ਮੁਸਲਮਾਨ ਕਹਿੰਦੇ ਹਨ ਕਿ ਸਾਡੇ ਅੱਲ੍ਹਾ ਨੇ ਹੋਰ ਤਾਂ ਸਭ ਤਰ੍ਹਾਂ ਦੇ ਪਸ਼ੂਆਂ ਨੂੰ ਮਾਰ ਕੇ ਉਨ੍ਹਾਂ ਮਾਸ ਖਾਣਾ ਉਚਿੱਤ ਦੱਸਿਆ ਹੋਇਆ ਹੈ ਪਰ ਸੂਰ ਦਾ ਮਾਸ ਖਾਣਾ ਮਨ੍ਹਾਂ ਕੀਤਾ ਹੋਇਆ ਹੈ। ਇਸਾਈ ਅਤੇ ਸਿੱਖ ਕਹਿੰਦੇ ਹਨ ਕਿ ਸਾਨੂੰ ਈਸ਼ਵਰ (ਵਾਹਿਗੁਰੂ) ਨੇ ਸੂਰ ਖਾਣ ਤੇ ਕੋਈ ਪਾਬੰਦੀ ਨਹੀਂ ਲਾਈ ਹੋਈ। ਇਸ ਤਰ੍ਹਾਂ ਦੀਆਂ ਸੈਂਕੜੇ ਹੋਰ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੇ ਅਨੁਸਾਰ ਇਕ ਮਜ਼ਹਬ ਦਾ ਈਸ਼ਵਰ ਦੂਸਰੇ ਮਜ਼ਹਬ ਦੇ ਈਸ਼ਵਰ ਦੇ ਬਿਲਕੁਲ ਹੀ ਉਲਟ ਸਿੱਖਿਆ ਦਿੰਦਾ ਹੈ। ਜੇਕਰ ਇਹ ਬਹੁਤ ਸਾਰੇ ਈਸ਼ਵਰ ਨਾ ਹੁੰਦੇ ਤਾਂ ਉਨ੍ਹਾਂ ਦੀ ਆਪਸ ਵਿਚ ਇਸ ਤਰ੍ਹਾਂ ਦੀ ਵਿਰੋਧੀ ਸਿੱਖਿਆ ਕਿਉਂ ਹੁੰਦੀ ਜਦੋਂ ਕਿ ਉਹਨੂੰ ਸਰਵਗਿਆਨੀ ਅਤੇ ਸੋਲਾ ਕਲਾ ਸੰਪੂਰਨ ਕਿਹਾ ਜਾਂਦਾ ਹੈ। ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਫਰਜ਼ੀ ਈਸ਼ਵਰ ਵੀ ਇੱਕ ਨਹੀਂ ਸਗੋਂ ਬਹੁਤ ਸਾਰੇ ਹਨ ਅਤੇ ਵੱਖਰੇ-ਵੱਖਰੇ ਹਨ। ਵੱਖ ਵੱਖ ਸਮੇਂ ਵੱਖ-ਵੱਖ ਲੋਕਾਂ ਵੱਲੋਂ ਵੱਖ-ਵੱਖ ਈਸ਼ਵਰ ਪੈਦਾ ਕੀਤੇ ਗਏ ਹਨ। ਅਸਲ ਵਿਚ ਸੱਚਮੁੱਚ ਦਾ ਕੋਈ ਐਸਾ ਈਸ਼ਵਰ ਨਹੀਂ ਹੈ ਜੋ ਕਿ ਸਾਰੀ ਦੁਨੀਆਂ ਦਾ ਇਕੋ ਹੀ ਹੋਵੇ ਅਤੇ ਜੇਹਨੂੰ ਕਿਹਾ ਜਾ ਸਕੇ ਕਿ ਉਹਨੇ ਮਨੁੱਖ ਅਤੇ ਹੋਰ ਜੀਵਾਂ ਨੂੰ ਪੈਦਾ ਕੀਤਾ ਸੀ। ਸਗੋਂ ਸੱਚ ਤਾਂ ਇਹ ਹੈ ਕਿ ਇਹ ਮਨੁੱਖ ਹੀ ਹੈ ਜੇਹਨੇ ਈਸ਼ਵਰ ਨੂੰ ਪੈਦਾ ਕੀਤਾ ਹੈ ਅਤੇ ਅਲੱਗ-ਅਲੱਗ ਮਨੁੱਖਾਂ ਨੇ ਆਪਣੇ ਆਪਣੇ ਹਾਲਾਤ ਮੁਤਾਬਕ ਵੱਖਰੇ ਵੱਖਰੇ ਫਰਜ਼ੀ ਈਸ਼ਵਰ ਵੀ ਇੱਕ ਨਹੀਂ ਸਗੋਂ ਬਹੁਤ ਸਾਰੇ ਹਨ ਅਤੇ ਵੱਖਰੇ ਵੱਖਰੇ ਹਨ। ਵੱਖ ਵੱਖ ਸਮੇਂ ਵੱਖ ਵੱਖ ਲੋਕਾਂ ਵੱਲੋਂ ਵੱਖ ਵੱਖ ਈਸ਼ਵਰ ਪੈਦਾ ਕੀਤੇ ਗਏ ਹਨ। ਅਸਲ ਵਿਚ ਸੱਚਮੁੱਚ ਦਾ ਕੋਈ ਐਸਾ ਈਸ਼ਵਰ ਨਹੀਂ ਹੈ ਜੋ ਕਿ ਸਾਰੀ ਦੁਨੀਆਂ ਦਾ ਇਕੋ ਹੀ ਹੋਵੇ ਅਤੇ ਜੇਹਨੂੰ ਕਿਹਾ ਜਾ ਸਕੇ ਕਿ ਉਹਨੇ ਮਨੁੱਖ ਅਤੇ ਹੋਰ ਜੀਵਾਂ ਨੂੰ ਪੈਦਾ ਕੀਤਾ ਸੀ। ਸਗੋਂ ਸੱਚ ਤਾਂ ਇਹ ਹੈ ਕਿ ਉਹ ਮਨੁੱਖ ਹੀ ਹੈ ਜੇਹਨੇ ਈਸ਼ਵਰ ਨੂੰ ਪੈਦਾ ਕੀਤਾ ਹੈ ਅਤੇ ਅਲੱਗ ਅਲੱਗ ਮਨੁੱਖਾਂ ਨੇ ਆਪਣੇ ਆਪਣੇ ਹਾਲਾਤ ਮੁਤਾਬਕ ਵੱਖਰੇ ਵੱਖਰੇ ਫਰਜ਼ੀ ਈਸ਼ਵਰ ਰਚੇ ਜਾਂ ਪੈਦਾ ਕੀਤੇ ਹਨ।

ਮੈਂ ਸੱਚ ਦਾ ਪੈਰੋਕਾਰ ਹਾਂ ਅਤੇ ਵਿਗਿਆਨਕ ਸੋਚ ਨੂੰ ਆਪਣੀ ਜੀਵਨਸ਼ੈਲੀ ਵਿਚ ਢਾਲਿਆ ਹੋਇਆ ਹੈ ਅਤੇ ਇਸੇ ਕਰਕੇ ਮੈਂ ਮਨੁੱਖਾਂ ਦੁਆਰਾ ਘੜੇ ਜਾਂ ਪੈਦਾ ਕੀਤੇ ਹੋਏ ਕਲਪਿਤ ਅਤੇ ਫਰਜ਼ੀ ਈਸ਼ਵਰਾਂ ਨੂੰ ਕੇਵਲ ਕਲਪਿਤ ਮਨਘੜਤ ਅਤੇ ਫਰਜ਼ੀ ਹੀ ਮੰਨਦਾ ਹਾਂ, ਸੱਚ ਨਹੀਂ ਮੰਨਦਾ ਅਤੇ ਨਾ ਹੀ ਕਿਸੇ ਦੇ ਡਰ ਨਾਲ ਕਿਸੇ ਹੋਰ ਤੇ ਉਹਨੂੰ ਮੜ੍ਹਦਾ ਹਾਂ। ਜੇਕਰ ਵਿਗਿਆਨ ਦੀ ਕਸਵੱਟੀ ਤੇ ਕੋਈ ਮੈਨੂੰ ਈਸ਼ਵਰ ਦਾ ਸਬੂਤ ਦੇ ਦੇਵੇ ਤਾਂ ਮੈਂ ਉਹਨੂੰ ਮੰਨਣ ਲਈ ਤਿਆਰ ਹਾਂ ਪਰ ਅਜੇ ਤੱਕ ਈਸ਼ਵਰ ਦਾ ਵਜੂਦ ਤਰਕਸ਼ੀਲਤਾ ਦੇ ਆਧਾਰ ਤੇ ਸਾਹਮਣੇ ਆ ਨਹੀਂ ਸਕਿਆ।

# ਹਵਾਈ ਹਾਦਸਿਆਂ ਦਾ ਡਾਟਾ ਰਿਕਾਰਡਰ 'ਬਲੈਕ ਬਾਕਸ' ਬਲੈਕ ਨਹੀਂ ਲਾਲ ਰੰਗ ਦਾ ਹੁੰਦਾ ਹੈ



ਮੇਰਾ ਬੇਟਾ ਰੌਬਿਨ ਸਿੰਘ ਪੰਜਵੀਂ ਜਮਾਤ ਦਾ ਵਿਦਿਆਰਥੀ ਹੈ। ਉਹ ਹਮੇਸ਼ਾ ਹੀ ਮੇਰੇ ਨਾਲ ਬ੍ਰਹਿਮੰਡ ਵਿਚ ਵਾਪਰਦੀਆਂ ਖਗੋਲੀ ਘਟਨਾਵਾਂ ਬਾਰੇ ਵਿਚਾਰ ਚਰਚਾ ਕਰਦਾ ਰਹਿੰਦਾ ਹੈ। ਆਪਣੇ ਸਕੂਲੀ ਸਲੇਬਸ ਤੋਂ ਬਾਹਰ ਅਤੇ ਆਪਣੀ ਉਮਰ ਤੋਂ ਵੱਡੇ ਸਵਾਲ ਪੁੱਛਣੇ ਉਸਦੇ ਸੁਭਾਅ ਵਿੱਚ ਸ਼ਾਮਿਲ ਹਨ। ਟੁੱਟਦੇ ਤਾਰੇ, ਧੂਮਕੇਤੂ, ਅਕਾਸ਼ ਗੰਗਾ ਆਦਿ ਬਾਰੇ ਅਨੇਕਾਂ ਸਵਾਲ ਉਹ ਮੇਰੇ ਕੋਲੋਂ ਪੁੱਛ ਚੁੱਕਿਆ ਹੈ। ਜਿਨ੍ਹਾਂ ਸਵਾਲਾਂ ਦੇ ਜਵਾਬ ਮੈਂ ਦੇ ਸਕਦਾ ਹਾਂ ਦੇ ਦਿੰਦਾ ਹਾਂ, ਬਾਕੀ ਉਸ ਨੂੰ ਆਖ ਦਿੰਦਾ ਹਾਂ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਮੈਂ ਬਾਅਦ ਵਿੱਚ ਦੇਵਾਂਗਾ। ਪਿਛੇ ਜਿਹੇ 2012 ਵਿੱਚ ਆਉਣ ਵਾਲੇ ਸੋਲਰ ਤੂਫਾਨ ਬਾਰੇ ਵੀ ਉਸ ਨੇ ਸਵਾਲ ਕੀਤੇ। ਉਨ੍ਹਾਂ 'ਚੋਂ ਮੈਂ ਆਪਣੀ ਬੁੱਧੀ ਮੁਤਾਬਕ ਕੁਝ ਸਵਾਲਾਂ ਦਾ ਉੱਤਰ ਦੇ ਕੇ ਉਸ ਦੀ ਸੰਤੁਸ਼ਟੀ ਕਰਾਉਣ ਦੀ ਕੋਸ਼ਿਸ਼ ਕੀਤੀ। ਇੱਕ ਦਿਨ ਅਚਾਨਕ ਹੀ ਉਸ ਨੇ ਮੇਰੇ ਸਾਹਮਣੇ ਸਵਾਲ ਖੜ੍ਹਾ ਕਰ ਦਿੱਤਾ ਕਿ ਡੈਡੀ ਜਿਹੜਾ ਜਵਾਈ ਜਹਾਜ਼ਾਂ ਵਿੱਚ ਦੁਰਘਟਨਾਵਾਂ ਦੀ ਜਾਣਕਾਰੀ ਦਿੰਦਾ ਹੈ। ਜਿਸਨੂੰ 'ਬਲੈਕ ਬਾਕਸ' ਕਿਹਾ ਜਾਂਦਾ ਹੈ ਉਸ ਦਾ ਅਸਲ ਰੰਗ ਲਾਲ ਹੁੰਦਾ ਹੈ ਤਾਂ ਫਿਰ ਉਸ ਨੂੰ 'ਬਲੈਕ ਬਾਕਸ' ਕਿਉਂ ਕਿਹਾ ਜਾਂਦਾ ਹੈ। ਹੁਣ ਇਸ ਦਾ ਜਵਾਬ ਮੇਰੇ ਕੋਲ ਨਹੀਂ ਸੀ। ਮੈਂ ਉਸ ਨੂੰ ਪੁੱਛਿਆ ਕਿ ਤੈਨੂੰ ਕਿਵੇਂ ਪਤਾ ਕਿ 'ਬਲੈਕ ਬਾਕਸ' ਲਾਲ ਰੰਗ ਦਾ ਹੁੰਦਾ ਹੈ। ਉਸ ਨੇ ਕਿਹਾ ਕਿ ਮੈਂ ਇੱਕ ਜਗ੍ਹਾ ਇਹ ਪੜ੍ਹਿਆ ਹੈ ਕਿ ਹਵਾਈ ਜਹਾਜ਼ਾਂ ਵਿੱਚ 'ਬਲੈਕ ਬਾਕਸ' ਦਾ ਰੰਗ ਲਾਲ ਹੁੰਦਾ ਹੈ। ਇਸ 'ਤੇ ਮੈਂ ਉਸ ਨੂੰ ਕਿਹਾ ਕਿ ਮੈਨੂੰ ਇਸ ਦੀ ਜਾਣਕਾਰੀ ਲੈ ਲੈਣ ਦੇ ਫਿਰ ਮੈਂ ਤੈਨੂੰ ਉੱਤਰ ਦੇਵਾਂਗਾ। ਹੁਣ ਮੈਂ ਜਿੰਨੀ ਕੁ ਜਾਣਕਾਰੀ 'ਬਲੈਕ ਬਾਕਸ' ਬਾਰੇ ਪ੍ਰਾਪਤ ਕਰ ਸਕਿਆ ਹਾਂ ਆਪਣੇ ਬੇਟੇ ਦੇ ਨਾਲ-ਨਾਲ ਵਿਗਿਆਨ ਜੋਤ ਦੇ ਪਾਠਕਾਂ ਨਾਲ ਵੀ ਸਾਂਝੀ ਕਰਨੀ ਚਾਹੁੰਦਾ ਹਾਂ।

ਸਾਲ 1953-54 ਵਿਚ ਹਵਾਈ ਹਾਦਸਿਆਂ ਦੀ ਲੜੀ ਦੇ ਬਾਅਦ ਮਹਿਸੂਸ ਕੀਤਾ ਗਿਆ ਕਿ ਹਵਾਈ ਜਹਾਜ਼ ਵਿਚ ਅਜਿਹਾ ਡਾਟਾ ਰਿਕਾਰਡਰ ਹੋਣਾ ਚਾਹੀਦਾ ਹੈ, ਜੋ ਹਾਦਸੇ ਦੇ ਕਾਰਨਾ ਦੀ ਜਾਣਕਾਰੀ ਦੇ ਸਕਦਾ ਹੋਵੇ, ਕਿਉਂਕਿ ਹਵਾਈ ਹਾਦਸਿਆਂ ਦੇ ਜੀਵਤ ਗਵਾਹ ਤਕਰੀਬਨ ਨਾ ਦੇ ਬਰਾਬਰ ਹੁੰਦੇ ਹਨ। ਬਲੈਕ ਬਾਕਸ ਦਾ ਪਹਿਲਾ ਮਾਡਲ 1954 ਵਿਚ ਹਵਾਈ ਜਹਾਜ਼ 'ਚ ਲਗਾਇਆ




ਗਿਆ। ਸ਼ੁਰੂ-ਸ਼ੁਰੂ ਵਿਚ ਇਸ ਨੂੰ 'ਰੈੱਡ ਐਗ' ਦੇ ਨਾਂ ਨਾਲ ਜਾਣਿਆ ਜਾਂਦਾ ਰਿਹਾ ਹੈ। ਜਿਹੜਾ ਕਿ ਰੰਗ ਦੇ ਲਿਹਾਜ਼ ਨਾਲ ਇਸ ਦਾ ਜ਼ਿਆਦਾ ਸਟੀਕ ਨਾਂ ਸੀ। ਸਮੇਂ ਸਮੇਂ 'ਤੇ ਇਸ ਦੀ ਬਨਾਵਟ ਵਿੱਚ ਅਨੇਕਾਂ ਬਦਲਾ ਆਉਂਦੇ ਰਹੇ ਨੇ। ਬਲੈਕ ਬਾਕਸ ਦੇ ਸ਼ੁਰੂਆਤੀ ਮਾਡਲਾਂ ਵਿਚ ਇਸ ਦੀ ਅੰਦਰਲੀ ਦੀਵਾਰ ਨੂੰ ਕਾਲਾ ਰੱਖਿਆ ਜਾਂਦਾ ਸੀ। ਇਹ ਫੋਟੋ ਫ਼ਿਲਮ ਅਧਾਰਿਤ ਡਾਟਾ ਰਿਕਾਰਡਰ ਸੀ ਅਤੇ ਅੰਦਰਲਾ ਕਾਲਾ ਰੰਗ ਕਿਸੇ ਡਾਰਕ ਰੂਮ ਦੀ ਤਰ੍ਹਾਂ ਕੰਮ ਕਰਦਾ ਸੀ। ਸ਼ਾਇਦ ਇੱਥੋਂ ਹੀ ਇਸ ਦਾ ਨਾਂ 'ਬਲੈਕ ਬਾਕਸ' ਪਿਆ ਹੋਵੇ।

ਕਿਸੇ ਵੀ ਹਵਾਈ ਹਾਦਸੇ ਦੇ ਬਾਅਦ, ਹਾਦਸੇ ਦੌਰਾਨ ਜਿਉਂਦੇ ਬਚੇ ਲੋਕਾਂ ਨੂੰ ਘਟਨਾਗ੍ਰਸਤ ਜਗ੍ਹਾ ਤੋਂ ਕੱਢਣ ਦੇ ਬਾਅਦ ਸਭ ਤੋਂ ਮਹੱਤਵਪੂਰਨ ਕੰਮ ਹੁੰਦਾ ਹੈ ਬਲੈਕ ਬਾਕਸ ਦੀ ਖੋਜ ਕਰਨੀ। ਬਲੈਕ ਬਾਕਸ ਇੱਕ ਅਜਿਹਾ ਫਲਾਈਟ ਡਾਟਾ ਰਿਕਾਰਡਰ ਹੈ ਜਿਸ ਦੇ ਜ਼ਰੀਏ ਹਾਦਸੇ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਸਕਦੀ ਹੈ। ਮੁੱਖ ਗੱਲ ਤਾਂ ਇਹ ਹੈ ਕਿ 'ਬਲੈਕ ਬਾਕਸ' ਕਦੇ ਵੀ ਬਲੈਕ ਰੰਗ ਦਾ ਨਹੀਂ ਹੁੰਦਾ ਬਲਕਿ ਇਸ ਦਾ ਰੰਗ ਲਾਲ ਜਾਂ ਗੂੜ੍ਹਾ ਨਾਰੰਗੀ ਹੁੰਦਾ ਹੈ। ਇਸ ਵਿੱਚ ਗੱਲਬਾਤ ਰੇਡੀਓ ਸੰਵਾਦ ਅਤੇ ਅੰਦਰਲੀਆਂ ਧੁਨੀਆਂ ਰਿਕਾਰਡ ਹੁੰਦੀਆਂ ਹਨ। ਜਿਸ ਨਾਲ ਦੁਰਘਟਨਾ ਹੋਣ ਦੇ ਹਰ ਇੱਕ ਪਹਿਲੂ ਨੂੰ ਜਾਣਿਆ ਜਾ ਸਕਦਾ ਹੈ। ਇਸ ਲਈ ਜਹਾਜ਼ ਦੁਰਘਟਨਾਗ੍ਰਸਤ ਬੇਸ਼ੱਕ ਡੂੰਘੇ ਸਮੁੰਦਰ ਵਿਚ ਹੀ ਹੋਇਆ ਹੋਵੇ ਤਾਂ ਵੀ 'ਬਲੈਕ ਬਾਕਸ' ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਰਹਿੰਦੀਆਂ ਹਨ। ਇੱਕ ਹੋਰ ਗੱਲ 'ਬਲੈਕ ਬਾਕਸ' ਨੂੰ ਲੱਭਣ ਲਈ ਉਸ ਵਿਚੋਂ ਨਿਕਲਣ ਵਾਲੀਆਂ ਇੱਕ ਖਾਸ ਤਰ੍ਹਾਂ ਦੀਆਂ ਪ੍ਰਕਾਸ਼ ਤਰੰਗਾਂ ਅਸਾਨ ਬਣਾਉਂਦੀਆਂ ਹਨ ਜੋ 30 ਦਿਨਾਂ ਤੱਕ ਨਿਕਲਦੀਆਂ ਰਹਿ ਸਕਦੀਆਂ ਹਨ।

ਬਲੈਕ ਬਾਕਸ 270 ਨਾਟਸ ਤੱਕ ਦੇ ਆਯਾਤ ਵੇਗ ਅਤੇ ਬਹੁਤ ਜ਼ਿਆਦਾ ਤਾਪਮਾਨ ਨੂੰ ਝੱਲ ਸਕਦਾ ਹੈ। ਹਮੇਸ਼ਾ ਹੀ ਬਲੈਕ ਬਾਕਸ ਨੂੰ ਜਹਾਜ਼ ਦੇ ਪਿਛਲੇ ਹਿੱਸੇ ਵਿੱਚ ਰੱਖਿਆ ਜਾਂਦਾ ਹੈ ਕਿਉਂਕਿ ਅਗਲੇ ਹਿੱਸੇ ਨੂੰ 'ਕ੍ਰਸ਼ ਜੋਨ' ਮੰਨਿਆ ਜਾਂਦਾ ਹੈ। ਬਲੈਕ ਬਾਕਸ ਦੀ ਮਜ਼ਬੂਤ ਬਾਡੀ ਸਟੀਲ ਜਾਂ ਟਾਇਟੇਨੀਅਮ ਦੀ ਬਣੀ ਹੁੰਦੀ ਹੈ ਅਤੇ ਇਹ ਅੰਦਰੋਂ ਪੂਰੀ ਤਰ੍ਹਾਂ ਤਾਪਰੋਧੀ ਹੁੰਦੀ ਹੈ।

*- ਜਗਮੋਹਣ 94644-30090*

## ਜ਼ਰੂਰੀ ਨੋਟ

***ਜੇ ਕਿਸੇ ਸਾਥੀ ਨੂੰ 'ਵਿਗਿਆਨ ਜੋਤ' ਸਮੇਂ ਸਿਰ ਨਹੀਂ ਮਿਲਦਾ ਤਾਂ ਉਹ ਇਸਦੀ ਸ਼ਕਾਇਤ ਸਵੇਰੇ 9 ਵਜੇ ਤੋਂ 5 ਵੱਜੇ ਤੱਕ ਫ਼ੋਨ ਨੰਬਰ 01679-241744 'ਤੇ ਦਰਜ ਕਰਵਾਕੇ, ਮੈਗਜ਼ੀਨ ਦੁਆਰਾ ਮੰਗਵਾ ਸਕਦਾ ਹੈ।***

# ਮੰਗਲ ਯਾਤਰਾ 'ਚ ਤਾਕਤ ਖੋ ਦੇਣਗੇ ਪੁਲਾੜ ਯਾਤਰੀ

ਚੰਦ ਦੀ ਜ਼ਮੀਨ 'ਤੇ ਕਦਮ ਰੱਖਣ ਤੋਂ ਬਾਅਦ ਨੀਲ ਆਰਮਸਟਰਾਗ ਨੇ ਕਿਹਾ ਸੀ ਕਿ ਇਹ ਇਕ ਇਨਸਾਨ ਦਾ ਛੋਟਾ ਜਿਹਾ ਕਦਮ, ਪਰ ਇਹ ਮਨੁੱਖ ਜਾਤੀ ਲਈ ਇਕ ਮਹਾਨ ਕਦਮ ਹੈ। ਜਦੋਂ ਇਨਸਾਨ ਮੰਗਲ ਗ੍ਰਹਿ 'ਤੇ ਕਦਮ ਰੱਖੇਗਾ, ਤਾਂ ਉਹ ਕਿੰਨਾ ਵੱਡਾ ਕਦਮ ਹੋਵੇਗਾ।

ਵਿਗਿਆਨਕਾਂ ਦਾ ਕਹਿਣਾ ਹੈ ਕਿ ਪੁਲਾੜ ਦੀ ਲੰਬੀ ਯਾਤਰਾ ਇੰਨੀ ਮੁਸ਼ਕਿਲ ਭਰੀ ਹੋਵੇਗੀ ਕਿ ਮੰਗਲ ਗ੍ਰਹਿ ਦੀ ਯਾਤਰਾ ਦੇ ਦੌਰਾਨ ਪੁਲਾੜ ਯਾਤਰੀ ਆਪਣੀ ਮਹੱਤਵਪੂਰਨ ਮਾਸਪੇਸ਼ੀਆਂ ਦੀ ਅੱਧੀ ਤਾਕਤ ਖੋ ਬੈਠਣਗੇ। 30 ਤੋਂ 40 ਸਾਲ ਤੱਕ ਦੀ ਉਮਰ ਦੇ ਪੁਲਾੜ ਯਾਤਰੀਆਂ ਦੀ ਤਾਕਤ 80 ਸਾਲ ਦੇ ਇਕ ਵਿਅਕਤੀ ਵਰਗੀ ਹੋ ਜਾਵੇਗੀ।



ਯਾਤਰਾ ਤੋਂ ਪਹਿਲਾਂ ਅਤੇ ਠੀਕ ਉਸ ਤੋਂ ਬਾਅਦ ਲਏ ਗਏ ਨਮੂਨਿਆਂ ਤੋਂ ਪਤਾ ਲੱਗਦਾ ਹੈ ਕਿ ਆਪਣੀਆਂ ਪੇਸ਼ੀਆਂ ਦੀ 40 ਫ਼ੀਸਦੀ ਤੋਂ ਜ਼ਿਆਦਾ ਤਾਕਤ ਖੋ ਚੁੱਕੇ ਹੋਣਗੇ, ਕੀ ਯਾਤਰਾ ਤੋਂ ਪਹਿਲਾਂ ਪੇਸ਼ੀਆਂ ਦੀ ਤਾਕਤ ਵਧਾਉਣਾ ਫ਼ਾਇਦੇਮੰਦ ਹੋਵੇਗਾ? ਨਹੀਂ, ਗੱਲ ਬਿਲਕੁਲ ਉਲਟੀ ਹੈ, ਜੋ ਜਿੰਨੇ ਤਾਕਤਵਰ ਹੋਣਗੇ, ਉਨ੍ਹਾਂ ਦੀਆਂ ਮਾਸਪੇਸ਼ੀਆਂ ਉਨੀਆਂ ਹੀ ਕਮਜ਼ੋਰ ਹੋਣਗੀਆਂ। ਮੰਨਿਆ ਜਾਂਦਾ ਹੈ ਕਿ ਰਾਕਟ ਤਕਨੀਕ ਦੇ ਵਰਤਮਾਨ ਸਤਰ ਦੇ ਚਲਦੇ ਮੰਗਲ ਤੱਕ ਦੀ ਯਾਤਰਾ ਅਤੇ ਵਾਪਸੀ 'ਚ ਤਿੰਨ ਸਾਲ ਲੱਗ ਜਾਣਗੇ। ਇਸ ਤਰ੍ਹਾਂ ਉਨ੍ਹਾਂ ਦੀ 50 ਫੀਸਦੀ ਤਾਕਤ ਘੱਟ ਜਾਵੇਗੀ। ਪਰ ਫ੍ਰਿਟ੍ਸ ਦਾ ਕਹਿਣਾ ਹੈ ਕਿ ਇਨ੍ਹਾਂ ਪਰਿਣਾਮਾਂ ਤੋਂ ਮਾਯੂਸ ਨਹੀਂ ਹੋਣਾ ਚਾਹੀਦਾ, ਮੰਗਲ ਗ੍ਰਹਿ ਤੱਕ ਪਹੁੰਚਣਾ ਮਨੁੱਖ ਜਾਤੀ ਦੇ ਲਈ ਅਗਲਾ ਮੋਰਚਾ ਹੈ, ਜਿਵੇਂ ਕਿ 800 ਸਾਲ ਪਹਿਲਾਂ ਪੱਛਮੀ ਗੋਲਾਰਧ ਤੱਕ ਪਹੁੰਚਣਾ ਸੀ, ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੀ ਯਾਤਰਾ ਬਿਨਾ ਬ੍ਰਹਿਮੰਡ ਦੇ ਸਾਡੀ ਸਮਝ ਅਧੂਰੀ ਹੋਵੇਗੀ।

# ਗ਼ੁਬਾਰੇ 'ਤੇ ਜੋਖ਼ਿਮ ਭਰੀ ਸਵਾਰੀ

ਗ਼ੁਬਾਰੇ ਦੀ ਸਵਾਰੀ ਵੈਸੇ ਤਾਂ ਜੋਖ਼ਿਮ ਭਰੀ ਹੈ ਪਰ ਤੁਸੀਂ ਇਹ ਸੋਚੋ ਕਿ ਜਿਸ ਰਸਤੇ ਨੂੰ ਵਿਮਾਨ ਯਾਤਰਾ ਰਾਹੀਂ ਪਾਰ ਕਰਨਾ ਮੁਸ਼ਕਿਲ ਹੋਵੇ ਉਸ ਨੂੰ ਗ਼ੁਬਾਰਿਆਂ ਨਾਲ ਕਿਵੇਂ ਪਾਰ ਕੀਤਾ ਜਾ ਸਕਦਾ ਹੈ। ਪਰ ਦੋ ਵਿਅਕਤੀਆਂ ਨੇ ਸਭ ਤੋਂ ਖ਼ਤਰਨਾਕ ਹਵਾਈ ਮਾਰਗ 'ਤੇ ਪੈਣ ਵਾਲੇ ਕਾਲੇ ਸਾਗਰ ਨੂੰ ਪਾਰ ਕਰਨ ਦਾ ਟੀਚਾ ਮਿੱਥਿਆ ਹੈ।



ਬੈਲੂਨ ਦੀ ਸਵਾਰੀ ਦੇ ਸ਼ੌਕੀਨ ਯੂਕ੍ਰੇਨ ਦੇ ਸਗਰਈ ਸਕਾਲਕੋ ਤੇ ਜਾਰਜਿਆ ਰੇਵਾਜ ਜੇਕਰ ਕਾਮਯਾਬ ਹੋ ਜਾਂਦੇ ਹਨ ਤਾਂ ਹਾਟ ਬੈਲੂਨ ਨਾਲ ਕਾਲਾ ਸਾਗਰ ਪਾਰ ਕਰਨ ਵਾਲੀ ਇਹ ਪਹਿਲੀ ਜੋੜੀ ਹੋਵੇਗੀ। ਇਨ੍ਹਾਂ ਦੋਨਾਂ ਨੇ ਅਗਲੇ ਸਾਲ ਜਨਵਰੀ 'ਚ ਇਸ ਖ਼ਤਰਨਾਕ ਯਾਤਰਾ ਦੀ ਤਿਆਰੀ ਕਰ ਲਈ ਹੈ। 900 ਕਿਲੋਮੀਟਰ ਲੰਬੀ ਇਸ ਯਾਤਰਾ ਦੀ ਸ਼ੁਰੂਆਤ ਯੂਕ੍ਰੇਨ ਦੇ ਕ੍ਰੀਮਿਆ ਪਰਾਦੀਪ ਤੋਂ ਹੋਵੇਗੀ ਅਤੇ ਜਾਰਜਿਆ ਦੇ ਬਤੂਮੀ 'ਚ ਇਸ ਦੇ ਖ਼ਤਮ ਹੋਣ ਦੀ ਯੋਜਨਾ ਹੈ।

ਸਕਾਲਕੋ ਦਾ ਕਹਿਣਾ ਹੈ ਕਿ "ਹਵਾਈ ਯਾਤਰਾ ਦੇ ਲਿਹਾਜ ਨਾਲ ਇਹ ਦੂਰੀ ਬਹੁਤ ਜ਼ਿਆਦਾ ਨਹੀਂ ਹੈ ਅਤੇ ਪਹਿਲਾਂ ਵੀ ਬੈਲੂਨ ਨਾਲ ਦੁਨੀਆਂ ਮਾਪਣ ਵਰਗੇ ਕਾਰਨਾਮੇ ਕੀਤੇ ਜਾ ਚੁੱਕੇ ਹਨ। ਪਰ ਦੁਨੀਆਂ ਦੇ ਸਭ ਤੋਂ ਖ਼ਤਰਨਾਕ ਰਸਤੇ ਨੂੰ ਹੁਣ ਤੱਕ ਕੋਈ ਨਹੀਂ ਪਾਰ ਕਰ ਸਕਿਆ ਹੈ। ਉਸ ਨੂੰ ਇਸ ਰਸਤੇ ਵਿਚ ਬਰਫ਼ ਨਾਲ ਢਕੇ ਸਮੁੰਦਰ, ਸਾਲ ਭਰ ਉਲਟ ਦਿਸ਼ਾ ਵੱਲ ਚੱਲਣ ਵਾਲੀਆਂ ਹਵਾਵਾਂ, ਉੱਚੇ ਪਹਾੜ ਅਤੇ ਹੋਰ ਸੰਘਰਸ਼ਾਂ ਖੇਤਰਾਂ ਨੂੰ ਪਾਰ ਕਰਨਾ ਹੋਵੇਗਾ। ਇਹ ਇਲਾਕਾ ਅਜਿਹਾ ਹੈ ਕਿ ਇਥੇ ਹਵਾਵਾਂ ਦੀ ਦਿਸ਼ਾ ਬਦਲਦੀ ਰਹਿੰਦੀ ਹੈ। ਜੇਕਰ ਕੋਈ ਯਾਤਰੀ ਰਸਤਾ ਭਟਕ ਜਾਂਦਾ ਹੈ ਜਾਂ ਤਾਂ ਉਹ ਕਿਸੇ ਦੂਸਰੀ ਦਿਸ਼ਾ 'ਚ ਚਲਾ ਜਾਂਦਾ ਹੈ ਜਾਂ ਤੁਰਕੀ ਦੀਆਂ ਪਹਾੜੀਆਂ ਨਾਲ ਜਾ ਟਕਰਾਉਂਦਾ ਹੈ।

ਇਸ ਜੋਖ਼ਿਮ 'ਚ ਇਤਿਹਾਸ ਰਚਣ 'ਤੇ 3.5 ਲੱਖ ਅਮਰੀਕੀ ਡਾਲਰ ਦਾ ਖਰਚ ਆਉਣ ਦਾ ਅਨੁਮਾਨ ਹੈ। ਇਸ ਯਾਤਰਾ 'ਚ 3.5 ਪ੍ਰੋਪੇਨ ਗੈਸ, ਖਾਣਾ, ਰਸਦ, ਔਜ਼ਾਰ ਅਤੇ ਦੋਵਾਂ ਯਾਤਰੀਆਂ ਦੇ ਭਾਰ ਨੂੰ ਮਿਲਾ ਕੇ ਬੈਲੂਨ 'ਤੇ 5 ਟਨ ਵਜ਼ਨ ਲੱਦਿਆ ਹੋਵੇਗਾ। ਇਸ ਨੂੰ ਸਫ਼ਲ ਬਣਾਉਣ 'ਚ 30 ਲੋਕਾਂ ਦੀ ਟੀਮ ਜੁਟੀ ਹੋਈ ਹੈ।

# ਚੰਦਰਯਾਨ-2 ਦਾ ਪੇਲੋਡ



ਭਾਰਤ ਦੇ ਪਹਿਲੇ ਮਾਨਵਰਹਿਤ ਚੰਦਰ ਅਭਿਆਨ ਚੰਦਰਯਾਨ-1 ਦੀ ਕਾਮਯਾਬੀ ਤੋਂ ਬਾਅਦ ਭਾਰਤੀ ਪੁਲਾੜ ਵਿਗਿਆਨਕਾਂ ਨੇ ਚੰਦਰਯਾਨ-2 ਭੇਜਣ ਦੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਚੰਦਰਯਾਨ-2 ਦੇ ਲਈ ਪੇਲੋਡ ਤੈਅ ਕਰ ਲਿਅ ਗਿਆ ਹੈ। ਇਸ ’ਤੇ ਸੱਤ ਯੰਤਰ ਭੇਜੇ ਜਾਣਗੇ।

ਇਸ ਅਭਿਐਨ ਦੌਰਾਨ ਚੰਦਰਮਾ ’ਤੇ ਵੱਖ ਵੱਖ ਪ੍ਰਯੋਗਾਂ ਦੇ ਲਈ ਯਾਨ ਦੇ ਨਾਲ ਭੇਜੇ ਜਾਣ ਵਾਲੇ ਉਪਕਰਨਾਂ ਦੀ ਘੋਸ਼ਣਾ ਕੀਤੀ ਗਈ। ਦੇਸ਼ ਦੇ ਦੂਸਰੇ ਮਾਨਵ ਰਹਿਤ ਅਭਿਆਨ ਦੀ ਲਾਂਚਿੰਗ ਦੇ ਲਈ ਸਾਲ 2013 ਰੱਖਿਆ ਗਿਆ ਹੈ।

ਚੰਦਰਯਾਨ-2 ਦੇ ਲਈ ਜਿਨ੍ਹਾਂ ਨੇ ਪੇਲੋਡ ਦੀ ਸਿਫ਼ਾਰਿਸ਼ ਕੀਤੀ ਹੈ ਉਨ੍ਹਾਂ ’ਚ ਲਾਰਜ ਏਰੀਆ ਸਾਫ਼ਟ ਐਕਸਰੇ ਸਪੇਕਟਰੋਮੀਟਰ, ਐਸ. ਏ. ਆਰ., ਇਮੇਜਿੰਗ ਆਈ. ਆਈ. ਆਰ. ਐਸ., ਨੈਚੁਰਅਲ ਮਾਸ ਸਪੈਕਟਰੋਮੀਟਰ, ਟੇਰੇਨ ਮੈਪਿੰਗ ਕੈਮਰਾ-2, ਲੇਜਰ ਇੰਡਯੂਸਡ ਬ੍ਰੇਕਡਾਊਨ ਸਪੈਕਟਰੋਮੀਟਰ ਅਤੇ ਅਲਫ਼ਾ ਪਾਰਟੀਕਲ ਇੰਡਯੂਸਡ ਐਕਸਰੇ ਸਪੇਕਟਰੋਮਟਰ ਸ਼ਾਮਿਲ ਹੈ।

# ਭਾਰਤ ਬਣਾਏਗਾ ਸਭ ਤੋਂ ਵੱਡੀ ਸੋਲਰ ਦੂਰਬੀਨ

ਬੇਂਗਲੂਰ - ਸੂਰਜ ਦੀ ਬਨਾਵਟ ਦੀ ਬਰੀਕੀ ਨਾਲ ਅਧਿਐਨ ਕਰਨ ਦੇ ਮਕਸਦ ਨਾਲ ਲਦਾਖ ’ਚ ਹਿਮਾਲਿਆਂ ਦੀ ਤਲਹਟੀ ’ਚ ਦੁਨੀਆਂ ਦੀ ਸਭ ਤੋਂ ਵੱਡੀ ਦੂਰਬੀਨ ਬਣਾਉਣ ਜਾ ਰਿਹਾ ਹੈ।

ਸੋਲਰ ਦੂਰਬੀਨ ਦੀ ਡਿਜ਼ਾਇਨ ਤਿਆਰ ਕਰਨ ਅਤੇ ਉਸਨੂੰ ਬਣਾਉਣ ਦੇ ਲਈ ਪਿਛਲੇ ਹਫ਼ਤੇ ਟੈਂਡਰ ਜਾਰੀ ਕੀਤਾ ਗਿਆ। ਦੋ ਮੀਟਰ ਲੰਬੀ ਇਸ ਸੋਲਰ ਦੂਰਬੀਨ ਨੂੰ ਤਿਆਰ ਕਰਨ ’ਚ 150 ਕਰੋੜ ਰੁਪਏ ਦੀ ਲਾਗਤ ਹੋਵੇਗੀ। ਆਈ. ਆਈ. ਏ. ਦੇ ਡਾਇਰੈਕਟਰ ਸਿਰਾਜ ਹਸਨ ਨੇ ਕਿਹਾ ਕਿ ਸੋਲਰ ਦੂਰਬੀਨ ਨਾਲ ਸੂਰਜ ਦੀ ਸੰਰਚਨਾ ਦੀ ਸਟੱਡੀ ਅਤੇ ਕੁਦਰਤ ਦੇ ਗਹਿਰੇ ਰਾਜ ਸਮਝਣ ’ਚ ਸਹਾਇਤਾ ਮਿਲੇਗੀ।

ਸੂਰਜ ਦੀ ਸਾਈਟੀਫ਼ਿਕ ਸਟੱਡੀ ਨੂੰ ਦੇਖਦੇ ਹੋਏ ਇਨ੍ਹਾਂ ਵਿਸ਼ੇਸ਼ ਦੂਰਬੀਨਾਂ ਨੂੰ ਬਣਾਉਣ ਦਾ ਪ੍ਰਸਤਾਵ ਤਿਆਰ ਕੀਤਾ ਗਿਆ। ਵਿਗਿਆਨਕ ਸਭ ਵੱਡੀ ਦੂਰਬੀਨ ਅਤੇ ਖਾਸ ਸ਼ੀਸ਼ੇ ਵਾਲੇ ਉਪਕਰਨਾਂ ਦੀ ਮਦਦ ਨਾਲ ਸੂਰਜ ਦੀਆਂ ਕਿਰਨਾਂ ਦੀ ਸਿੱਧੀ ਸਟੱਡੀ ਕਰਨਗੇ। ਇਸ ਅਨੋਖੇ ਪ੍ਰੋਜੈਕਟ ’ਚ ਭਾਰਤੀ ਬ੍ਰਹਿਮੰਡ ਅਨੁਸਧਾਨ ਸੰਗਠਨ, ਆਰੀਆ ਭੱਟ ਰਿਸਰਚ ਇੰਸਟੀਚਿਊਟ ਆਫ਼ ਸਾਇੰਸ, ਟਾਟਾ ਇੰਸਟੀਚਿਊਟ ਆਫ਼ ਫੰਡਾਮੈਂਟਲ ਰਿਸਰਚ ਅਤੇ ਇੰਟਰ-ਯੂਨੀਵਰਸਿਟੀ ਸੈਂਟਰ ਵਰਗੇ ਵਿਗਿਆਨਕ ਸੰਸਥਾਨ ਸ਼ਾਮਿਲ ਹਨ। ਆਈ. ਆਈ. ਏ. ਇਸ ਦੇ ਲਈ ਇਕ ਨੋਡਲ ਏਜੰਸੀ ਦੇ ਤੌਰ ’ਤੇ ਕੰਮ ਕਰੂਗਾ। ਗੌਰਤਲਬ ਹੈ ਕਿ ਹੁਣ ਦੁਨੀਆਂ ਦੀ ਸਭ ਤੋਂ ਵੱਡੀ ਸੋਲਰ ਦੂਰਬੀਨ ‘ਮੇਕ ਮੈਥ-ਪਾਅਰਸ ਸੋਲਰ ਟੈਲੀਸਕੋਪ’ ਅਮਰੀਕਾ ’ਚ ਹੈ। ਇਸਦੀ ਲੰਬਾਈ 1.6 ਮੀਟਰ ਹੈ।

# ਸੂਰਜ ਦੀ ਚੁੰਬਕੀ ‘ਸੁਨਾਮੀ’ ਨਾਲ ਉਪਗ੍ਰਹਿਆਂ ਨੂੰ ਖ਼ਤਰਾ

ਲੰਦਨ - ਸੂਰਜ ਤੋਂ ਨਿਕਲਣ ਵਾਲੇ ਚੁੰਬਕੀ ਬੱਦਲ ਧਰਤੀ ’ਤੇ ਮੌਜੂਦ ਉਪਗ੍ਰਹਿਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਹ ਘਟਨਾ ਸੂਰਜ ਵਿਚ ਹੋਣ ਵਾਲੇ ਗੈਸੀ ਵਿਸਫੋਟ ਦਾ ਹੀ ਨਤੀਜਾ ਹੈ।

‘ਕੋਰੋਨਲ ਮਾਸ ਇੰਜੈਕਸ਼ਨ’ ਕਹਾਉਣ ਵਾਲੀ ਇਸ ਵਿਸਫ਼ੋਟ ਤੋਂ ਬਾਅਦ ਉੱਠੀ ਸੁਨਾਮੀ ਤੇਜ਼ੀ ਨਾਲ ਧਰਤੀ ਵੱਲ ਵਧ ਰਹੀ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਉਪਗ੍ਰਹਿਆਂ ਨੂੰ ਰਿਕਾਰਡ ਕਰਨ ਤੋਂ ਬਾਅਦ ਵਿਗਿਆਨਕਾਂ ਨੇ ਇਨ੍ਹਾਂ ਬੱਦਲਾਂ ਨਾਲ ਉਪਗ੍ਰਹਿਆਂ ਨੂੰ ਹੋਣ ਵਾਲੇ ਨੁਕਸਾਨ ਦੀ ਚਿਤਾਵਨੀ ਦਿੱਤੀ ਹੈ।

‘ਨਿਊ ਸਾਈਟਿਸਟ’ ਦੇ ਅਨੁਸਾਰ, ਸੂਰਜ ਦੇ ਜਿਸ ਧੱਬੇ ਤੋਂ ਗੈਸੀ ਵਿਸਫ਼ੋਟ ਹੋਇਆ ਹੈ, ਉਸਦਾ ਅਕਾਰ ਧਰਤੀ ਦੇ ਅਕਾਰ ਦੇ ਬਰਾਬਰ ਹੈ। ਇਸਦੇ ਅਤੇ ਉਤਰੀ ਗੋਲਾਰਧ ਦੇ ਵਿਚਕਾਰ ਹਜ਼ਾਰਾਂ ਕਿਲੋਮੀਟਰ ਦਾ ਫਾਸਲਾ ਹੋਣ ਦੇ ਬਾਵਜੂਦ ਵਿਗਿਆਨਕਾਂ ਦੋਨਾਂ ਘਟਨਾਵਾਂ ਨੂੰ ਜੋੜ ਕੇ ਦੇਖ ਰਹੇ ਹਨ। ਪਰ ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਿਥਵੀ ਦੇ ਚਾਰੇ ਪਾਸੇ ਚੁੰਬਕੀ ਕਵਚ ਹੋਣ ਕਾਰਨ ਜੀਵਨ ਨੂੰ ਇਸ ਤੋਂ ਕੋਈ ਖ਼ਤਰਾ ਨਹੀਂ ਹੋਵੇਗਾ।



# ਇਨਸਾਨ ਨਹੀਂ ਗਲੋਬਲ ਵਾਰਮਿੰਗ ਤੋਂ ਹਾਰਿਆ ਸੀ ਮੈਮਥ



ਲੰਦਨ - ਕਰੀਬ 21 ਹਜ਼ਾਰ ਸਾਲ ਪਹਿਲਾਂ ਅੰਤਿਮ ਹਿਮਯੁਗ ਦੇ ਬਾਅਦ ਵੱਡ ਅਕਾਰੀ ਮੈਮਥ ਦੇ ਖ਼ਤਮ ਹੋਣ ਦੇ ਪਿੱਛੇ ਇਨਸਾਨਾਂ ਦਾ ਹੱਥ ਮੰਨਿਆ ਜਾਂਦਾ ਸੀ। ਇਕ ਨਵੀਂ ਖੋਜ ਦੁਆਰਾ ਇਹ ਪਤਾ ਲੱਗਿਆ ਹੈ ਕਿ ਮੈਮਥ ਦੀ ਮੌਤ ਇਨਸਾਨਾਂ ਦੁਆਰਾ ਨਹੀਂ ਸਗੋਂ ਜਲਵਾਯੂ ਪਰਿਵਰਤਨ ਕਾਰਨ ਹੋਈ ਸੀ।

ਕਰੀਬ ਸਾਢੇ 6 ਕਰੋੜ ਸਾਲ ਪਹਿਲਾਂ ਜੁਰਾਸਿਕ ਕਾਲ 'ਚ ਧਰਤੀ 'ਤੇ ਚਲਦੀ ਭਾਰੀ ਡਾਇਨਾਸੌਰਾਂ ਦੀ ਮੌਤ ਦੇ ਲਈ ਵੀ ਜਲਵਾਯੂ ਪਰਿਵਰਤਨ ਨੂੰ ਹੀ ਇਸ ਦਾ ਜ਼ਿੰਮੇਵਾਰ ਮੰਨਿਆ ਜਾਂਦਾ ਹੈ।

ਸੋਧ ਇਹੀ ਤਸਦੀਕ ਦਿੰਦੀ ਹੈ ਕਿ ਤਾਪਮਾਨ ਵਧਣ ਕਾਰਨ ਇਨ੍ਹਾਂ ਪ੍ਰਾਣੀਆਂ ਦੀ ਮੌਤ ਹੋਈ ਸੀ। ਤਾਪਮਾਨ ਵਧਣ ਦੇ ਕਾਰਨ ਹੀ ਵਿਸ਼ਾਲ ਗੈਂਡੇ, ਹਿਰਨ, ਗੁਫ਼ਾ 'ਚ ਰਹਿਣ ਵਾਲੇ ਸ਼ੇਰ ਅਤੇ ਭਾਲੂ ਦੇ ਜੀਵਨ ਦਾ ਖਾਤਮਾ ਹੋ ਗਿਆ ਸੀ।

ਵੱਡੇ ਅਕਾਰ ਦੇ ਮੈਮਥ 12 ਟਨ ਤੱਕ ਵਜ਼ਨ ਦੇ ਹੁੰਦੇ ਸੀ। ਪਰ ਆਮ ਮੈਮਥ ਹਾਥੀ ਜਿੰਨੇ ਹੀ ਵੱਡੇ ਹੁੰਦੇ ਸਨ। ਮੈਮਥ ਦਾ ਅੰਤ ਦਸ ਬਾਰਾਂ ਹਜ਼ਾਰ ਸਾਲ ਪਹਿਲਾਂ ਹੋ ਗਿਆ ਸੀ।

# ਆਰ. ਐਸ. ਐਸ. ਫੀਡ ਕੀ ਹੈ?

ਆਰ. ਐਸ. ਐਸ. ਫੀਡ ਨੂੰ 'ਰਿਅਲੀ ਸਿੰਪਲ ਸਿੰਡਿਕੇਸ਼ਨ' ਕਹਿੰਦੇ ਹਨ। ਇਹ ਇਕ ਅਜਿਹਾ ਫਾਰਮੈਂਟ ਹੈ ਜਿਸ ਦੁਆਰਾ ਵੈਬਸਾਈਟ ਆਪਣੇ ਅਪਡੇਟਿਡ ਕਨਟੈਂਟ ਜਿਵੇਂ ਬਲਾਗ ਐਂਟਰੀਜ਼, ਨਿਊ ਹੈਡਲਾਈਂਸ, ਆਡੀਓ ਅਤੇ ਵੀਡਿਓ ਨੂੰ ਆਪਣੇ ਸਬਸਕ੍ਰਾਈਬਰਸ ਨੂੰ ਇਕ ਸਟੈਂਡਰਡ ਫਾਰਮੈਂਟ ਤੱਕ ਪਹੁੰਚਾਉਣ ਦੇ ਲਈ ਵਰਤਦੀ ਹੈ। ਇਕ ਆਰ. ਐਸ. ਐਸ. ਡਾਕੂਮੈਂਟ 'ਚ ਟੈਕਸਟ ਅਤੇ ਡਾਟਾ ਵਰਗੇ ਪਬਲਿਸ਼ਿੰਗ ਅਤੇ ਲੇਖਕ ਆਦਿ ਵੀ ਜਾਣਕਾਰੀ ਹੁੰਦੀ ਹੈ। ਵੈਬ ਫੀਡਜ਼ ਦੀ ਮਦਦ ਨਾਲ ਤੁਹਾਡੇ ਵੈਬ ਬ੍ਰਾਊਜਰ ਜਾਂ ਆਰ. ਐਸ. ਐਸ ਰੀਡਰ ਸਾਫਟਵੇਅਰ 'ਚ ਸਾਰੀ ਜਾਣਕਾਰੀ ਇਕ ਹੀ ਜਗ੍ਹਾ 'ਤੇ ਮਿਲ ਜਾਂਦੀ ਹੈ। ਤੁਸੀਂ ਕਿਸੇ ਵੀ ਵੈਬਸਾਈਟ 'ਤੇ ਜਾ ਕੇ ਇਸ ਨੂੰ ਸਬਸਕ੍ਰਾਈਬ ਕਰ ਸਕਦੇ ਹੋ। ਵਿੰਡੋਜ਼ ਐਕਸਪੀ 'ਚ ਵੀ ਇਹ ਸੁਵਿਧਾ ਗੁਗਲ ਡੈਸਕਟੋਪ ਸਾਫ਼ਟਵੇਅਰ ਡਾਊਨਲੋਡ ਕਰਕੇ ਡੈਸਕਟੋਪ 'ਤੇ ਲਿਆਂਦਾ ਜਾ ਸਕਦਾ ਹੈ। ਆਰ. ਐਸ. ਐਸ. ਰੀਡਰ, ਯੂਜਰ ਦੇ ਸਬਸਕ੍ਰਾਈਬ ਕੀਤੇ ਹੋਏ ਫੀਡਰਸ ਨੂੰ ਕੁਝ ਇੰਟਰਵੈਨ ਤੱਕ ਚੈਕ ਕਰਦਾ ਰਹਿੰਦਾ ਹੈ ਅਤੇ ਫਿਰ ਉਨ੍ਹਾਂ ਨੂੰ ਡੈਸਕਟਾਪ ਜਾਂ ਬ੍ਰਾਊਜਰ 'ਚ ਡਾਊਨਲੋਡ ਕਰ ਲੈਂਦਾ ਹੈ।

# ਹੁਣ ਮੂਡ ਦੇ ਹਿਸਾਬ ਨਾਲ ਰੰਗ ਬਦਲੇਗੀ ਕਾਰ

ਸਿਡਨੀ - ਅਜਿਹੀ ਕਾਰ ਦੇ ਲਈ ਤੁਸੀਂ ਜਲਦੀ ਹੀ ਤਿਆਰ ਰਹੋ ਜੋ ਤੁਹਾਡੇ ਮੂਡ ਦੇ ਮੁਤਾਬਿਕ ਰੰਗ ਬਦਲ ਲਵੇਗੀ। ਇਕ ਖਾਸ ਤਰੀਕੇ ਨਾਲ ਜੇਕਰ ਮਾਲਕ ਦਾ ਮੂਡ ਚੰਗਾ ਹੈ ਤਾਂ ਉਹ ਕਾਰ ਦੇ ਰੰਗ ਨੂੰ ਖੁਸ਼ਨੁਮਾ ਕਰ ਸਕਦਾ ਹੈ। ਆਟੋ ਇੰਡਸਟਰੀ 'ਚ ਅਜਿਹੀ ਤਕਨੀਕ 'ਤੇ ਜ਼ੋਰ ਸ਼ੋਰ ਨਾਲ ਕੰਮ ਚੱਲ ਰਿਹਾ ਹੈ।

ਮਾਜਦਾ ਦੇ ਡਿਜ਼ਾਇਨ ਮੈਨੇਜਰ ਪੀਟਰ ਦਾ ਕਹਿਣਾ ਹੈ ਕਿ ਇਸ ਟੈਕਨੋਲੋਜੀ ਦੇ ਇਸਤੇਮਾਲ ਦਾ ਇਹ ਵੀ ਫ਼ਾਇਦਾ ਹੈ ਕਿ ਜੇਕਰ ਤੁਸੀਂ ਫ਼ਿਕਾ ਰੰਗ ਸਿਲੈਕਟ ਕਰਦੇ ਹੋ ਤਾਂ ਇਸ ਨਾਲ ਕੈਬਿਨ ਨੂੰ ਠੰਡਾ ਰੱਖਣ 'ਚ ਘੱਟ ਊਰਜਾ ਖਰਚ ਹੋਵੇਗੀ। ਆਟੋ ਇੰਡਸਟਰੀ ਭਵਿੱਖ ਦੇ ਇਸ ਪ੍ਰੋਜੈਕਟ 'ਚ ਸਭ ਤੋਂ ਜ਼ਿਆਦਾ ਊਰਜਾ ਸੁਰੱਖਿਅਨ 'ਤੇ ਧਿਆਨ ਦੇ ਰਹੀ ਹੈ। ਇਸ ਨਾਲ ਈਂਧਨ ਦੀ ਬੱਚਤ ਹੋਵੇਗੀ ਅਤੇ ਕਾਰ ਮਾਲਕ ਚਾਹੇ ਤਾਂ ਆਪਣੀ ਕਾਰ ਨੂੰ ਕਲਰ ਆਪਣੀ ਸ਼ਰਟ ਦੇ ਪੈਟਰਨ ਦੇ ਮੁਤਾਬਕ ਦੇ ਸਕਦਾ ਹੈ।

ਇਹ ਹੀ ਨਹੀਂ ਭਵਿੱਖ ਵਿਚ ਕਾਰ ਦੀ ਵਿੰਡਸ ਸਕਰੀਨ ਵੀ ਕੱਚ ਦੀ ਜਗ੍ਹਾ ਪਲਾਸਟਿਕ ਦੀ ਹੋਵੇਗੀ ਅਤੇ ਕਾਰ ਦੇ ਅੰਦਰ ਵਾਲੇ ਬਟਨ ਜੇਲੀ ਵਰਗੇ ਪਲਾਸਟਿਕ ਦੇ ਹੋਣਗੇ। ਕਾਰ ਡਿਜ਼ਾਇਨਿੰਗ 'ਚ ਇਨ੍ਹਾਂ ਪ੍ਰਯੋਗਾਂ ਦੇ ਪਿੱਛੇ ਮਕਸਦ ਹੈ ਗੱਡੀਆਂ ਦਾ ਵਜ਼ਨ ਅਤੇ ਈਂਧਨ ਦੀ ਖਪਤ ਘੱਟ ਕਰਨਾ।



ਆਟੋ ਡਿਜ਼ਾਇਨਿੰਗ 'ਚ ਪਰੰਪਰਾਗਤ ਚੀਜ਼ਾਂ ਦੀ ਜਗ੍ਹਾ ਦੂਸਰੀਆਂ ਚੀਜ਼ਾਂ ਦਾ ਇਸਤੇਮਾਲ ਕੀਤਾ ਗਿਆ ਹੈ। ਕਾਰ 'ਚ ਕੱਚ ਦਾ ਇਸਤੇਮਾਲ ਵਜ਼ਨ ਨੂੰ ਵਧਾ ਦਿੰਦਾ ਹੈ। ਇਸਦੀ ਜਗ੍ਹਾ ਪਾਲੀਕਾਰਬੋਨੇਟਸ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਪਰ ਇਸ ਨਾਲ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਸ 'ਚ ਸਕਰੈਚ ਬਹੁਤ ਜਲਦੀ ਪੈ ਜਾਂਦੇ ਹਨ।

# ਸੂਰਜ ਦੇ ਰਹੱਸ ਤੋਂ ਪਰਦਾ ਉਠਾਉਣਗੇ ਨਾਸਾ ਦੇ ਪਰੋਬ

ਹੁਣ ਨਾਸਾ ਨੇ ਆਪਣੀ ਖੋਜੀ ਨਿਗ੍ਹਾ ਸੂਰਜ ਵੱਲ ਘੁਮਾਈ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਆਪਣੇ ਸਪੇਸ ਕਰਾਫਟ ਦੇ ਜ਼ਰੀਏ ਸਿੱਧੇ ਸੂਰਜ ਦੇ ਨੇੜੇ ਜਾ ਕੇ ਜਾਂਚ ਕਰਨਾ ਸ਼ੁਰੂ ਕਰ ਦੇਵੇਗਾ। ਇਹ ਸਪੇਸ ਕਰਾਫਟ ਛੋਟੀ ਕਾਰ ਦੇ ਬਰਾਬਰ ਹੋਵੇਗਾ ਅਤੇ ਸੂਰਜ ਦੀ ਸਤ੍ਹਾ ਤੋਂ ਤਕਰੀਬਨ 40 ਲੱਖ ਮੀਲ ਦੂਰੀ 'ਤੇ ਉਸਦੇ ਵਾਤਾਵਰਣ 'ਚ ਦਾਖਲ ਹੋਵੇਗਾ। ਅਜਿਹਾ ਪਹਿਲੀ ਵਾਰ ਹੋਵੇਗਾ ਜਦੋਂ ਕੋਈ ਸਪੇਸ ਕਰਾਫਟ ਐਨੇ ਵੱਡੇ ਏਰੀਏ 'ਚ ਸੂਰਜ ਨਾਲ ਜੁੜੀਆਂ ਜਾਣਕਾਰੀਆਂ ਨੂੰ ਤਲਾਸ਼ ਰਿਹਾ ਹੋਵੇਗਾ।

ਨਾਸਾ ਦਾ ਇਹ ਬੇਜੋੜ ਪ੍ਰੋਜੈਕਟ 'ਸੋਲਰ ਪਰੋਬ ਪਲਸ' 2018 'ਚ ਸ਼ੁਰੂ ਹੋਵੇਗਾ। ਨਾਸਾ ਨੇ ਇਸ ਪ੍ਰੋਜੈਕਟ ਨਾਲ ਜੁੜੀਆਂ ਪੰਜ ਜ਼ਰੂਰੀ ਖੋਜਾਂ ਦਾ ਹੱਲ ਕਰਨ ਦਾ ਬੀੜਾ ਚੁੱਕਿਆ ਹੈ। ਇਸ ਪ੍ਰੋਜੈਕਟ 'ਚ ਸੂਰਜ ਨਾਲ ਜੁੜੇ ਰਹੱਸਾਂ ਨੂੰ ਸੁਲਝਾਇਆ ਜਾਵੇਗਾ ਅਤੇ ਇਸ ਦੌਰਾਨ ਪਰੋਬ ਲਗਾਤਾਰ ਸੂਰਜ ਦੇ ਵਾਤਾਵਰਣ ਨਾਲ ਗੁਜਰਦਾ ਰਹੇਗਾ। ਵਾਸ਼ਿੰਗਟਨ ਸਥਿਤ ਨਾਸਾ ਹੇਡਕਾਟਰਸ 'ਚ ਸੋਲਰ ਪਰੋਬ ਪਲਸ ਪ੍ਰੋਗਰਾਮ ਨਾਲ ਜੁੜੇ ਵਿਗਿਆਨਕ ਨੇ ਦੱਸਿਆ ਕਿ ਇਹ ਪ੍ਰੋਜੈਕਟ ਇਨਸਾਨ ਦੀ ਜਾਣਕਾਰੀ ਨੂੰ ਉਥੋਂ ਤੱਕ ਪਹੁੰਚਾਉਂਦਾ ਰਹੇਗਾ ਜਿੱਥੇ ਅੱਜ ਤੱਕ ਕੋਈ ਸਪੇਸ ਕਰਾਫਟ ਨਹੀਂ ਗਿਆ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਜਦੋਂ ਅਸੀਂ



ਸੂਰਜ ਨੂੰ ਛੂ ਲਵਾਂਗੇ ਉਸਦਾ ਸਵਾਦ ਅਤੇ ਗੰਧ ਲੈ ਸਕਾਂਗੇ।

ਜਿਵੇਂ-ਜਿਵੇਂ ਪੁਲਾੜਯਾਨ ਸੂਰਜ ਦੇ ਨੇੜੇ ਪਹੁੰਚੇਗਾ, ਉਸਦਾ ਕਾਰਬਨ ਕੰਪੋਜਿਟ ਨਾਲ ਬਣਿਆ ਬੇਹੱਦ ਮਜ਼ਬੂਤ ਕਵਚ ਸੂਰਜ ਦੀ 1400 ਡਿਗਰੀ ਸੈਲਸੀਅਸ ਦੀ ਗਰਮੀ ਅਤੇ ਰੇਡੀਏਸ਼ਨ ਦੇ ਵਿਸਫੋਟਾਂ ਨੂੰ ਬਚਾਏਗਾ। ਵਿਗਿਆਨਕ ਰੇਡੀਏਸ਼ਨ ਵਾਤਾਵਰਣ ਦੇ ਬਾਰੇ ਵਧੀਆ ਸਮਝ ਅਤੇ ਅਨੁਮਾਨ ਲਗਾ ਸਕਣ ਇਸ ਦੇ ਲਈ ਇਹ ਸਪੇਸ ਕਰਾਫਟ ਸੂਰਜ ਦੇ ਬਹੁਤ ਨੇੜੇ ਹੋ ਕੇ ਲੰਘੇਗਾ।

ਵਾਸ਼ਿੰਗਟਨ 'ਚ ਨਾਸਾ ਦੀ ਹੀਲੋਫਿਜੀਕਸ ਡਿਵੀਜ਼ਨ ਦੇ ਡਾਇਰੈਕਟਰ ਡਿਕ ਫਿਸ਼ਰ ਨੇ ਕਿਹਾ ਕਿ ਸੋਲਰ ਪਰੋਬ ਪਲਸ ਦੇ ਲਈ ਚੁਣੇ ਗਏ ਪ੍ਰਯੋਗਾਂ ਨੂੰ ਇਸ ਤਰ੍ਹਾਂ ਡਿਜ਼ਾਇਨ ਕੀਤਾ ਗਿਆ ਹੈ ਕਿ ਉਹ ਸੋਲਰ ਫਿਜੀਕਸ ਨਾਲ ਜੁੜੇ ਜ਼ਰੂਰੀ ਸਵਾਲਾਂ ਦਾ ਜਵਾਬ ਦੇ ਸਕੇ। ਇਸ ਦੇ ਦੋ ਅਹਿਮ ਸਵਾਲ ਇਹ ਹਨ -

ਕੀ ਕਾਰਨ ਹੈ ਕਿ ਸੂਰਜ ਦਾ ਬਾਹਰੀ ਵਾਤਾਵਰਣ ਉਸਦੀ ਦੇਖੀ ਜਾ ਸਕਣ ਵਾਲੀ ਸਤ੍ਹਾ ਦੇ ਮੁਕਾਬਲੇ ਜ਼ਿਆਦਾ ਗਰਮ ਹੈ? ਉਹ ਕਿਹੜੀ ਤਾਕਤ ਹੈ ਜੋ ਸੂਰਜ ਤੋਂ ਨਿਕਲਣ ਵਾਲੀ ਸੋਲਰ ਵਿੰਡ ਨੂੰ ਪ੍ਰਿਥਵੀ ਅਤੇ ਸੋਲਰ ਸਿਸਟਮ ਵੱਲ ਬਹਿਣ ਲਈ ਮਜ਼ਬੂਰ ਕਰਦੀ ਹੈ।

ਫਿਸ਼ਰ ਨੇ ਕਿਹਾ ਹੈ ਕਿ ਇਹ ਦੋ ਸਵਾਲ ਹਨ ਜਿਨ੍ਹਾਂ ਦਾ ਜਵਾਬ ਪਾਉਣ ਦੇ ਲਈ ਅਸੀਂ ਦਰਸ਼ਕਾਂ ਨਾਲ ਜੁੜੇ ਹਾਂ। ਸਾਨੂੰ ਉਮੀਦ ਹੈ ਕਿ ਇਸ ਮਿਸ਼ਨ ਦੇ ਜਰੀਏ ਕਈ ਸੱਮਸਿਆਵਾਂ ਦਾ ਹੱਲ ਹੋਵੇਗਾ।

ਨਾਸਾ ਨੇ 2009 'ਚ ਸੋਧਕਰਤਾ ਨੂੰ ਆਪਣੇ ਸੁਝਾਅ ਦੇਣ ਦੇ ਲਈ ਬੁਲਾਇਆ ਸੀ। 13 ਪ੍ਰਸਤਾਵਾਂ 'ਤੇ ਇਕ ਪੈਨਲ ਅਤੇ ਬਾਹਰੀ ਵਿਗਿਆਨਕਾਂ ਨੇ ਵਿਚਾਰ ਕੀਤਾ ਸੀ। ਇਨ੍ਹਾਂ 'ਚੋਂ ਪੰਜ ਚੁਣੇ ਗਏ ਜੋ ਕਿ ਫਿਲਹਾਲ ਸ਼ੁਰੂਆਤੀ ਵਿਸ਼ਲੇਸ਼ਣ, ਡਿਜ਼ਾਇਨ, ਡਿਵੈਲਪਮੈਂਟ ਅਤੇ ਪ੍ਰਯੋਗਾਂ ਦੇ ਲਈ 18 ਕਰੋੜ ਡਾਲਰ ਦੇ ਰਹੇ ਹਨ।

# ਹੁਣ ਸਭ ਤੋਂ ਤੇਜ ਗਤੀ ਵਾਲੀ ਸੁਪਰਸਾਨਿਕ ਕਾਰ

ਬ੍ਰਿਟੇਨ 'ਚ ਇੰਜੀਨੀਅਰਾਂ ਨੇ ਇਕ ਅਜਿਹੀ ਸੁਪਰਸਾਨਿਕ ਕਾਰ ਦਾ ਮਾਡਲ ਪੇਸ਼ ਕੀਤਾ ਹੈ ਜਿਸਦੀ ਰਫ਼ਤਾਰ 1000 ਮੀਲ ਯਾਨੀ 1610 ਕਿਲੋਮੀਟਰ ਪ੍ਰਤੀ ਘੰਟੇ ਤੋਂ ਜ਼ਿਆਦਾ ਹੋਵੇਗੀ।

ਸੁਪਰਸਾਨਿਕ ਕਾਰ 42 ਫੀਟ ਲੰਬੀ ਹੈ ਅਤੇ ਇਹ ਬ੍ਰਿਟੇਨ ਦੇ ਇੰਜੀਨੀਅਰਾਂ ਦੁਆਰਾ ਕੀਤੇ ਗਏ ਤਿੰਨ ਸਾਲ ਦੇ ਅਧਿਐਨ ਦਾ ਨਤੀਜਾ ਹੈ। ਦਲ ਦਾ ਕਹਿਣਾ ਹੈ ਕਿ ਵਿਮਾਨ ਬਣਾਉਣ ਵਾਲੀ ਕੰਪਨੀ ਹੈਪਸਨ ਇੰਡਸਟਰੀਜ਼ ਸਾਲ 2011 ਦੀ ਪਹਿਲੀ ਤਿਮਾਹੀ ਤੋਂ ਇਸ ਕਾਰ ਦੇ ਮੁੱਖ ਹਿੱਸੇ ਦਾ ਨਿਰਮਾਣ ਕਰਨਾ ਸ਼ੁਰੂ ਕਰੇਗੀ। ਕਾਰ ਦੇ ਅਗਲੇ ਹਿੱਸੇ ਦੇ ਨਿਰਮਾਣ ਦੇ ਲਈ ਇਕ ਦੂਸਰੀ ਕੰਪਨੀ ਨਾਲ ਸਮਝੌਤਾ ਆਖਰੀ ਦੌਰ 'ਚ ਹੈ।

ਕਾਰ ਦਾ ਮਾਡਲ ਤਿਆਰ ਕਰਨ ਵਾਲੇ ਇੰਜੀਨੀਅਰਾਂ ਦੇ ਦਲ ਦੇ ਪ੍ਰਮੁੱਖ ਮਾਰਕ ਚੈਪਮੈਨ ਨੇ ਬੀਬੀਸੀ ਨਾਲ ਗੱਲਬਾਤ ਕਰਦੇ ਹੋਏ ਕਿਹਾ, "ਕਾਰ ਦੇ ਨਿਰਮਾਣ ਦਾ ਰਸਤਾ ਸਾਫ਼ ਹੋ ਗਿਆ ਹੈ, ਸਾਨੂੰ ਪੂਰੀ ਉਮੀਦ ਹੈ ਕਿ ਸਾਲ 2011 ਦੇ ਆਖਰ ਤੱਕ ਜਾਂ 20 12 ਦੇ ਸ਼ੁਰੂ 'ਚ ਅਸੀਂ ਇਹ ਕਾਰ ਬ੍ਰਿਟੇਨ 'ਚ ਚਲਾਉਣ 'ਚ ਸਫ਼ਲ ਹੋਵਾਂਗੇ।

ਵਰਲਡ ਹਾਉਡ ਪਰਿਯੋਜਨਾ ਨਾਲ ਜੁੜਨ ਦਾ ਉਨ੍ਹਾਂ ਦਾ



ਉਦੇਸ਼ ਨਾ ਕੇਵਲ ਨਵਾਂ ਰਿਕਾਰਡ ਬਣਾਉਣਾ ਸੀ ਸਗੋਂ ਬੱਚਿਆਂ ਨੂੰ ਵਿਗਿਆਨ, ਇੰਜੀਨੀਅਰਿੰਗ ਅਤੇ ਗਣਿਤ ਵਿਸ਼ਿਆਂ ਵੱਲ ਪ੍ਰੇਰਿਤ ਕਰਨਾ ਸੀ।

ਵਰਲਡ ਹਾਉਡ ਐਜੁਕੇਸ਼ਨ ਪ੍ਰੋਗਰਾਮ ਨੇ ਘੋਸ਼ਣਾ ਕੀਤੀ ਹੈ ਕਿ ਤਕਰੀਬਨ 15 ਲੱਖ ਸਕੂਲੀ ਬੱਚੇ ਹੁਣ ਸੁਪਰਸਾਨਿਕ ਕਾਰ 'ਤੇ ਅਧਾਰਿਤ ਪਾਠ ਸਮੱਗਰੀ ਦਾ ਇਸਤੇਮਾਲ ਆਪਣੀ ਸਟੱਡੀ 'ਚ ਕਰ ਰਹੇ ਹਨ।

# 2030 ਤੱਕ ਖਤਮ ਹੋ ਜਾਵੇਗਾ ਹੀਲੀਅਮ ਦਾ ਸਟਾਕ!

ਲੰਦਨ - ਇਕ ਟੋਪ ਸਾਇੰਟਿਸਟ ਦਾ ਕਹਿਣਾ ਹੈ ਕਿ ਪ੍ਰਿਥਵੀ 'ਤੇ ਹੀਲੀਅਮ ਦਾ ਭੰਡਾਰ 2030 ਤੱਕ ਹੀ ਬਚਿਆ ਰਹੇਗਾ। ਕਰਨਲ ਯੂਨੀਵਰਸਿਟੀ ਦੇ ਪ੍ਰੋ. ਰਾਬਟਰ ਰਿਚਰਡਸਨ ਨੇ ਕਿਹਾ ਕਿ ਅਮਰੀਕਾ ਦੁਨੀਆਂ ਭਰ 'ਚ ਇਸਤੇਮਾਲ ਹੋਣ ਵਾਲੇ ਹੀਲੀਅਮ ਦਾ 80 ਫੀਸਦੀ ਸਸਤੇ ਮੁੱਲ 'ਤੇ ਮੁਹੱਈਆ ਕਰਵਾਉਂਦਾ ਹੈ।

ਨੋਬਲ ਪੁਰਸਕਾਰ ਜੇਤੂ ਰਿਚਰਡਸਨ ਨੇ ਕਿਹਾ ਕਿ ਆਉਣ ਵਾਲੇ 25 ਤੋਂ 30 ਸਾਲਾਂ 'ਚ ਇਹ ਭੰਡਾਰ ਖ਼ਤਮ ਹੋ ਜਾਣਗੇ। ਫਿਜਿਕਸ ਦੇ ਇਸ ਪ੍ਰੋ. ਨੇ ਕਿਹਾ ਕਿ ਹੀਲੀਅਮ ਦੇ ਸਟਾਕ ਵੀ ਇਕ ਵਾਰ ਸਮਾਪਤੀ ਤੋਂ ਬਾਅਦ ਇਸਦੀ ਥਾਂ 'ਤੇ ਦੂਸਰਾ ਵਿਕਲਪ ਲਾਉਣਾ ਸੰਭਵ ਨਹੀਂ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਹੀਲੀਅਮ ਬਣਾਉਣ ਦਾ ਕੋਈ ਕੈਮੀਕਲ ਪ੍ਰੋਸੈਸ ਨਹੀਂ ਹੈ। ਪ੍ਰਿਥਵੀ 'ਤੇ ਚਟਾਨਾਂ 'ਚ ਉਪਲਬਧ ਰੇਡੀਓਧਰਮੀ ਅਲਫਾ ਅਵਸ਼ੇਸ਼ਾਂ 'ਚ ਹੀਲੀਅਮ ਮੁੱਖ ਤੌਰ 'ਤੇ ਪਾਇਆ ਜਾਂਦਾ ਹੈ।

# ਡਰੈਸ ਹੈ ਜਾਂ ਫੋਨ?

ਲੰਦਨ - ਪਾਰਟੀ 'ਚ ਜਾਂਦੇ ਸਮੇਂ ਤੁਸੀਂ ਹਮੇਸ਼ਾ ਹੀ ਇਹ ਸੋਚਦੇ ਹੋ ਕਿ ਮੋਬਾਇਲ ਫ਼ੋਨ ਤੁਹਾਡੀ ਡਰੈਸ ਨਾਲ ਮੈਚ ਨਹੀਂ ਕਰਦਾ। ਪਰ ਜਲਦੀ ਹੀ ਤੁਹਾਡੀ ਇਹ ਸਮੱਸਿਆ ਦੂਰ ਹੋਣ ਵਾਲੀ ਹੈ। ਇਕ ਨਵੀਂ ਬਲੈਕ ਕਲਰ ਦੀ ਡਰੈਸ ਤਿਆਰ ਹੋ ਰਹੀ ਹੈ ਜਿਸ ਨੂੰ ਪਹਿਨਣ ਤੋਂ ਬਾਅਦ ਤੁਹਾਨੂੰ ਮੋਬਾਇਲ ਚੁੱਕਣ ਦੀ ਜ਼ਰੂਰਤ ਹੀ ਨਹੀਂ ਹੋਵੇਗੀ। ਉਹ ਡਰੈਸ ਹੀ ਤੁਹਾਡੇ ਲਈ ਮੋਬਾਇਲ ਦਾ ਕੰਮ ਕਰੇਗੀ। ਇਸ ਡਰੈਸ ਨੂੰ ਨਾਮ ਦਿੱਤਾ ਗਿਆ ਹੈ ਐਮ-ਡਰੈਸ। ਫ਼ੋਨ ਆਉਣ 'ਤੇ ਤੁਹਾਨੂੰ ਜ਼ਿਆਦਾ ਮਿਹਨਤ ਨਹੀਂ ਕਰਨੀ ਪਵੇਗੀ। ਬੱਸ ਤੁਸੀਂ ਆਪਣਾ ਹੱਥ ਕੰਨ ਕੋਲ ਲੈ ਜਾਓ ਅਤੇ ਫ਼ੋਨ ਸੁਣ ਲਓ। ਗੱਲ ਖ਼ਤਮ ਹੋ ਗਈ ਤਾਂ ਫ਼ੋਨ ਰੱਖਣਾ ਹੈ ਤਾਂ ਤੁਸੀਂ ਆਪਣੇ ਹੱਥ ਨੂੰ ਫਿਰ ਤੋਂ ਨੀਚੇ ਕਰ ਲਵੋ।

ਲੰਦਨ ਦੀ ਇਕ ਫੈਸ਼ਨ ਕੰਪਨੀ ਨੇ ਇਹ ਡਰੈਸ ਤਿਆਰ ਕੀਤੀ ਹੈ। ਜਦੋਂ ਫ਼ੋਨ ਆਊਗਾ ਤਾਂ ਡਰੈਸ ਆਪਣੇ ਆਪ ਵੱਜਣ ਲੱਗੇਗੀ। ਇਸ ਡਰੈਸ 'ਤੇ ਤੁਸੀਂ ਅਲੱਗ ਅਲੱਗ ਤਰ੍ਹਾਂ ਦੇ ਰਿੰਗਟੋਨ ਅਤੇ ਕਾਲ ਟਿਊਨ ਉਸ ਤਰ੍ਹਾਂ ਹੀ ਸੈਟ ਕਰ ਸਕਦੇ ਹੋ ਜਿਸ ਤਰ੍ਹਾਂ ਤੁਸੀਂ ਆਪਣੇ ਮੋਬਾਇਲ 'ਤੇ ਕਰਦੇ ਹੋ।

ਇਸ ਡਰੈਸ ਦਾ ਇਕ ਮਾਇਨਸ ਪੁਆਇੰਟ ਇਹ ਹੈ ਕਿ ਜਦੋਂ ਤੁਸੀਂ ਫ਼ੋਨ ਕਰਨਾ ਹੋਵੇਗਾ ਤਾਂ ਇਹ ਡਰੈਸ ਕੁਝ ਲਿਮਟਡਾਂ ਨੰਬਰਾਂ 'ਤੇ ਫ਼ੋਨ ਕਰ ਸਕਦੀ ਹੈ ਜੋ ਇਸ ਤੇ ਪਹਿਲਾਂ ਹੀ ਫੀਡ ਹੋਣਗੇ। ਅਜੇ ਤੱਕ ਇਸ ਡਰੈਸ ਦੀ ਕੀਮਤ ਤੈਅ ਨਹੀਂ ਕੀਤੀ ਗਈ ਹੈ। ਪਰ ਇਹ ਅਗਲੇ ਸਾਲ ਤੱਕ ਰਿਲੀਜ਼ ਕੀਤੀ ਜਾਵੇਗੀ।

ਇਹ ਡਰੈਸ ਆਪਣੇ ਆਪ 'ਚ ਮੋਬਾਇਲ ਫ਼ੋਨ ਹੈ, ਪਰ ਇਸਦਾ ਸਕਰਿਪਟ ਬਹੁਤ ਜ਼ਿਆਦਾ ਸਾਫ਼ਟ ਹੋਵੇਗਾ। ਡਰੈਸ ਪਾਉਣ 'ਤੇ ਤੁਹਾਨੂੰ ਇਹ ਬਿਲਕੁਲ ਅਹਿਸਾਸ ਨਹੀਂ ਹੋਵੇਗਾ ਕਿ ਇਸ 'ਚ ਫ਼ੋਨ ਇਨ ਬਿਲਟ ਹੈ।

# ਕਿਊਬ ਦੀ ਪਹੇਲੀ ਸੁਲਝੇਗੀ ਤੇਜੀ ਨਾਲ

ਸਭ ਤੋਂ ਘੱਟ ਵਾਰ ਰੂਬਿਕ ਕਿਊਬ ਨੂੰ ਘੁਮਾਕੇ ਹੱਲ ਕਰਨ ਦੀ ਤੀਹ ਸਾਲ ਦੀ ਪੁਰਾਣੀ ਕੋਸ਼ਿਸ਼ ਹੁਣ ਖ਼ਤਮ ਹੋ ਗਈ ਹੈ। ਸੋਧਕਰਤਾ ਦਾ ਕਹਿਣਾ ਹੈ ਕਿ ਰੂਬਿਕ ਕਿਊਬ ਹੁਣ ਵੀਹ ਜਾਂ ਇਸ ਤੋਂ ਘੱਟ ਘੁਮਾ ਕੇ ਹੱਲ ਕੀਤਾ ਜਾ ਸਕਦਾ ਹੈ।

ਸੋਧਕਰਤਾ ਦੀ ਇਕ ਅੰਤਰ ਰਾਸ਼ਟਰੀ ਟੀਮ ਨੇ ਇੰਟਰਨੈਟ ਕੰਪਨੀ ਗੂਗਲ ਦੇ ਕੰਪਿਊਟਰਾਂ ਦੀ ਸਹਾਇਤਾ ਨਾਲ ਇਸ ਦਿਲਚਸਪ ਸਮੱਸਿਆ ਦਾ ਹੱਲ ਖੋਜਿਆ ਹੈ। ਪ੍ਰੋਫੈਸਰ ਡੇਵਿਡਸਨ ਦੇ ਮੁਤਾਬਿਕ ਗੁਪਤ ਰੂਪ 'ਚ ਇਸ ਗੱਲ ਦਾ ਇੰਤਜ਼ਾਰ ਕਰਦੇ ਰਹੇ ਕਿ ਕੋਈ ਅਜਿਹੀ ਪਹੇਲੀ ਸਾਹਮਣੇ ਆਵੇ ਜੋ ਵੀਹ ਦੀ ਜਗ੍ਹਾ ਇੱਕੀ ਵਾਰ ਸੁਲਝੇ। ਰਿਊਬਿਕ ਕਿਊਬ ਦਾ ਅਵਿਸ਼ਕਾਰ ਹੰਗਰੀ 'ਚ ਆਰਕੀਟੈਕਟ ਆਨਰੋ ਰਿਊਬਿਕ ਨੇ 1974 'ਚ ਕੀਤਾ। ਅਜਿਹਾ ਮੰਨਿਆ ਜਾਂਦਾ ਹੈ ਕਿ ਹੁਣ ਤੱਕ 40 ਕਰੋੜ ਰਿਊਬਿਕ ਕਿਊਬ ਵਿਕ ਚੁੱਕੀਆਂ ਹਨ। ਸਭ ਤੋਂ ਵੱਡੀ ਰਿਊਬਿਕ ਕਿਊਬ ਹੱਲ ਕਰਨ ਦਾ ਰਿਕਾਰਡ 7.08 ਸੈਕਿੰਡ ਹੈ। ਇਹ ਰਿਕਾਰਡ ਅਰਿਕ ਐਕਸਡਿਜਕ ਦੇ ਨਾਮ ਦਾ ਹੈ।

# ਕੱਪੜੇ ਧੋਂਦਾ ਹੈ ਇਹ ਰੋਬੋਟ



ਵਾਸ਼ਿੰਗਟਨ, ਕੀ ਤੁਸੀਂ ਕਿਸੇ ਅਜਿਹੇ ਨੌਕਰ ਦੀ ਤਲਾਸ਼ ਵਿਚ ਹੋ ਜੋ ਦਿਨ ਰਾਤ ਕੱਪੜੇ ਧੋਵੇ, ਸੁਖਾਵੇ ਅਤੇ ਉਨ੍ਹਾਂ ਨੂੰ ਸਾਂਭ ਕੇ ਰੱਖੇ। ਤਾਂ ਤੁਹਾਡੇ ਲਈ ਹਾਜ਼ਰ ਹੈ ਇਕ ਅਜਿਹਾ ਹੀ ਰੋਬੋਟ। ਪੀਆਰ2 ਨਾਮ ਦਾ। ਇਹ ਰੋਬੋਟ ਤੁਹਾਡੇ ਸਾਰੇ ਕੰਮ ਕਰੇਗਾ ਅਤੇ ਤੁਹਾਨੂੰ ਕੋਈ ਸ਼ਿਕਾਇਤ ਵੀ ਨਹੀਂ ਕਰੇਗਾ।

ਇਸ ਰੋਬੋਟ ਨੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੇ ਵਿਗਿਆਨੀਆਂ ਦੀ ਟੀਮ ਨੇ ਡਿਜ਼ਾਇਨ ਕੀਤਾ ਹੈ। ਇਸ ਰੋਬੋਟ ਨੂੰ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਹ ਕੱਪੜਿਆਂ ਵਿਚਲੇ ਅੰਤਰ ਨੂੰ ਸਮਝ ਕੇ ਉਨ੍ਹਾਂ ਨੂੰ ਅਲੱਗ ਅਲੱਗ ਕਰ ਲੈਂਦਾ ਹੈ। ਰੋਬੋਟ ਸਹੀ ਤਰੀਕੇ ਨਾਲ ਕੰਮ ਕਰ ਸਕੇ ਇਸਦੇ ਲਈ ਇਸ ਨੂੰ ਹਾਈ ਰੈਜ਼ੂਲੇਸ਼ਨ ਵਾਲੇ ਕੈਮਰਿਆਂ ਨਾਲ ਲੈਸ ਕੀਤਾ ਗਿਆ ਹੈ।

# ਦੇਸ਼ ਦਾ ਪਹਿਲਾ ਈ-ਰੀਡਰ

ਮੁੰਬਈ - ਬੈਂਗਲੁਰੂ ਦੀ ਇਕ ਕੰਪਨੀ ਨੇ ਭਾਰਤ ਦਾ ਪਹਿਲਾ ਸਵਦੇਸ਼ੀ ਈ-ਬੁਕ ਰੀਡਰ ਬਾਜ਼ਾਰ 'ਚ ਲਿਆਂਦਾ ਹੈ। ਈ. ਸੀ. ਮੀਡੀਆ ਇੰਟਰਨੈਸ਼ਨਲ ਦੀ ਇਸ ਕੰਪਨੀ ਨੇ ਵਿੰਕ ਐਕਸ. ਟੀ. ਐਸ. ਈ-ਰੀਡਰ ਨੂੰ ਮਲਟੀਫੰਕਸ਼ਨ ਈ-ਬੁਕ ਦੇ ਰੂਪ 'ਚ ਪੇਸ਼ ਕੀਤਾ ਹੈ। ਇਸ ਨੂੰ ਉਪਯੋਗ ਕਰਨ ਵਾਲੇ 15 ਭਾਰਤੀ ਭਾਸ਼ਾਵਾਂ 'ਚ ਕਿਤਾਬਾਂ ਪੜ੍ਹ ਸਕਦੇ ਹਨ। ਇਹ ਈ-ਰੀਡਰ ਸਤੰਬਰ 'ਚ ਉਪਲਬਧ ਹੋਵੇਗਾ।



ਕੰਪਨੀ ਨੇ www. ਵਿੰਕਸਟੋਰੀ ਡਾਟ ਕਾਮ ਨਾਮ ਦਾ ਓਨਲਾਈਨ ਐਪਲੀਕੇਸ਼ਨ ਸਟੋਰ ਵੀ ਖੋਲ੍ਹਿਆ ਹੈ। ਇਸ ਸਟੋਰ 'ਚ ਦੋ ਲੱਖ ਤੋਂ ਜ਼ਿਆਦਾ ਈ-ਬੁਕਸ, ਸਮਾਚਾਰ ਪੱਤਰ, ਪੱਤ੍ਰਿਕਾਵਾਂ ਅਤੇ ਮੈਗਜ਼ੀਨ ਦੇਖ ਸਕਣਗੇ। ਇਨ੍ਹਾਂ ਨੂੰ ਅੰਗਰੇਜ਼ੀ ਤੋਂ ਇਲਾਵਾ ਖੇਤਰੀ ਭਾਸ਼ਾਵਾਂ 'ਚ ਵੀ  ਦੇਖਿਆ ਜਾ ਸਕਦਾ ਹੈ। ਇਸ 'ਚ ਦੋ ਜੀਵੀ ਮੈਮਰੀ ਮਿਊਜਿਕ ਅਤੇ ਈ-ਮੇਲ ਚੈਕ ਕਰਨ ਦੇ ਲਈ ਦਿੱਤੀ ਗਈ ਹੈ।

# ਭੂਤਾਂ-ਚੜੇਲਾਂ, ਜਾਦੂ-ਟੂਣਿਆਂ 'ਤੇ ਜੰਤਰਾਂ-ਮੰਤਰਾਂ ਦਾ ਦਾਅਵੇਦਾਰ 'ਪਾਖੰਡੀ ਸੰਤ'



ਮਨੁੱਖ ਨੂੰ ਵਫ਼ਾਦਾਰ, ਸੱਚਾ ਤੇ ਇਮਾਨਦਾਰ ਬਣ ਕੇ ਆਪ ਹੱਥੀਂ ਮਿਹਨਤ ਕਰਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋਏ ਅਨੁਸ਼ਾਸਨ ਵਿਚ ਰਹਿ ਕੇ ਆਪਣੀ ਰੋਟੀ-ਰੋਜ਼ੀ ਕਮਾਉਣੀ ਚਾਹੀਦੀ ਹੈ। ਪਰ ਚੋਰ, ਡਾਕੂ, ਬਦਮਾਸ਼ ਅਤੇ ਲੁਟੇਰੇ ਮਿਹਨਤ ਕਰਨ ਵਾਲਿਆਂ ਨਾਲ ਧੋਖਾ ਤੇ ਬੇਈਮਾਨੀ ਕਰਕੇ ਆਪਣੀ ਰੋਟੀ ਕਮਾਉਂਦੇ ਹਨ, ਇਨ੍ਹਾਂ ਵਿਚ ਉਹ ਸਾਰੇ ਠੱਗ ਜੋਤਸ਼ੀ, ਬਾਬੇ, ਜਾਦੂਗਰ, ਸਾਧੂ, ਸੰਤ, ਮਹਾਤਮਾ, ਚੇਲੇ, ਸਿਆਣੇ, ਪਾਂਡੇ, ਪੰਡਿਤ, ਗੁਰੂ, ਪੀਰ, ਤੰਤਰਿਕ, ਮਹੰਤ, ਮੌਲਵੀ, ਸਿੱਧ, ਰਿਸ਼ੀ, ਮੁਨੀ, ਪ੍ਰਚਾਰਕ, ਸਵਾਮੀ, ਯੋਗੀ, ਮਹਾਰਾਜ, ਦਾਦਾ ਜੀ, ਭਗਵਾਨ, ਮਹਾਂਰਿਸ਼ੀ, ਮਹਾਂਪੁਰਸ਼, ਦਾਤਾ ਜੀ, ਪਾਦਰੀ ਅਤੇ ਪੁਜਾਰੀ ਆਦਿ ਵੀ ਸ਼ਾਮਲ ਹਨ ਜੋ ਭੋਲੇ-ਭਾਲੇ, ਗਰੀਬ, ਲਾਈਲੱਗ ਤੇ ਅਨਪੜ੍ਹ ਲੋਕਾਂ ਦੀ ਅਗਿਆਨਤਾ ਕਾਰਨ ਉਨ੍ਹਾਂ ਦੇ ਮਨਾਂ ਵਿਚ ਭੂਤਾਂ-ਚੜੇਲਾਂ, ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ, ਗੈਬੀ ਸ਼ਕਤੀਆਂ, ਪੂਜਾ-ਪਾਠ, ਧਾਗੇ ਤਵੀਤ, ਦੇਵੀ-ਦੇਵਤੇ, ਆਤਮਾ-ਪ੍ਰਮਾਤਮਾ, ਕਾਲੇ ਇਲਮ, ਸਲੇਡਾ, ਵਸ ਵਿਚ ਕਰਨਾ, ਰੂਹਾਨੀ ਸ਼ਕਤੀਆਂ, ਚਮਤਕਾਰ, ਨਾਮ ਜਪਣਾ, ਨਾਮਦਾਨ, ਯੋਗਿਕ ਸ਼ਕਤੀਆਂ, ਸ਼ੁੱਭ-ਅਸ਼ੁੱਭ, ਕੀਲ ਲੈਣਾ, ਪੁੱਛਾ ਦੇਣਾ, ਪ੍ਰਾਰਥਨਾਵਾਂ, ਸ਼ੈਤਾਨ, ਪਵਿੱਤਰ ਗ੍ਰੰਥ, ਟੈਲੀ ਪੈਥੀ, ਧਾਰਮਿਕ ਪਾਖੰਡ, ਦੇਵ ਦਾਨਵ ਪਰੀਆਂ, ਧਰਮਰਾਜ, ਸਵਰਗ ਨਰਕ, ਲੋਕ-ਪ੍ਰਲੋਕ, ਮਸੀਤਾਂ, ਰੌਜੇ, ਡੇਰੇ, ਚਿਰਾਗ ਕਰਨੇ, ਮੰਦਰਾਂ, ਚਰਚਾਂ ਅਤੇ ਗੁਰਦੁਆਰਿਆਂ ਆਦਿ ਵਰਗੇ ਬਹੁਤ ਸਾਰੇ ਵਹਿਮ-ਭਰਮ ਤੇ ਅੰਧਵਿਸ਼ਵਾਸ ਪੈਦਾ ਕਰਕੇ ਡਰ ਭਰਦੇ ਹਨ ਤੇ ਆਪਣਾ ਮਾਨਸਿਕ ਗੁਲਾਮ ਬਣਾ ਕੇ ਉਨ੍ਹਾਂ ਦੀ ਸਰੀਰਕ, ਮਾਨਸਿਕ ਤੇ ਆਰਥਿਕ ਲੁੱਟ ਕਰਦੇ ਹਨ ਜੋ ਉਨ੍ਹਾਂ ਦੀ ਖੂਨ-ਪਸੀਨੇ ਦੀ ਕਮਾਈ ਹੋਈ ਧੰਨ-ਦੌਲਤ ਹੜੱਪ ਕਰ ਜਾਂਦੇ ਹਨ। ਸਰਕਾਰ ਅਤੇ ਕਾਨੂੰਨ ਦੇ ਰਖਵਾਲੇ ਵੀ ਇਨ੍ਹਾਂ ਨੂੰ ਲੁੱਟਣ ਦੇ ਜ਼ੁਰਮ ਵਿਚ ਗ੍ਰਿਫ਼ਤਾਰ ਕਰਨ ਲਈ ਬੇਵੱਸ ਹਨ।

ਭੂਤਾਂ-ਚੜੇਲਾਂ, ਜਾਦੂ-ਟੂਣਾ ਅਤੇ ਜੰਤਰ-ਮੰਤਰ ਕੁਝ ਵੀ ਨਹੀਂ ਹੁੰਦਾ, ਇਹ ਸਿਰਫ ਲੋਕਾਂ ਦੇ ਮਨਾਂ ਵਿਚ ਬੈਠਾ ਹੋਇਆ ਵਹਿਮ-ਭਰਮ ਤੇ ਅੰਧਵਿਸ਼ਵਾਸ ਹੀ ਹੁੰਦਾ ਹੈ ਜੋ ਬਚਪਨ ਤੋਂ ਹੀ ਸਾਡੇ ਮਾਤਾ-ਪਿਤਾ ਅਤੇ ਸਿਆਣਿਆਂ ਦੀ ਅਗਿਆਨਤਾ ਕਾਰਨ ਸਾਡੇ ਮਨਾਂ ਵਿਚ ਕਲਪਿਤ ਕਹਾਣੀਆਂ ਰਾਹੀਂ ਭਰ ਦਿੱਤਾ ਜਾਂਦਾ ਹੈ। ਜਿਹੜੇ ਲੋਕ ਭੂਤਾਂ-ਚੜੇਲਾਂ ਤੇ ਜਾਦੂ ਟੂਣਿਆਂ ਦੀ ਝਲਕ ਦੇਖਦੇ ਹਨ ਅਤੇ ਡਰਦੇ ਹਨ ਉਹ ਸਿਰਫ਼ ਮਾਨਸਿਕ ਰੋਗੀ ਹੁੰਦੇ ਹਨ ਜਾਂ ਉਹ ਪਾਖੰਡ ਕਰਦੇ ਹਨ। ਜਿਹੜੇ ਲੋਕ ਸੱਚਮੁੱਚ ਹੀ ਭੂਤਾਂ-ਚੜੇਲਾਂ ਤੇ ਜਾਦੂ ਟੂਣਿਆਂ ਦੇ ਪ੍ਰਭਾਵ ਵਿਚ ਹੁੰਦੇ ਹਨ, ਉਨ੍ਹਾਂ ਨੂੰ ਠੀਕ ਕਰਨ ਦਾ ਇਕੋ ਹੀ ਤਰੀਕਾ ਹੈ ਕੇ ਉਨ੍ਹਾਂ ਦੇ ਮਨਾਂ ਵਿਚੋਂ ਅਜਿਹੇ ਬਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਬਾਰੇ ਝੂਠਾ ਵਿਸ਼ਵਾਸ ਖਤਮ ਕਰ ਦਿੱਤਾ ਜਾਵੇ ਅਤੇ ਉਨ੍ਹਾਂ ਮਾਨਸਿਕ ਰੋਗੀਆਂ ਨੂੰ ਦੱਸ ਦਿੱਤਾ ਜਾਵੇ ਕਿ ਅਜਿਹੀਆਂ ਗੱਲਾਂ ਵਿਚ ਕੋਈ ਸੱਚਾਈ ਨਹੀਂ ਹੁੰਦੀ ਅਤੇ ਉਹ ਆਪਣੇ ਆਪ ਹੀ ਠੀਕ ਹੋ ਜਾਣਗੇ। ਭੂਤਾਂ-ਚੜੇਲਾਂ, ਜਾਦੂ-ਟੂਣਿਆਂ ਤੇ ਜੰਤਰਾਂ-ਮੰਤਰਾਂ ਸਬੰਧੀ ਵਹਿਮ-ਭਰਮ ਤੇ ਅੰਧਵਿਸ਼ਵਾਸ ਸਿਰਫ ਧਾਰਮਿਕ ਗ੍ਰੰਥਾਂ, ਅਖ਼ਬਾਰਾਂ, ਚੁਟਕਲਿਆਂ 'ਤੇ ਗਹਿਰਾ ਤੇ ਅਸਲੀ ਪ੍ਰਭਾਵ ਪਾਉਂਦੇ ਹਨ। ਖੋਜ ਅਤੇ ਜਾਂਚ-ਪੜਤਾਲ ਕਰਨ ਤੇ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਧੋਖਾ ਅਤੇ ਪਾਖੰਡ ਹੈ। ਜਿਸ ਦੀ ਅਸਲ ਵਿਚ ਕੋਈ ਹੋਂਦ ਨਹੀਂ। ਇਹ ਤਾਂ ਸਿਰਫ ਸਾਡੀ ਧੰਨ-ਦੌਲਤ ਲੁੱਟਣ ਲਈ ਘੜਿਆ ਗਿਆ ਇਕ ਕਾਮਯਾਬ ਸਾਧਨ ਹੈ। ਸਾਨੂੰ ਅਜਿਹੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਵੱਖ-ਵੱਖ ਚੈਨਲਾਂ ਤੇ ਜੋਤਸ਼ੀ, ਬਾਬੇ, ਜਾਦੂਗਰ, ਸਾਧੂ-ਸੰਤ ਅਤੇ ਡੇਰੇਦਾਰ ਲੋਕਾਂ ਨੂੰ ਲਾਈਲੱਗ ਤੇ ਮੂਰਖ ਬਣਾ ਕੇ ਲੁੱਟਣ ਲਈ ਆਪਣਾ-ਆਪਣਾ ਪ੍ਰਚਾਰ ਕਰਦੇ ਹੋਏ ਹਰ ਰੋਜ਼ ਦੇਖੇ ਜਾ ਸਕਦੇ ਹਨ। ਕੀ ਸਰਕਾਰ ਨੂੰ ਅਜਿਹੇ ਖਤਰਨਾਕ ਚੈਨਲਾਂ ਉਤੇ ਰੋਕ ਨਹੀਂ ਲਗਾਉਣੀ ਚਾਹੀਦੀ। ਜਦ ਕੇ ਇਹ ਚੈਨਲ ਮਨੁੱਖੀ ਜ਼ਿੰਦਗੀ ਨੂੰ ਨਰਕ ਬਣਾ ਰਹੇ ਹਨ। ਪਰ ਸਰਕਾਰ ਨੂੰ ਤਾਂ ਵੋਟਾਂ ਦੀ ਜ਼ਰੂਰਤ ਹੈ ਜਿਥੋਂ ਵੋਟਾਂ ਵੱਧ ਪ੍ਰਾਪਤ ਹੋਣ ਉਸ ਖਿਲਾਫ਼ ਸਰਕਾਰ ਕਿਵੇਂ ਰੋਕ ਲਗਾ ਸਕਦੀ ਹੈ। ਹਰ ਰੋਜ਼ ਸੋਨੇ ਦਾ ਇਕ ਅੰਡਾ ਦੇਣ ਵਾਲੀ ਮੁਰਗੀ ਕੋਈ ਕਿਵੇਂ ਖਤਮ ਕਰ ਸਕਦਾ ਹੈ ਕੀ ਉਹ ਉਸ ਇਕ ਅੰਡੇ ਤੋਂ ਵੀ ਹੱਥ ਨਹੀਂ ਧੋ ਬੈਠੇਗਾ। ਸਾਡੀ ਸਰਕਾਰ ਬਹੁਤ ਹੀ ਚਲਾਕ ਹੈ, ਸਾਵਧਾਨ ਰਹੋ।

ਜੇ ਅੰਕੜਿਆਂ ਦੇ ਆਧਾਰ ਤੇ ਗੱਲ ਕਰੀਏ ਤਾਂ ਜ਼ਿਆਦਾਤਰ ਮਾਨਸਿਕ ਰੋਗ (ਪਾਗਲਪਨ) ਜਿਸ ਵਿਚ ਰੋਗੀ ਨੂੰ ਭੂਤਾਂ-ਚੜੇਲਾਂ, ਜਾਦੂ ਟੂਣਾ ਜਾਂ ਜੰਤਰਾਂ-ਮੰਤਰਾਂ ਦਾ ਅਸਰ ਹੋਇਆ ਹੋਵੇ ਉਹ ਸਿਰਫ ਬਚਪਨ ਵਿਚ ਅਜਿਹੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਸੰਬੰਧੀ ਕਲਪਿਤ ਕਹਾਣੀਆਂ ਦੇ ਸੁਣਨ ਕਾਰਨ ਹੀ ਹੋਇਆ ਹੁੰਦਾ ਹੈ ਜੋ ਸਾਰੀ ਉਮਰ ਸਾਡੇ ਮਨਾਂ ਤੇ ਖਤਰਨਾਕ ਪ੍ਰਭਾਵ ਛੱਡਦੀਆਂ ਰਹਿੰਦੀਆਂ ਹਨ। ਅਜਿਹੇ ਖਤਰਨਾਕ ਪ੍ਰਭਾਵ ਤੋਂ ਸਿਰਫ ਉਹੀ ਲੋਕ ਬਚ ਸਕਦੇ ਹਨ ਜੋ ਤਰਕ ਨਾਲ ਸੋਚਦੇ ਹਨ ਅਤੇ ਜਾਣਦੇ ਹਨ ਕੇ ਭੂਤਾਂ-ਚੜੇਲਾਂ ਜਾਦੂ-ਟੂਣਾ ਅਤੇ ਜੰਤਰ-ਮੰਤਰ ਸਿਰਫ ਵਹਿਮ-ਭਰਮ ਤੇ ਅੰਧ ਵਿਸ਼ਵਾਸ ਹੀ ਹਨ। ਜਿਨ੍ਹਾਂ ਦੀ ਅਸਲ ਵਿਚ ਕੋਈ ਹੋਂਦ ਨਹੀਂ ਹੁੰਦੀ। ਆਓ ਇਕ ਅਜਿਹੇ ਹੀ ਤਜਰਬੇ ਤੇ ਵਿਚਾਰ-ਚਰਚਾ ਕਰੀਏ।

ਪੇਂਟਿੰਗ ਦਾ ਕੰਮ ਕਰਦਾ ਹੋਣ ਕਾਰਨ ਮੈਨੂੰ ਅਕਸਰ ਹੀ ਮੰਦਰਾਂ-ਗੁਰਦੁਆਰਿਆਂ

ਵਿਚ ਕੰਮ ਕਰਨ ਲਈ ਰੁਜ਼ਗਾਰ ਦਾ ਮੌਕਾ ਮਿਲਦਾ ਹੀ ਰਹਿੰਦਾ ਹੈ, ਭਾਵੇਂ ਮੈਂ ਅਜਿਹੇ ਸਥਾਨਾਂ ਵਿਚ ਕਰਾਮਤੀ ਤੇ ਚਮਤਕਾਰੀ ਗੱਲਾਂ ਨੂੰ ਲੈ ਕੇ ਭੋਰਾ ਭਰ ਵੀ ਯਕੀਨ ਨਹੀਂ ਕਰਦਾ ਅਤੇ ਮੈਂ ਤਰਕਸ਼ੀਲ ਵਿਗਿਆਨਕ ਸੋਚ ਕਾਰਨ ਇਹ ਮੰਨਦਾ ਹਾਂ ਕੇ ਚਮਤਕਾਰਾਂ ਤੇ ਕਰਾਮਾਤਾਂ ਨੂੰ ਲੈ ਕੇ ਇਹ ਸਭ ਭੋਲੇ-ਭਾਲੇ, ਗਰੀਬ, ਅਨਪੜ੍ਹ ਤੇ ਲਾਈਲੱਗ ਲੋਕਾਂ ਨੂੰ ਲੁੱਟਣ ਵਾਲੀਆਂ ਦੁਕਾਨਾਂ ਹੀ ਹਨ ਜਿਥੇ ਠੱਗੀ ਦਾ ਕੰਮ ਬੇਫਿਕਰ ਹੋ ਕੇ ਕੀਤਾ ਜਾਂਦਾ ਹੈ। ਇਨ੍ਹਾਂ ਸਥਾਨਾਂ ਉਤੇ ਨਸ਼ੇ ਭਾਰੀ ਮਾਤਰਾ ਵਿਚ ਵੇਚੇ ਤੇ ਖਰੀਦੇ ਜਾਂਦੇ ਹਨ। ਚੋਰਾਂ, ਡਾਕੂਆਂ, ਬਦਮਾਸ਼ਾਂ, ਲੁਟੇਰਿਆਂ ਤੇ ਬੇਈਮਾਨਾਂ ਵਾਲੇ ਸਾਰੇ ਕੰਮ ਇਨ੍ਹਾਂ ਧਾਰਮਿਕ ਸਥਾਨਾਂ ਵਿਚ ਭਾਰੀ ਮਾਤਰਾ ਵਿਚ ਕੀਤੇ ਜਾਂਦੇ ਹਨ।

ਇਕ ਵਾਰੀ ਮੈਨੂੰ ਕਿਸੇ ਮੰਦਰ ਵਿਚ ਪੇਂਟਿੰਗ ਦਾ ਕੰਮ ਕਰਨ ਲਈ ਰੁਜ਼ਗਾਰ ਮਿਲ ਗਿਆ। ਜਿਥੇ ਮੈਨੂੰ ਦੀਵਾਰ ਉਪਰ ਚਾਰ ਫੋਟੋਆਂ ਸ਼ਿਵ ਜੀ, ਗਨੇਸ਼ ਜੀ, ਹਨੂਮਾਨ ਤੇ ਮਾਤਾ ਸ਼ੇਰਾਂ ਵਾਲੀ ਦੀਆਂ ਬਣਾਉਣੀਆਂ ਸਨ। ਇਹ ਮੰਦਰ ਮੇਰੇ ਪਿੰਡ ਬਿਰਕਾਂ ਤੋਂ ਲਗਭਗ 80 ਕਿਲੋਮੀਟਰ ਦੀ ਦੂਰੀ ਤੇ ਸੀ। ਇਸ ਲਈ ਹਰ ਰੋਜ਼ ਆਉਣਾ ਜਾਣਾ ਮੇਰੇ ਲਈ ਦੂਰ ਸੀ। ਭਾਵੇਂ ਮੈਂ ਆਪਣੇ ਮੋਟਰਸਾਇਕਲ ਤੇ ਆਉਂਦਾ ਜਾਂਦਾ ਸੀ ਫਿਰ ਵੀ ਕਾਫੀ ਸਮਾਂ ਆਉਣ ਜਾਣ ਵਿਚ ਬਰਬਾਦ ਹੋ ਜਾਂਦਾ ਸੀ। ਇਸ ਲਈ ਮੈਂ ਉਸ ਮੰਦਰ ਦੇ ਮੁਖੀ 'ਸੰਤ' ਨਾਲ ਇਸ ਬਾਰੇ ਗੱਲਬਾਤ ਕੀਤੀ, ਜਿਸ ਨੇ ਮੈਨੂੰ ਪੇਂਟਿੰਗਾਂ ਬਣਾਉਣ ਲਈ ਸੱਦਿਆ ਸੀ। ਸੰਤ ਜੀ ਆਖਣ ਲੱਗੇ ਕੇ ਜਿਨ੍ਹਾਂ ਚਿਰ ਤੱਕ ਤੇਰਾ ਪੇਂਟਿੰਗ ਦਾ ਕੰਮ ਖਤਮ ਨਹੀਂ ਹੋ ਜਾਂਦਾ ਤੂੰ ਇਥੇ ਹੀ ਰਾਤ ਠਹਿਰ ਜਾਇਆ ਕਰ ਤੈਨੂੰ ਸੌਣ ਲਈ ਬਿਸਤਰਾ ਦੇ ਦਿੱਤਾ ਜਾਵੇਗਾ। ਪੇਂਟਿੰਗ ਦਾ ਕੰਮ ਖਤਮ ਹੋਣ ਵਿਚ ਲੱਗਭਗ 7-8 ਦਿਨ ਲੱਗਣੇ ਸਨ ਇਸ ਲਈ ਮੋਟਰਸਾਇਕਲ 'ਚ ਤੇਲ ਦੀ ਬੱਚਤ ਅਤੇ ਸਮੇਂ ਦੀ ਬਰਬਾਦੀ ਤੋਂ ਬਚਣ ਕਾਰਨ ਮੇਰਾ ਕੰਮ ਕਰਨਾ ਹੋਰ ਵੀ ਆਸਾਨ ਹੋ ਗਿਆ। ਸੰਤ ਜੀ ਨੇ ਉਥੋਂ ਹੀ ਮੰਦਰ ਵਿਚੋਂ ਕਿਸੇ ਸ਼ਰਧਾਲੂ ਲੜਕੇ ਦੀ ਮੇਰੀ ਮਦਦ ਕਰਨ ਦੀ ਡਿਊਟੀ ਲਗਾ ਦਿੱਤੀ ਉਸ ਲੜਕੇ ਦੀ ਉਮਰ ਲੱਗਭਗ ਮੇਰੀ ਉਮਰ ਜਿੰਨੀ ਹੀ ਸੀ। ਉਹ ਸ਼ਰਧਾਲੂ ਲੜਕਾ ਸਾਰਾ ਦਿਨ ਮੇਰੇ ਨਾਲ ਹੀ ਪੇਂਟਿੰਗ ਦਾ ਕੰਮ ਕਰਾਉਣ ਵਿਚ ਮੇਰੀ ਮਦਦ ਕਰਦਾ ਸੀ। ਮੈਨੂੰ ਕਿਸੇ ਵੀ ਚੀਜ਼ ਦੀ ਜ਼ਰੂਰਤ ਹੁੰਦੀ ਉਹ ਝੱਟ ਹੀ ਹਾਜ਼ਰ ਕਰ ਦਿੰਦਾ ਸੀ। ਹੌਲੀ-ਹੌਲੀ ਉਹ ਮੇਰੇ ਨਾਲ ਦੋਸਤਾਂ ਦੀ ਤਰ੍ਹਾਂ ਹੀ ਹੱਸਣ-ਖੇਡਣ ਲੱਗਾ। ਪੇਂਟਿੰਗ ਬਣਾਉਂਦੇ ਸਮੇਂ ਮੈਂ ਵੀ ਉਸ ਨਾਲ ਦੋਸਤਾਂ ਦੀ ਤਰ੍ਹਾਂ ਹੀ ਹਾਸਾ-ਮਜ਼ਾਕ ਕਰਨ ਲੱਗਦਾ, ਸਾਰਾ ਦਿਨ ਇਸੇ ਤਰ੍ਹਾਂ ਹੀ ਹੱਸ-ਖੇਡ ਕੇ ਬਿਨ੍ਹਾਂ ਕਿਸੇ ਪ੍ਰੇਸ਼ਾਨੀ ਦੇ ਗੁਜ਼ਰ ਜਾਂਦਾ। ਪਰ ਉਹ ਦੋਸਤ ਘੱਟ ਹੀ ਪੜ੍ਹਿਆ-ਲਿਖਿਆ ਸੀ ਅਤੇ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਵਿਚ ਵੀ ਬੁਰੀ ਤਰ੍ਹਾਂ ਫਸਿਆ ਹੋਇਆ ਸੀ ਉਹ ਮੰਦਰ ਵਿਚ ਸੇਵਾ ਕਰਨ ਲਈ ਕਾਫੀ ਚਿਰਾਂ ਤੋਂ ਆਪਣਾ ਪਿੰਡ ਛੱਡ ਕੇ ਰਹਿ ਰਿਹਾ ਸੀ। ਮੰਦਰ ਵਿਚ ਉਹ ਸਵੇਰੇ-ਸ਼ਾਮ ਭਜਨ ਤੇ ਭੇਟਾਂ ਗਾ ਕੇ ਸ਼ਰਧਾਲੂਆਂ ਨੂੰ ਖੁਸ਼ ਕਰ ਛੱਡਦਾ ਸੀ ਅਜਿਹਾ ਕਰਨ ਨਾਲ ਉਸਨੂੰ ਬਹੁਤ ਖੁਸ਼ੀ ਮਿਲਦੀ ਸੀ। ਕਈ ਵਾਰੀ ਤਾਂ ਉਹ ਭਜਨ ਤੇ ਭੇਟਾ ਗਾਉਣ ਵਿਚ ਏਨਾ ਮਗਨ ਹੋ ਜਾਂਦਾ ਕੇ ਉਸਦੀ ਅਵਾਜ਼ ਹੀ ਬੈਠ ਜਾਂਦੀ। ਸਵੇਰ ਨੂੰ ਜਲਦੀ ਉਠ ਕੇ ਉਹ ਮੰਦਰ ਵਿਚ ਸਭ ਤੋਂ ਪਹਿਲਾਂ ਟੱਲ ਖੜਕਾ ਕੇ ਲਗਭਗ ਸਾਰੀਆਂ ਹੀ ਦੇਵੀ-ਦੇਵਤਿਆਂ ਦੀਆਂ ਪੱਥਰਾਂ ਦੀਆਂ ਮੂਰਤੀਆਂ ਨੂੰ ਮੱਥਾ ਟੇਕਦਾ ਅਤੇ ਮੰਦਰ ਵਿਚ ਝਾੜੂ-ਪੋਚਾ ਲਾਉਂਦਾ ਤੇ ਫਿਰ ਮੂਰਤੀਆਂ ਨੂੰ ਪਾਣੀ ਨਾਲ ਧੋਂਦਾ ਸਵੇਰੇ, ਉਹ ਚਾਹ ਦਾ ਲੰਗਰ, ਮੰਦਰ ਵਿਚ ਸਾਰੇ ਹੀ ਸ਼ਰਧਾਲੂਆਂ ਨੂੰ ਬਰਤਾਉਂਦਾ ਇਸ ਗੱਲ ਦਾ ਉਹ ਪੂਰਾ ਖਿਆਲ ਰੱਖਦਾ ਕੇ ਕੋਈ ਸ਼ਰਧਾਲੂ ਚਾਹ ਪੀਣ ਤੋਂ ਰਹਿ ਨਾ ਜਾਵੇ ਇਹ ਸਾਰੇ ਕੰਮ ਕਰਨ ਤੋਂ ਬਾਅਦ ਉਹ ਢੋਲਕੀਆਂ, ਚਿਮਟਿਆਂ ਤੇ ਛੈਣਿਆਂ ਨਾਲ ਸ਼ਰਧਾਲੂਆਂ ਨੂੰ ਇਕੱਠੇ ਕਰਕੇ ਭਜਨ ਤੇ ਭੇਟਾਂ ਸੁਣਾਉਂਦਾ ਜਿਸ ਵਿਚ ਮਾਤਾ ਦੀਆਂ ਸਿਫ਼ਤਾਂ ਤੇ ਬਾਬਿਆਂ ਦੀਆਂ ਤਰੀਫ਼ਾਂ ਦੇ ਪੁਲ ਬੰਨ੍ਹੇ ਹੁੰਦੇ। ਜਿੰਨਾ ਚਿਰ ਤੱਕ ਉਹ ਭਜਨ ਤੇ ਭੇਟਾਂ ਸੁਣਾਉਂਦਾ ਉਨ੍ਹਾਂ ਚਿਰ ਤੱਕ ਮੈਂ ਵੀ ਬਾਕੀ ਸ਼ਰਧਾਲੂਆਂ ਦੀ ਤਰ੍ਹਾਂ ਹੀ ਮੰਦਰ ਵਿਚ ਬੈਠਾ ਰਹਿੰਦਾ। ਗਾਉਣ-ਵਜਾਉਣ ਦਾ ਕੰਮ ਲੱਗਭਗ ਦੋ ਘੰਟੇ ਤੱਕ ਚੱਲਦਾ ਰਹਿੰਦਾ। ਉਸ ਤੋਂ ਬਾਅਦ ਉਹ ਮੇਰੇ ਨਾਲ ਪੇਂਟਿੰਗ ਦੇ ਕੰਮ ਵਿਚ ਹੱਥ ਵਟਾਉਣ ਲਈ ਤਿਆਰ ਹੋ ਜਾਂਦਾ, ਉਸ ਸਮੇਂ ਵੀ ਉਹ ਮਾਤਾ, ਬਾਬਿਆਂ 'ਤੇ ਸੰਤਾਂ ਦੀਆਂ ਸਿਫ਼ਤਾਂ ਕਰਦਾ ਨਹੀਂ ਸੀ ਥੱਕਦਾ। ਜਦੋਂ ਮੈ ਉਸਨੂੰ ਇਹ ਦੱਸਦਾ ਕੇ ਅਜਿਹੀਆਂ ਗੱਲਾਂ ਵਿਚ ਕੋਈ ਸੱਚਾਈ ਨਹੀਂ ਹੁੰਦੀ ਤਾਂ ਉਹ ਮੇਰੀਆਂ ਗੱਲਾਂ ਨੂੰ ਅਣਗੌਲਿਆ ਕਰ ਦਿੰਦਾ ਕਈ ਵਾਰ ਤਾਂ ਉਹ ਮੇਰੇ ਨਾਲ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਨੂੰ ਲੈ ਕੇ ਬਹਿਸ ਕਰਨ ਲੱਗ ਜਾਂਦਾ। ਮੰਦਰ ਅਤੇ ਦੇਵੀ ਦੇਵਤਿਆਂ ਬਾਰੇ ਤਾਂ ਉਹ ਭੋਰਾ ਭਰ ਵੀ ਗਲਤ ਸੁਣਨ ਲਈ ਤਿਆਰ ਨਹੀਂ ਸੀ, ਭਾਵੇਂ ਉਹ ਸੱਚਾਈ ਹੀ ਕਿਉਂ ਨਾ ਹੋਵੇ। ਉਹ ਲਾਈਲੱਗ ਜ਼ਿਆਦਾ ਸੀ। ਹਰ ਵੀਰਵਾਰ ਮੰਦਰ ਵਿਚ ਅਜਿਹੇ ਸ਼ਰਧਾਲੂ ਮੱਥਾ ਟੇਕਨ ਲਈ ਜ਼ਿਆਦਾ ਆਉਂਦੇ ਜਿਨ੍ਹਾਂ ਭੂਤਾਂ-ਚੜੇਲਾਂ, ਜਾਦੂ-ਟੂਣਿਆਂ ਅਤੇ ਜੰਤਰਾਂ-ਮੰਤਰਾਂ ਦਾ ਅਸਰ ਹੋਇਆ ਹੋਵੇ। ਮੰਦਰ ਵਿਚ ਬਹੁਤ ਸਾਰੇ ਸ਼ਰਧਾਲੂ ਇਕੱਠੇ ਹੋ ਕੇ ਇਕ ਜਗ੍ਹਾ ਬੈਠ ਜਾਂਦੇ। ਭੇਟਾਂ ਤੇ ਭਜਨ ਗਾਉਣ ਨਾਲ ਮੰਦਰ ਵਿਚ ਆਏ ਉਹ ਸ਼ਰਧਾਲੂ ਜਿਨ੍ਹਾਂ ਨੂੰ ਭੂਤਾਂ ਚੜੇਲਾਂ, ਜਾਦੂ ਟੂਣਿਆਂ 'ਤੇ ਜੰਤਰਾਂ ਮੰਤਰਾਂ ਦੇ ਪ੍ਰਭਾਵ ਨੇ ਕਬੂਲਿਆ ਹੁੰਦਾ ਹੈ, ਉਹ ਸਿਰ ਘੁਮਾਉਣ ਲੱਗਦੇ ਤੇ



ਜ਼ਮੀਨ ਉਪਰ ਲਿਟਣ ਲੱਗ ਜਾਂਦੇ, ਕਈਆਂ ਦੇ ਕੱਪੜੇ ਪਾਟ ਜਾਂਦੇ ਤੇ ਸਰੀਰ ਉੱਪਰ ਸੱਟਾਂ ਤੇ ਝਰੀਟਾਂ ਲੱਗ ਕੇ ਖੂਨ ਵਗਣ ਲੱਗ ਜਾਂਦਾ। ਉਨ੍ਹਾਂ ਵਿਚੋਂ ਭੂਤਾਂ, ਚੜੇਲਾਂ, ਜਾਦੂ-ਟੂਣਿਆਂ ਤੇ ਜੰਤਰਾਂ-ਮੰਤਰਾਂ ਦੇ ਅਸਰ ਨੂੰ ਖਤਮ ਕਰਨ ਲਈ ਸੰਤ ਜੀ ਆਪਣੇ ਰੰਗ-ਬਰੰਗੇ ਮਣਕਿਆਂ ਵਾਲੀਆਂ ਮਾਲਾਵਾਂ ਕੜੇ ਤੇ ਮੁੰਦਰੀਆਂ ਜੋ ਉਸਨੇ ਆਪਣੇ ਸਰੀਰ ਉਪਰ ਪਹਿਨੀਆਂ ਹੁੰਦੀਆਂ ਸਨ ਉਹ ਕਸਰਾਂ ਵਾਲੇ ਸ਼ਰਧਾਲੂਆਂ ਦੇ ਸਰੀਰਾਂ ਉਪਰ ਫੇਰਨਾ ਸ਼ੁਰੂ ਕਰ ਦਿੰਦਾ ਅਤੇ ਨਾਲ ਹੀ ਜੰਤਰਾਂ-ਮੰਤਰਾਂ ਦਾ ਜਾਪ ਹੌਲੀ-ਹੌਲੀ ਮੂੰਹ ਵਿਚ ਕਰਦਾ ਰਹਿੰਦਾ ਜੋ ਕਿਸੇ ਹੋਰ



ਨੂੰ ਸੁਣਾਈ ਨਹੀਂ ਸੀ ਦਿੰਦਾ। ਅਜਿਹਾ ਉਹ ਸਿਰਫ ਉਨ੍ਹਾਂ ਸ਼ਰਧਾਲੂਆਂ ਉਤੇ ਹੀ ਕਰਦਾ ਜੋ ਭੂਤਾਂ-ਚੜੇਲਾਂ, ਜਾਦੂ ਟੂਣਿਆਂ ਤੇ ਜੰਤਰਾਂ ਮੰਤਰਾਂ ਦੇ ਕਹਿਰ ਨਾਲ ਤੜਫ ਰਹੇ ਹੁੰਦੇ ਹਨ। ਸੰਤ ਜੀ ਨੂੰ ਅਜਿਹਾ ਸਭ ਕਰਦਿਆਂ ਦੇਖ ਕੇ ਮੈਨੂੰ ਹੈਰਾਨੀ ਹੁੰਦੀ ਅਤੇ ਕਸਰਾਂ ਵਿਚ ਆਏ ਹੋਏ ਸ਼ਰਧਾਲੂਆਂ ਤੇ ਤਰਸ ਵੀ ਆਉਂਦਾ। ਪਰ ਮੈਂ ਉਨ੍ਹਾਂ ਲਈ ਉਥੇ ਕਰ ਕੁਝ ਨਹੀਂ ਸੀ ਸਕਦਾ, ਕਿਉਂਕਿ ਮੇਰੀ ਸਥਿਤੀ ਉਸ ਮੰਦਰ ਵਿਚ ਇਕ ਪੇਂਟਰ ਵਜੋਂ ਸੀ ਨਾ ਕੇ ਭੂਤਾਂ ਚੜੇਲਾਂ, ਜਾਦੂ ਟੂਣਿਆਂ ਤੇ ਜੰਤਰਾਂ ਮੰਤਰਾਂ ਦੇ ਪ੍ਰਭਾਵ ਵਿਚ ਆਏ ਹੋਏ ਸ਼ਰਧਾਲੂ ਨੂੰ ਇਹ ਦੱਸਣਾ ਕਿ ਅਜਿਹਾ ਸਭ ਵਹਿਮ ਭਰਮ ਤੇ ਅੰਧਵਿਸ਼ਵਾਸ ਕਾਰਨ ਤੁਹਾਡੇ ਨਾਲ ਹੋ ਰਿਹਾ ਹੈ, ਸੰਤ ਜੀ ਦਾ ਤੁਹਾਡੇ ਸਰੀਰ ਉਪਰ ਮਾਲਾਵਾਂ, ਕੜੇ ਤੇ ਮੁੰਦਰੀਆਂ ਦਾ ਫੇਰਨਾ ਸਭ ਪਖੰਡ ਹੈ। ਕਿਉਂਕਿ ਅਜਿਹੀਆਂ ਚੀਜਾਂ ਅਸਲ ਵਿਚ ਬਿਲਕੁਲ ਵੀ ਨਹੀਂ ਹੁੰਦੀਆਂ ਇਸ ਲਈ ਇਹ ਸੰਤ ਪਾਖੰਡੀ ਹੈ ਅਤੇ ਇਹ ਆਪ ਹੀ ਅਜਿਹੇ ਹੀ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਿਚ ਫਸਿਆ ਹੋਇਆ ਹੈ। ਜੋ ਆਪ ਅੰਨਾ ਹੋਵੇ ਉਹ ਦੂਜਿਆਂ ਨੂੰ ਕਿਵੇਂ ਰਾਹ ਦਿਖਾ ਸਕਦਾ ਹੈ। ਪੇਂਟਿੰਗ ਦਾ ਕੰਮ ਕਰਦੇ ਸਮੇਂ ਮੈਂ ਆਪਣੇ ਉਸ ਸ਼ਰਧਾਲੂ ਦੋਸਤ ਨੂੰ ਪੁੱਛਿਆ ਕੇ ਸੰਤ ਜੀ ਆਪਣੀ ਮਾਲਾਵਾਂ, ਕੜੇ ਤੇ ਮੁੰਦਰੀਆਂ ਉਨ੍ਹਾਂ ਸ਼ਰਧਾਲੂਆਂ ਦੇ ਸਰੀਰਾਂ ਉਪਰ ਕਿਉਂ ਫੇਰਦਾ ਹੈ ਜੋ ਭੂਤਾਂ-ਚੜੇਲਾਂ, ਜਾਦੂ-ਟੂਣਿਆਂ ਤੇ ਜੰਤਰਾਂ-ਮੰਤਰਾਂ ਦੇ ਕਹਿਰ ਨਾਲ ਤੜਫ ਰਹੇ ਹੁੰਦੇ ਹਨ ਤਾਂ ਦੋਸਤ ਕਹਿਣ ਲੱਗਾ ਕੇ ਸੰਤ ਜੀ ਆਪ ਦੱਸਦੇ ਸਨ ਕੇ ਇਸ ਤਰ੍ਹਾਂ ਕਰਨ ਨਾਲ ਭੂਤਾਂ-ਚੜੇਲਾਂ, ਜਾਦੂ ਟੂਣਾ ਤੇ ਜੰਤਰ-ਮੰਤਰ ਉਨ੍ਹਾਂ ਮਾਲਾਵਾਂ, ਕੜਿਆਂ ਤੇ ਮੁੰਦਰੀਆਂ ਵਿਚ ਵੜ ਜਾਂਦੇ ਹਨ ਅਤੇ ਤੜਫ ਰਹੇ ਸ਼ਰਧਾਲੂਆਂ ਨੂੰ ਇਨ੍ਹਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਅਤੇ ਉਹ ਠੀਕ ਹੋ ਜਾਂਦੇ ਹਨ। ਇਸ ਲਈ ਸੰਤ ਜੀ ਦੀਆਂ ਇਹ ਮਾਲਾਵਾਂ ਕੜੇ ਤੇ ਮੁੰਦਰੀਆਂ ਨੇ ਬਹੁਤ ਹੀ ਖਤਰਨਾਕ ਭੂਤਾਂ-ਚੜੇਲਾਂ ਜਾਦੂ ਟੂਣਿਆਂ ਤੇ ਜੰਤਰਾਂ-ਮੰਤਰਾਂ ਨੂੰ ਆਪਣੀ ਪਕੜ ਵਿਚ ਰੱਖਿਆ ਹੋਇਆ ਹੈ। ਜੇਕਰ ਕੋਈ ਸੰਤ ਜੀ ਦੀਆਂ ਮਾਲਾਵਾਂ, ਕੜਿਆਂ ਤੇ ਮੁੰਦਰੀਆਂ ਨੂੰ ਪਹਿਨ ਲਵੇ ਤਾਂ ਉਹ ਉਸੇ ਸਮੇਂ ਹੀ ਭੂਤਾਂ-ਚੜੇਲਾਂ, ਜਾਦੂ ਟੂਣਿਆਂ ਤੇ ਜੰਤਰਾਂ-ਮੰਤਰਾਂ ਦੇ ਖਤਰਨਾਕ ਪ੍ਰਭਾਵ ਨਾਲ ਤੜਫ-ਤੜਫ ਕੇ ਦਮ ਤੋੜ ਦੇਵੇਗਾ। ਇਸ ਲਈ ਸਿਰਫ ਸੰਤ ਜੀ ਹੀ ਇਨ੍ਹਾਂ ਨੂੰ ਪਹਿਨ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਮੰਦਰ ਦੇ ਦੇਵੀ-ਦੇਵਤਿਆਂ ਵਲੋਂ ਵਰਦਾਨ ਮਿਲਿਆ ਹੋਇਆ ਹੈ।

ਰਾਤ ਨੂੰ ਮੈਂ ਅਤੇ ਦੋਸਤ ਇਕੱਠੇ ਹੀ ਲੰਗਰ ਖਾਂਦੇ, ਉਸ ਤੋਂ ਬਾਅਦ ਅਸੀਂ ਇਕੱਠੇ ਹੀ ਸੌਣ ਲਈ, ਉਸ ਹਾਲ ਵਿਚ ਚਲੇ ਜਾਂਦੇ ਜਿਸ ਵਿਚ ਪਹਿਲਾਂ ਹੀ ਸੌਣ ਲਈ, ਬਹੁਤ ਸਾਰੇ ਹੋਰ ਵੀ ਸ਼ਰਧਾਲੂ ਇਕੱਠੇ ਹੋਏ ਹੁੰਦੇ ਸਨ। ਸਾਨੂੰ ਸਾਰਿਆਂ ਨੂੰ ਜ਼ਮੀਨ ਉਪਰ ਹੀ ਆਪਣਾ-ਆਪਣਾ ਬਿਸਤਰਾ ਵਿਛਾ ਕੇ ਸੌਣਾ ਪੈਂਦਾ ਸੀ ਅਤੇ ਉਹ ਦੋਸਤ ਮੇਰੇ ਬਿਸਤਰੇ ਦੇ ਨਾਲ ਹੀ ਆਪਣਾ ਬਿਸਤਰਾ ਵੀ ਵਿਛਾ ਲੈਂਦਾ। ਸੰਤ ਜੀ ਵੀ ਉਸੇ ਹਾਲ ਵਿਚ ਸੌਂਦੇ ਜਿਸ ਵਿਚ ਅਸੀਂ ਸਾਰੇ ਸੌਂਦੇ, ਪਰ ਸੰਤ ਜੀ ਬੈੱਡ ਉਪਰ ਸੌਂਦੇ ਤੇ ਅਸੀਂ ਜ਼ਮੀਨ ਉੱਪਰ ਅਤੇ ਉਹ ਸੌਣ ਵੇਲੇ ਸਾਡੇ ਤੇ ਆਪਣੇ ਵਿਚਕਾਰ ਇਕ ਕੱਪੜੇ ਦਾ ਪਰਦਾ ਕਰ ਲੈਂਦਾ ਸੀ। ਸੰਤ ਜੀ ਸੌਣ ਤੋਂ ਪਹਿਲਾਂ, ਸਾਰੇ ਹੀ ਸ਼ਰਧਾਲੂਆਂ ਨੂੰ ਭੂਤਾਂ-ਚੜੇਲਾਂ, ਜਾਦੂ-ਟੂਣਿਆਂ ਅਤੇ ਦੇਵੀ-ਦੇਵਤਿਆਂ ਦੇ ਸੰਬੰਧੀ ਬਹੁਤ ਸਾਰੀਆਂ ਕਲਪਨਿਕ ਕਹਾਣੀਆਂ ਸੁਣਾਉਂਦਾ ਜਿਸ ਵਿਚ ਭੂਤਾਂ-ਚੜੇਲਾਂ ਤੇ ਜਾਦੂ ਟੂਣਿਆਂ ਦੀ ਹਾਰ ਤੇ ਦੇਵੀ-ਦੇਵਤਿਆਂ ਦੀ ਜਿੱਤ ਬਾਰੇ ਹੀ ਸਾਰਾ ਕੁਝ ਦੱਸਿਆ ਹੁੰਦਾ। ਉਹ ਅਜਿਹੀਆਂ ਕਲਪਨਿਕ ਕਹਾਣੀਆਂ ਨਾਲ ਸਾਰੇ ਹੀ ਸ਼ਰਧਾਲੂਆਂ ਨੂੰ ਡਰਾ ਕੇ ਮਾਨਸਿਕ ਗੁਲਾਮ ਬਣਾ ਲੈਂਦਾ। ਕਈ ਵਾਰੀ ਮੈਂ ਤਰਕਸ਼ੀਲਤ ਤੇ ਵਿਗਿਆਨਕ ਸੋਚ ਕਾਰਨ ਸੰਤ ਜੀ ਨੂੰ ਅਜਿਹੀਆਂ ਕਾਲਪਨਿਕ ਕਹਾਣੀਆਂ ਬਾਰੇ ਦੱਸਦਾ ਕਿ ਇਨ੍ਹਾਂ ਕਹਾਣੀਆਂ ਵਿਚ ਕੋਈ ਸਚਾਈ ਨਹੀਂ ਹੁੰਦੀ ਅਤੇ ਨਾ ਹੀ ਭੂਤ-ਚੜੇਲਾਂ ਜਾਦੂ-ਟੂਣਾ ਤੇ ਦੇਵੀ ਦੇਵਤੇ ਹੁੰਦੇ ਹਨ ਜਿਨ੍ਹਾਂ ਦੀ ਅਸਲ ਜ਼ਿੰਦਗੀ ਵਿਚ ਕੋਈ ਹੋਂਦ ਨਹੀਂ ਹੁੰਦੀ, ਇਹ ਸਿਰਫ ਵਹਿਮ-ਭਰਮ ਤੇ ਅੰਧਵਿਸ਼ਵਾਸ ਹੀ ਹੁੰਦੇ ਹਨ। ਪਰ ਸੰਤ ਜੀ ਇਹ ਦਾਅਵੇ ਨਾਲ ਕਹਿੰਦਾ ਕਿ ਇਹ ਸਭ ਚੀਜ਼ਾਂ ਹੁੰਦੀਆਂ ਹਨ। ਜਦੋਂ ਮੈਂ ਸੰਤ ਜੀ ਨੂੰ ਇਹ ਦੱਸਦਾ ਕਿ ਜੇਕਰ ਅਜਿਹੀਆਂ ਚੀਜਾਂ ਵਿਚ ਕੋਈ ਸੱਚਾਈ ਹੈ ਤਾਂ ਤਰਕਸ਼ੀਲਾਂ ਵਲੋਂ ਰੱਖਿਆ ਗਿਆ। ਇੱਕ ਕਰੋੜ ਦਾ ਇਨਾਮ ਤੁਹਾਨੂੰ ਦਿੱਤਾ ਜਾ ਸਕਦਾ ਹੈ ਜੇਕਰ ਤੁਸੀਂ ਅਜਿਹੀਆਂ ਚੀਜ਼ਾਂ ਦੇ ਠੋਸ ਸਬੂਤ ਦੇ ਦੇਵੋਂ ਜਿਸ ਨਾਲ ਇਹ ਸਾਬਤ ਹੋ ਸਕੇ ਕੇ ਅਸਲ ਵਿਚ ਇਹ ਸਭ ਚੀਜ਼ਾਂ ਹੁੰਦੀਆਂ ਹਨ। ਪਰ ਸੰਤ ਜੀ ਮੇਰੀਆਂ ਅਜਿਹੀਆਂ ਗੱਲਾਂ ਨਾਲ ਭੜਕ ਉਠਦਾ ਤੇ ਮੇਰਾ ਵਿਰੋਧ ਕਰਨ ਲੱਗਦਾ ਅਤੇ ਆਖਦਾ ਕੇ ਤਰਕਸ਼ੀਲਾਂ ਨੂੰ ਕੀ ਪਤਾ ਅਜਿਹੀਆਂ ਚੀਜ਼ਾਂ ਬਾਰੇ, ਉਹ ਤਾਂ ਮੂਰਖ ਹੁੰਦੇ ਹਨ। ਸਾਨੂੰ ਉਨ੍ਹਾਂ ਦੇ ਰੁਪਇਆਂ ਦੀ ਕੋਈ ਜ਼ਰੂਰਤ ਨਹੀਂ ਹੈ ਦੇਵੀ ਦੇਵਤਿਆਂ ਦਾ ਦਿੱਤਾ ਹੋਇਆ ਮੇਰੇ ਕੋਲ ਬਹੁਤ ਕੁਝ ਹੈ। ਹਾਲ ਵਿਚ ਸੌਣ ਲਈ ਇਕੱਠੇ ਹੋਏ ਹੋਰ ਵੀ ਬਹੁਤ ਸਾਰੇ ਸ਼ਰਧਾਲੂ ਮੇਰੇ ਨਾਲ ਬਹਿਸ ਕਰਨ ਲੱਗ ਜਾਂਦੇ ਅਤੇ ਆਖਦੇ ਕਿ ਅਜੇ ਤੂੰ ਅਨਜਾਣ ਏ, ਸੰਤਾਂ ਨਾਲ ਬਹਿਸ ਨਹੀਂ ਕਰੀਦੀ, ਪੁੱਠੀ ਪੈ ਜਾਂਦੀ ਹੈ। ਫਿਰ ਪਛਤਾਏਗਾ। ਸੰਤ ਜੀ ਤਾਂ ਆਪ ਰੱਬ ਰੂਪ ਹੁੰਦੇ ਹਨ। ਇਨ੍ਹਾਂ ਦਾ ਵਿਰੋਧ ਨਹੀਂ ਕਰੀਦਾ। ਸ਼ਰਧਾਲੂ ਜਦੋਂ ਜ਼ਿਆਦਾ ਬਹਿਸ ਕਰਨ ਲੱਗਦੇ ਤਾਂ ਮੈਂ ਚੁੱਪ ਕਰਕੇ ਆਪਣੇ ਬਿਸਤਰੇ ਤੇ ਲੇਟ ਜਾਂਦਾ ਅਤੇ ਆਪਣੇ ਦੋਸਤ ਨਾਲ ਪੇਂਟਿੰਗ ਸੰਬੰਧੀ ਗੱਲਾਂ ਕਰਨ ਲੱਗ ਜਾਂਦਾ।

ਇਕ ਵਾਰੀ ਮੈਂ ਰਾਤ ਨੂੰ ਸੌਣ ਤੋਂ ਪਹਿਲਾਂ ਸੰਤ ਜੀ ਨੂੰ ਪੁੱਛਿਆ ਕਿ ਸੱਚਮੁੱਚ ਹੀ ਤੁਹਾਡੀਆਂ ਪਹਿਨੀਆਂ ਹੋਈਆਂ ਮਾਲਾਵਾਂ, ਕੜਿਆਂ ਤੇ ਮੁੰਦਰੀਆਂ ਵਿਚ ਭੂਤ-ਚੜੇਲਾਂ ਜਾਦੂ ਟੂਣਾ ਤੇ ਜੰਤਰਾਂ-ਮੰਤਰਾਂ ਦਾ ਵਾਸ ਹੈ ਅਤੇ ਜੇਕਰ ਕੋਈ ਹੋਰ ਇਨ੍ਹਾਂ ਨੂੰ ਪਹਿਨ ਲਵੇ ਤਾਂ ਇਹ ਖਤਰਨਾਕ ਚੀਜ਼ਾਂ ਉਸ ਵਿਅਕਤੀ ਨੂੰ ਨਸ਼ਟ ਕਰ ਦਿੰਦੀਆਂ ਹਨ। ਸੰਤ ਜੀ ਆਖਣ ਲੱਗੇ ਇਹ ਪੂਰੀ ਤਰ੍ਹਾਂ ਸੱਚ ਹੈ ਕੋਈ ਵੀ ਵਿਅਕਤੀ ਮੇਰੇ ਤੋਂ ਇਲਾਵਾ ਇਨ੍ਹਾਂ ਚੀਜ਼ਾਂ ਨੂੰ ਪਹਿਨ ਨਹੀਂ ਸਕਦਾ ਕਿਉਂਕਿ ਮੈਨੂੰ ਦੇਵੀ-ਦੇਵਤਿਆਂ ਕੋਲੋਂ ਅਜਿਹੀਆਂ

ਖਤਰਨਾਕ ਚੀਜ਼ਾਂ ਪਹਿਨਣ ਦਾ ਵਰਦਾਨ ਮਿਲਿਆ ਹੋਇਆ ਹੈ। ਸੰਤ ਜੀ ਜਦੋਂ ਰਾਤ ਨੂੰ ਸੌਣ ਲੱਗਦੇ ਸਨ ਤਾਂ ਉਹ ਆਪਣੀਆਂ ਮਾਲਾਵਾਂ, ਕੜੇ ਤੇ ਮੁੰਦਰੀਆਂ ਉਤਾਰ ਕੇ ਇਕ ਥਾਲ ਵਿਚ ਰੱਖ ਦਿੰਦਾ ਸੀ ਅਤੇ ਕੱਪੜੇ ਨਾਲ ਸਾਡੇ ਸਾਰਿਆਂ ਵਿਚਕਾਰ ਪਰਦਾ ਕਰ ਲੈਂਦਾ। ਇਕ ਰਾਤ ਜਦੋਂ ਸੰਤ ਜੀ ਸੁੱਤੇ ਪਏ ਸਨ ਤਾਂ ਮੈਂ ਉਸ ਦੀਆਂ ਉਹ ਮਾਲਾਵਾਂ, ਕੜੇ ਤੇ ਮੁੰਦਰੀਆਂ ਸੰਤ ਜੀ ਨੂੰ ਦੱਸੇ ਬਗੈਰ ਹੀ ਚੋਰੀ ਛੁਪੇ ਪਹਿਨ ਲਈਆਂ ਤਾਂ ਜੋ ਇਹ ਦੇਖਿਆ ਜਾ ਸਕੇ ਕੇ ਸੰਤ ਜੀ ਦੀਆਂ ਗੱਲਾਂ ਵਿਚ ਕਿੰਨੀ ਕੁ ਸੱਚਾਈ ਹੈ ਪਰ ਮੈਨੂੰ ਤਾਂ ਕੁਝ ਨਹੀਂ ਹੋਇਆ ਜਿਵੇਂ ਸੰਤ ਜੀ ਦਸਦੇ ਸਨ। ਜਦੋਂ ਮੈਂ ਸੰਤ ਜੀ ਦਾ ਉਹ ਸਮਾਨ ਪਹਿਨਿਆ ਹੋਇਆ ਸੀ ਤਾਂ ਮੈਂ ਆਪਣੇ ਉਸ ਦੋਸਤ ਨੂੰ ਵੀ ਸੁੱਤੇ ਪਏ ਨੂੰ ਉਠਾ ਕੇ ਉਹ ਸਭ ਦਿਖਾਇਆ। ਪਰ ਉਹ ਦੋਸਤ ਇਹ ਸਭ ਦੇਖ ਕੇ ਹੈਰਾਨ ਹੋ ਗਿਆ ਅਤੇ ਡਰ ਨਾਲ ਕੰਬਣ ਲੱਗ ਗਿਆ। ਮੈਂ ਉਸ ਨੂੰ ਦੱਸਿਆ ਕਿ ਤੂੰ ਡਰ ਨਾ ਮੈਂ ਜਾਣਦਾ ਹਾਂ ਕਿ ਮੈਨੂੰ ਕੁਝ ਨਹੀਂ ਹੋਵੇਗਾ ਕਿਉਂਕਿ ਅਜਿਹੀਆਂ ਚੀਜ਼ਾਂ ਵਿਚ ਕੋਈ ਸੱਚਾਈ ਨਹੀਂ ਹੁੰਦੀ, ਸੰਤ ਜੀ ਦੀਆਂ ਸਭ ਗੱਲਾਂ ਬਕਵਾਸ ਹਨ। ਇਸ ਤਰ੍ਹਾਂ ਮੈਂ ਹਰ ਰੋਜ਼ ਜਦੋਂ ਸੰਤ ਜੀ ਤੇ ਬਾਕੀ ਸਾਰੇ ਸੌਂ ਜਾਂਦੇ ਤਾਂ ਆਪਣੇ ਦੋਸਤ ਨੂੰ ਇਹ ਦਿਖਾਉਣ ਲਈ ਕੇ ਇਹ ਸਭ ਬਕਵਾਸ ਹੈ, ਦੁਆਰਾ ਦੁਹਰਾਉਣ ਲੱਗਦਾ। ਫਿਰ ਮੈਂ ਦੋਸਤ ਨੂੰ ਉਹ ਕਹਾਣੀਆਂ ਸੁਣਾਉਂਦਾ ਜਿਹੜੀਆਂ ਅਜਿਹੀਆਂ ਗੱਲਾਂ ਨੂੰ ਝੂਠ ਸਿੱਧ ਕਰਦੀਆਂ, ਮੈਂ ਕੀ ਦੇਖਿਆ ਕਿ ਮੇਰੀਆਂ ਗੱਲਾਂ ਤੇ ਵਿਗਿਆਨਕ ਕਹਾਣੀਆਂ ਦਾ ਦੋਸਤ ਤੇ ਅਜਿਹਾ ਪ੍ਰਭਾਵ ਪਿਆ ਕੇ ਉਹ ਵੀ ਹੌਲੀ-ਹੌਲੀ ਮੇਰੀਆਂ ਗੱਲਾਂ ਵਿਚ ਵਿਸ਼ਵਾਸ ਕਰਨ ਲੱਗਾ। ਉਹ ਦਿਨ ਵੀ ਆ ਗਿਆ ਜਦੋਂ ਉਸਨੂੰ ਇਹ ਪਤਾ ਲੱਗ ਗਿਆ ਕੇ ਇਨ੍ਹਾਂ ਮੰਦਰਾਂ-ਗੁਰਦੁਆਰਿਆਂ ਤੇ ਸੰਤਾਂ ਦੀਆਂ ਗੱਲਾਂ ਵਿਚ ਕੋਈ ਸੱਚਾਈ ਨਹੀਂ ਹੁੰਦੀ ਅਤੇ ਨਾ ਹੀ ਭੂਤਾਂ-ਚੜੇਲਾਂ, ਜਾਦੂ-ਟੂਣਿਆਂ ਤੇ ਜੰਤਰਾਂ-ਮੰਤਰਾਂ ਵਿਚ ਕੋਈ ਸੱਚਾਈ ਹੁੰਦੀ ਜਿਨ੍ਹਾਂ ਦੀ ਅਸਲ ਜ਼ਿੰਦਗੀ ਵਿਚ ਕੋਈ ਹੋਂਦ ਨਹੀਂ ਹੁੰਦੀ। ਇਕ ਵਾਰੀ ਮੈਂ ਕੀ ਦੇਖਿਆ ਕਿ ਇਕ ਰਾਤ ਉਹ ਸੰਤਾਂ ਨਾਲ ਮੇਰੀ ਤਰ੍ਹਾਂ ਹੀ ਬਹਿਸ ਕਰਨ ਲੱਗ ਪਿਆ ਪਰ ਮੈਂ ਚੁੱਪ ਕਰਕੇ ਬੈਠਾ ਰਿਹਾ ਅਤੇ ਉਨ੍ਹਾਂ ਦੀਆਂ ਆਪਸੀ ਗੱਲਾਂ ਨੂੰ ਸੁਣਦਾ ਰਿਹਾ। ਜਦੋਂ ਦੋਸਤ ਨੇ ਸੰਤ ਜੀ ਨੂੰ ਇਹ ਪੁੱਛਿਆ ਕੇ ਜੇਕਰ ਤੁਹਾਡੇ ਸੌਣ ਤੋਂ ਬਾਅਦ ਤੁਹਾਡੀਆਂ ਇਹ ਮਾਲਾਵਾਂ ਕੜੇ ਤੇ ਮੁੰਦਰੀਆਂ ਕੋਈ ਪਹਿਨ ਲਵੇ ਤਾਂ ਕੀ ਉਸ ਵਿਅਕਤੀ ਤੇ ਕੋਈ ਖਤਰਨਾਕ ਅਸਰ ਹੋਵੇਗਾ। ਸੰਤ ਜੀ ਆਖਣ ਲੱਗੇ ਕੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕੇ ਜੇਕਰ ਕੋਈ ਮੇਰੇ ਸੌਣ ਤੋਂ ਬਾਅਦ ਮੇਰੀਆਂ ਇਹ ਪਹਿਨੀਆਂ ਹੋਈਆਂ ਮਾਲਾਵਾਂ, ਕੜੇ ਤੇ ਮੁੰਦਰੀਆਂ ਪਹਿਨ ਲਵੇ ਤਾਂ ਉਸ ਨੂੰ ਇਸ ਵਿਚਲੇ ਭੂਤ-ਚੜੇਲਾਂ, ਜਾਦੂ-ਟੂਣਾ ਤੇ ਜੰਤਰ-ਮੰਤਰ ਤੜਫਾ-ਤੜਫਾ ਕੇ ਮਾਰ ਦੇਣਗੇ, ਮਰਨ ਤੋਂ ਪਹਿਲਾਂ ਉਹ ਉਚੀ-ਉਚੀ ਚੀਕਾਂ ਮਾਰਕੇ ਤੜਫਦਾ ਹੋਇਆ ਨਜ਼ਰ ਆਵੇਗਾ। ਸੰਤ ਜੀ ਦੀਆਂ ਇਹ ਸਾਰੀਆਂ ਗੱਲਾਂ ਸੁਣ ਕੇ ਦੋਸਤ ਕਦੇ ਮੇਰੇ ਵੱਲ ਦੇਖੇ ਤੇ ਕਦੇ ਸੰਤ ਜੀ ਦੀਆਂ ਗੱਲਾਂ ਨੂੰ ਬਕਵਾਸ ਸਮਝ ਕੇ ਹੱਸਣਾ ਸ਼ੁਰੂ ਕਰ ਦੇਵੇ ਅਤੇ ਉਸ ਨੇ ਸੰਤ ਜੀ ਨੂੰ ਆਖਿਆ ਕੇ ਮੈਂ ਤੁਹਾਡੀਆਂ ਇਹ ਚੀਜ਼ਾਂ ਪਹਿਨ ਕੇ ਪਰਖ ਕਰਨੀ ਚਾਹੁੰਦਾ ਹਾਂ ਕੇ ਤੁਹਾਡੀਆਂ ਗੱਲਾਂ ਵਿਚ ਕਿੰਨੀ ਕੁ ਸੱਚਾਈ ਹੈ ਪਰ ਸੰਤ ਜੀ ਨਾ ਮੰਨੇ ਅਤੇ ਆਖਣ ਲੱਗੇ ਕੇ ਜੇਕਰ ਉਸਦੀ ਮੌਤ ਹੋ ਗਈ ਤਾਂ ਸਾਰੇ ਮੈਨੂੰ ਹੀ ਮਾੜਾ ਕਹਿਣਗੇ ਕੇ ਤੁਸੀਂ ਇਸ ਨੂੰ ਅਜਿਹਾ ਕਿਉਂ ਕਰਨ ਦਿੱਤਾ ਸੀ ਜਦੋਂ ਕੇ ਤੁਸੀਂ ਜਾਣਦੇ ਹੋ ਕੇ ਇਸ ਨਾਲ ਉਸਦੀ ਮੌਤ ਹੋ ਸਕਦੀ ਹੈ।

ਇਕ ਰਾਤ ਦੋਸਤ ਨੇ ਵੀ ਮੇਰੀ ਤਰ੍ਹਾਂ ਹੀ ਸੰਤ ਜੀ ਦੇ ਸੌਣ ਤੋਂ ਬਾਅਦ ਉਸਦਾ ਉਹ ਸਾਰਾ ਸਮਾਨ ਪਹਿਨ ਲਿਆ ਜਿਸ ਬਾਰੇ ਸੰਤ ਜੀ ਦਾਅਵਾ ਕਰਦੇ ਸਨ ਕੇ ਕੋਈ ਮੇਰੇ ਤੋਂ ਇਲਾਵਾ ਇਸ ਨੂੰ ਪਹਿਨ ਹੀ ਨਹੀਂ ਸਕਦਾ। ਮੈਂ ਕੀ ਦੇਖਿਆ ਕਿ ਉਸ ਵਹਿਮੀ ਤੇ ਅੰਧਵਿਸ਼ਵਾਸੀ ਸ਼ਰਧਾਲੂ ਦੋਸਤ ਨੂੰ ਇਸ ਬਾਰੇ ਕੋਈ ਡਰ ਨਹੀਂ ਸੀ ਲੱਗ ਰਿਹਾ ਅਤੇ ਆਖ ਰਿਹਾ ਸੀ ਕੇ ਇਹ ਸਭ ਬਕਵਾਸ ਹੈ, ਸੰਤ ਪਖੰਡੀ ਹੈ ਤੇ ਸ਼ਰਧਾਲੂਆਂ ਨੂੰ ਧੋਖੇ ਨਾਲ ਮੂਰਖ ਬਣਾ ਕੇ ਲੁੱਟਦਾ ਹੈ, ਹੁਣ ਮੈਂ ਇਹ ਜਾਣ ਚੁੱਕਾ ਹਾਂ ਕੇ ਭੂਤ-ਚੜੇਲਾਂ ਜਾਦੂ-ਟੂਣਾ ਅਤੇ ਜੰਤਰ-ਮੰਤਰ ਸਭ ਝੂਠ ਹੈ ਜਿਨ੍ਹਾਂ ਦੀ ਕੋਈ ਹੋਂਦ ਨਹੀਂ ਪਰ ਮੇਰਾ ਦੋਸਤ ਮੈਨੂੰ ਇਹ ਸਾਰੀਆਂ ਗੱਲਾਂ ਬੜੀ ਖੁਸ਼ੀ ਨਾਲ ਦੱਸ ਰਿਹਾ ਸੀ। ਇਕ ਦਿਨ ਉਸਨੇ ਸੰਤ ਜੀ ਨੂੰ ਆਖਿਆ ਕੇ ਸੰਤ ਜੀ ਤੁਹਾਡੇ ਸਾਰੇ ਦਾਅਵੇ ਝੂਠੇ ਤੇ ਫੋਕੇ ਹਨ, ਤੁਸੀਂ ਧੋਖੇਬਾਜ਼ ਹੋ ਤੇ ਪਖੰਡ ਰਚਦੇ ਹੋ, ਭੂਤਾਂ-ਚੜੇਲਾਂ, ਜਾਦੂ ਟੂਣਿਆਂ ਤੇ ਜੰਤਰਾਂ-ਮੰਤਰਾਂ ਸੰਬੰਧੀ ਤੁਹਾਡੇ ਸਾਰੇ ਦਾਅਵੇ ਬਕਵਾਸ ਹਨ ਅਤੇ ਤੁਸੀਂ ਇਕ ਪਖੰਡੀ ਸੰਤ ਹੋ ਜੋ ਸ਼ਰਧਾਲੂਆਂ ਨੂੰ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਵਿਚ ਫਸਾ ਕੇ ਉਨ੍ਹਾਂ ਦੀ ਧੰਨ-ਦੌਲਤ ਲੁੱਟ ਰਹੇ ਹੋ। ਆਪਣੇ ਦੋਸਤ ਦੀਆਂ ਉਹ ਸਾਰੀਆਂ ਗੱਲਾਂ ਸੁਣ ਕੇ ਮੈਨੂੰ ਉਸ ਦੇ ਭਵਿੱਖ ਬਾਰੇ ਚਿੰਤਾ ਹੋਣ ਲੱਗੀ ਕਿਉਂਕਿ ਸੰਤ ਹੁਣ ਉਸਨੂੰ ਮੰਦਰ ਵਿਚ ਰਹਿਣ ਨਹੀਂ ਦੇਵੇਗਾ, ਬਾਕੀ ਸ਼ਰਧਾਲੂ ਅਤੇ ਸੇਵਾਦਾਰ ਵੀ ਉਸ ਨੂੰ ਮੂਰਖ ਤੇ ਪਾਗਲ ਕਹਿ ਕੇ, ਉਸਦਾ ਜੀਵਨ ਨਰਕ ਬਣਾ ਦੇਣਗੇ। ਸਮਾਜ ਵਿਚ ਉਸ ਕੋਲੋਂ ਉਹ ਸਾਰੇ ਹੱਕ ਖੋ ਲਏ ਜਾਣਗੇ ਜੋ ਇਕ ਇਮਾਨਦਾਰ ਤੇ ਸੱਚ ਬੋਲਣ ਵਾਲੇ ਇਨਸਾਨ ਨੂੰ, ਜਿਉਂਦਾ ਰਹਿਣ ਲਈ ਚਾਹੀਦੇ ਹਨ। ਉਸਦੇ ਆਪਣੇ ਸਕੇ-ਸਬੰਧੀ, ਰਿਸ਼ਤੇਦਾਰ ਤੇ ਮਾਤਾ-ਪਿਤਾ ਉਸਨੂੰ ਘਰੋਂ ਬਾਹਰ ਕੱਢ ਦੇਣਗੇ, ਉਸਦਾ ਰੋਟੀ-ਪਾਣੀ ਤੇ ਹੱਸਣਾ ਖੇਡਣਾ ਬੰਦ ਕਰ ਦਿੱਤਾ ਜਾਵੇਗਾ ਭਾਵੇਂ ਉਸਦੇ ਸਾਰੇ ਵਿਚਾਰ ਸਮਾਜ ਸੁਧਾਰਕ ਹਨ, ਫਿਰ ਵੀ ਉਸਨੂੰ ਸਮਾਜ ਵਿਚ ਰਹਿ ਲਈ ਕੋਈ ਹੱਕ ਨਹੀਂ ਹੋਵੇਗਾ। ਜੋਤਸ਼ੀ, ਬਾਬੇ ਅਤੇ ਜਾਦੂਗਰ ਉਸਦਾ ਕਤਲ ਕਰ ਦੇਣ ਲਈ ਹਰ ਵਕਤ ਤਿਆਰ ਰਹਿਣਗੇ ਕਿਉਂਕਿ ਉਹ ਇਨ੍ਹਾਂ ਧੋਖੇਬਾਜ਼ ਪਖੰਡੀਆਂ ਦੀਆਂ ਕਾਲੀਆਂ ਕਰਤੂਤਾਂ ਦੇ ਪਰਦੇਫਾਸ਼ ਕਰਦਾ ਹੈ। ਸਰਕਾਰ ਵੀ ਉਸ ਉਤੇ ਝੂਠੇ ਮੁਕੱਦਮੇ ਚਲਾ ਕੇ, ਜੇਲ ਵਿਚ ਬੰਦ ਕਰ ਦੇਵੇਗੀ। ਧਾਰਮਿਕ ਲੀਡਰ ਅਤੇ ਡੇਰਿਆਂ ਵਾਲੇ ਬਾਬੇ, ਆਪਣੇ ਸ਼ਰਧਾਲੂਆਂ ਕੋਲੋਂ ਉਸ ਕਤਲ ਕਰਵਾ ਦੇਣਗੇ। ਪੁਲਸ ਵਾਲੇ ਜਦੋਂ ਚਾਹੁਣ, ਬਿਨ੍ਹਾਂ ਕਸੂਰ ਤੋਂ ਹੀ, ਉਸ ਦੀ ਛਿੱਤਰ ਪ੍ਰੇਡ ਕਰ ਦਿਆ ਕਰਨਗੇ। ਉਸ ਦੇ ਦੋਸਤ-ਮਿੱਤਰ ਵੀ ਉਸ ਨਾਲ ਧੋਖਾ ਕਰਨਗੇ। ਉਸਨੂੰ ਸਮਾਜ ਵਿਚ ਜਿਉਂਦਾ ਰਹਿਣ ਦਾ ਕੋਈ ਹੱਕ ਨਹੀਂ ਹੋਵੇਗਾ ਕਿਉਂਕਿ ਉਸ ਨੇ ਵੀ ਕਾਪਰਨਿਕਸ, ਬਰੂਨੋ, ਗਲੈਲੀਉ, ਡਾਰਵਿਨ, ਭਗਤ ਸਿੰਘ, ਡਾ. ਅੰਬੇਡਕਰ, ਡਾ. ਕੋਵੂਰ ਅਤੇ ਮੇਘ ਰਾਜ ਮਿੱਤਰ ਦੀ ਤਰ੍ਹਾਂ ਹੀ ਸੱਚ ਬੋਲਣ ਦੀ ਹਿੰਮਤ ਕਰਕੇ ਬਹੁਤ ਵੱਡੀ ਗਲਤੀ ਕੀਤੀ ਹੈ।

*- ਜਿੰਦੀ ਪੇਂਟਰ*
ਮੋ: 98156-81834



# ਵਾਸਤੂ ਸ਼ਾਸਤਰ ਤਰਕ ਦੀ ਸਾਣ ਤੇ

ਕਸਬਾ ਜ਼ੀਰਾ ਵਿਖੇ ਇੱਕ ਸੈਮੀਨਾਰ ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਵੱਲੋਂ ਕਰਵਾਇਆ ਗਿਆ। ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਸ ਸੈਮੀਨਾਰ ਦਾ ਵਿਸ਼ਾ ਰੱਖਿਆ ਗਿਆ-'ਵਾਸਤੂ ਸ਼ਾਸਤਰ' ਤੇ ਤਰਕਸ਼ੀਲਤਾ (ਝੂਠ ਕੀ ਤੇ ਸੱਚ ਕੀ?) ਇਸ ਵਿਚ ਜਿਹੜੇ ਉੱਘੇ ਵਿਦਵਾਨਾਂ ਨੇ ਭਾਗ ਲਿਆ, ਉਹ ਸਨ ਸ੍ਰੀ ਸੰਜੀਵ ਕੁਮਾਰ ਥਿੰਦ (ਮਾਹਿਰ ਵਾਸਤੂ ਸ਼ਾਸਤਰ), ਸ੍ਰੀ ਮੇਘ ਰਾਜ ਮਿੱਤਰ (ਬਾਨੀ ਤਰਕਸ਼ੀਲ ਲਹਿਰ), ਸ੍ਰੀ ਰਾਜਾ ਰਾਮ ਹੰਡਿਆਇਆ (ਸੰਸਥਾਪਕ ਤਰਕਸ਼ੀਲ ਸੁਸਾਇਟੀ ਹਰਿਆਣਾ ਰਜਿ.) ਸੰਪਾਦਕ ਤਰਕਸ਼ੀਲ ਹਿੰਦੀ।




ਲੱਗਭੱਗ 50 ਬੰਦਿਆਂ ਦੀ ਹਾਜ਼ਰੀ ਵਿਚ 11 ਵਜੇ ਸਭ ਤੋਂ ਪਹਿਲਾਂ ਸ੍ਰੀ ਸੰਜੀਵ ਕੁਮਾਰ ਨੇ ਵਾਸਤੂ ਸ਼ਾਸਤਰ ਦੇ ਹੱਕ ਵਿਚ ਬੋਲਦੇ ਹੋਏ ਇੱਕ ਘੰਟੇ ਤੱਕ ਵਾਸਤੂ ਸ਼ਾਸਤਰ ਦੇ ਵਿਗਿਆਨਕ ਹੋਣ ਬਾਰੇ ਦਾਅਵਾ ਕਰਦੇ ਹੋਏ ਇਹ ਦੱਸਿਆ ਕਿ ਵਾਸਤੂ ਸ਼ਾਸਤਰ ਅਨੁਸਾਰ ਘਰ ਬਣਾਉਣ ਨਾਲ ਘਰ ਵਿਚ ਹਰ ਪ੍ਰਕਾਰ ਦੀ ਖੁਸ਼ੀ ਤੇ ਖੁਸ਼ਹਾਲੀ ਆਉਂਦੀ ਹੈ। ਉਨ੍ਹਾਂ ਨੇ ਬਲੈਕ ਬੋਰਡ ਉੱਤੇ ਨਕਸ਼ੇ ਬਣਾ ਕੇ ਇਹ ਸਮਝਾਉਣ ਦਾ ਯਤਨ ਕੀਤਾ ਕਿ ਕਿਵੇਂ ਭਿੰਨ-ਭਿੰਨ ਦਿਸ਼ਾਵਾਂ ਵੱਲ ਥਾਂ ਦੇ ਉੱਚਾ ਨੀਵਾਂ ਰੱਖਣ ਨਾਲ, ਖਿੜਕੀਆਂ ਦਰਵਾਜਿਆਂ ਦੀ ਸੰਖਿਆ, ਕੰਧਾਂ ਮੋਟੀਆਂ ਪਤਲੀਆਂ ਹੋਣ ਨਾਲ, ਦਰਵਾਜਿਆਂ ਦੇ ਮੂੰਹ ਵਿਸ਼ੇਸ਼ ਦਿਸ਼ਾ ਵਿਚ ਰੱਖਣ ਨਾਲ, ਰਸੋਈ ਬਾਥਰੂਮ, ਪੂਜਾ ਕਮਰੇ ਆਦਿ ਖਾਸ ਥਾਵਾਂ ਤੇ ਹੋਣ ਦਾ ਸਾਡੇ ਜੀਵਨ ਉੱਤੇ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਵਾਸਤੂ ਸ਼ਾਸਤਰ ਅਨੁਸਾਰ ਬਣੀ ਬਿਲਡਿੰਗ ਦਾ ਸਾਡੀ ਜ਼ਿੰਦਗੀ ਨਾਲ ਸਬੰਧ ਹੈ। ਦੱਖਣ-ਪੱਛਮੀ ਭਾਗ ਉੱਚਾ ਹੋਣਾ ਚਾਹੀਦਾ ਹੈ। ਜਿੱਥੇ ਉੱਤਰ ਵਾਲਾ ਭਾਗ ਉੱਚਾ ਹੋ ਗਿਆ ਉਹ ਘਰ ਕਰਜ਼ੇ ਤੋਂ ਮੁਕਤ ਨਹੀਂ ਹੋ ਸਕਦਾ। ਉਨ੍ਹਾਂ ਇਹ ਵੀ ਕਿਹਾ ਕਿ ਸਾਡੇ ਉੱਤਰ ਵਿਚ ਹਿਮਾਲਾ ਪਰਬਤ-ਸ਼੍ਰੇਣੀ ਦੇ ਕਾਰਨ ਹੀ ਸਾਡੇ ਦੇਸ਼ ਵਿਚ ਗ਼ਰੀਬੀ ਹੈ, ਕਰਜਾ ਹੈ। ਹਿਮਾਲਾ ਚੀਨ ਵਾਲਿਆਂ ਲਈ ਸ਼ੁੱਭ ਅਤੇ ਸਾਡੇ ਲਈ ਅਸ਼ੁਭ ਹੈ। ਅੱਗੇ ਸੱਦਾਮ ਹੁਸੈਨ ਦੀ ਬਰਬਾਦੀ ਦਾ ਕਾਰਨ ਇਹ ਦੱਸਿਆ ਕਿ 'ਮੇਰੇ ਗੁਰੂ ਨੇ ਇਸ ਬਰਬਾਦੀ ਬਾਰੇ ਪਹਿਲਾਂ ਹੀ ਦੱਸ ਦਿੱਤਾ ਸੀ, ਕਿਉਂਕਿ ਸੱਦਾਮ ਦਾ ਘਰ ਵਾਸਤੂ-ਸ਼ਾਸਤਰ ਅਨੁਸਾਰ ਨਹੀਂ ਸੀ ਬਣਿਆ।" ਵਰਲਡ ਟਰੇਡ ਸੈਂਟਰ ਦੇ ਢਹਿਣ ਦਾ ਕਾਰਨ ਵੀ ਉਨ੍ਹਾਂ ਨੇ ਇਸਦਾ ਵਾਸਤੂ ਸ਼ਾਸ਼ਤਰ ਅਨੁਸਾਰ ਨਾ ਬਣਿਆ ਦੱਸਿਆ। ਉਨ੍ਹਾਂ ਅਖ਼ਬਾਰ ਦੀ ਇੱਕ ਕਟਿੰਗ ਦਿਖਾਉਂਦੇ ਹੋਏ ਇਹ ਉਦਾਹਰਣ ਦਿੱਤੀ ਕਿ ਹੁਣ ਇਸਨੂੰ ਵਾਸਤੂ ਸ਼ਾਸਤਰ ਦੇ ਅਨੁਸਾਰ ਬਣਾਇਆ ਗਿਆ ਹੈ। ਸਵਿਟਜ਼ਰਲੈਂਡ ਦੇਸ਼ ਦੀ ਦੱਖਣ ਪੱਛਮ ਸਥਿਤੀ ਨੂੰ ਉਹਨਾਂ ਵਾਸਤੂ ਸ਼ਾਸਤਰ ਨਾਲ ਜੋੜਦੇ ਹੋਏ ਇਸ ਦੇਸ਼ ਨੂੰ ਧਰਤੀ ਦਾ ਸਵਰਗ ਕਿਹਾ ਕਿਉਂਕਿ ਇੱਥੇ ਦੀ ਸਵਿਸ਼ ਬੈਂਕ ਵਿਚ ਲੋਕਾਂ ਦਾ ਪੈਸਾ ਜਮ੍ਹਾਂ ਹੈ ਜਿਸਦਾ ਵਿਆਜ ਬੈਂਕ ਨਹੀਂ ਦਿੰਦਾ ਸਗੋਂ ਸੰਭਾਲ ਵਜੋਂ ਲੋਕਾਂ ਤੋਂ ਲੈਂਦਾ ਹੈ। ਉਹ ਸ਼ਾਇਦ ਇਹ ਭੁੱਲ ਗਏ ਕਿ ਉਥੇ ਪੈਸਾ ਜਮ੍ਹਾਂ ਕਰਨ ਵਾਲੇ ਲੋਕ ਕਿਹੋ ਜਿਹੇ ਵਰਗ ਨਾਲ ਸਬੰਧਤ ਹੁੰਦੇ ਹਨ। ਸ੍ਰੀ ਸੰਜੀਵ ਆਪਣੇ ਨਾਲ ਪ੍ਰਮਾਣ ਵਜੋਂ ਇੱਕ ਦੋ ਅਜਿਹੇ ਵਿਅਕਤੀ ਵੀ ਲਿਆਏ ਸਨ, ਜਿਨ੍ਹਾਂ ਦੇ ਘਰ ਢਹਾ ਕੇ ਉਨ੍ਹਾਂ ਨੇ ਨਵੇਂ ਸਿਰਿਉਂ ਬਣਵਾਏ ਸਨ ਅਤੇ ਹੁਣ ਉਹ ਮਾਲਾਮਾਲ ਹੋ ਗਏ ਸਨ। ਉਨ੍ਹਾਂ ਦੇ ਇੱਕ ਗਵਾਹ ਨੇ ਆਪਣੀ ਕਾਮਯਾਬੀ ਦਾ ਸਿਹਰਾ ਆਪਣੀ ਮਿਹਨਤ ਜਾਂ ਲਗਨ ਨੂੰ ਦੇਣ ਦੀ ਥਾਂ ਵਾਸਤੂ ਸ਼ਾਸਤਰ ਨੂੰ ਦਿੱਤਾ। ਉਹ ਇਹ ਭੁੱਲ ਗਿਆ ਕਿ ਸਾਡੀ ਹਰ ਸਫ਼ਲਤਾ ਪਿੱਛੇ ਮੁੱਖ ਹੱਥ ਸਾਡੀ ਸੱਚੀ ਲਗਨ, ਦ੍ਰਿੜ ਆਤਮ ਵਿਸ਼ਵਾਸ ਤੇ ਸਖ਼ਤ ਮਿਹਨਤ ਦਾ ਹੁੰਦਾ ਹੈ। ਕੁੱਝ ਘਰਾਂ ਵਿਚ ਲੂਲ੍ਹੇ-ਲੰਗੜੇ ਜਾਂ ਬੀਮਾਰ ਬੱਚੇ ਪੈਦਾ ਹੋਣ ਦਾ ਕਾਰਨ ਵੀ ਉਹਨਾਂ ਨੇ ਵਾਸਤੂ ਸ਼ਾਸਤਰ ਦੋਸ਼ ਕਿਹਾ। ਇਹ ਵੀ ਦੱਸਿਆ ਕਿ ਵਿਧਵਾ ਹੋਣ, ਔਰਤ ਦੇ ਦੁਰਾਚਾਰੀ ਹੋਣ, ਘਰਾਂ ਵਿਚ ਦੁੱਖ ਕਲੇਸ਼ ਹੋਣ ਦਾ ਕਾਰਨ ਵੀ ਘਰਾਂ ਦਾ ਵਾਸਤੂ ਸ਼ਾਸਤਰ ਅਨੁਸਾਰ ਨਾ ਬਣੇ ਹੋਣਾ ਹੈ। ਜਿਹੜੇ ਘਰ ਵਾਸਤੂ ਸ਼ਾਸਤਰ ਅਨੁਸਾਰ ਬਣਾਏ ਜਾਣ, ਉੱਥੇ ਹਮੇਸ਼ਾ ਖੁਸ਼ੀ ਅਤੇ ਕਾਰੋਬਾਰ ਵਿਚ ਵਾਧਾ ਹੁੰਦਾ ਹੈ। ਉਨ੍ਹਾਂ ਨੇ ਆਪਣੇ ਇਲਾਕੇ ਵਿੱਚ ਇੱਕ ਅਜਿਹੀ ਦੁਕਾਨ ਦਾ ਜ਼ਿਕਰ ਕੀਤਾ ਜਿਸ ਵਿਚ ਵਾਸਤੂ ਦੋਸ਼ ਅਨੁਸਾਰ ਜਿੰਨੇ ਵੀ ਮਾਲਿਕ ਆਏ, ਸਭ ਫੇਲ੍ਹ ਹੋਏ। ਉਨ੍ਹਾਂ ਇਹ ਵੀ ਕਿਹਾ ਕਿ ਕੀ ਉਹ ਸਾਰੇ ਮੂਰਖ ਸਨ, ਅਸਲ ਵਿਚ ਦੋਸ਼ ਤਾਂ ਦੁਕਾਨ ਦਾ ਵਾਸਤੂ ਅਨੁਸਾਰ ਨਾ ਬਣੇ ਹੋਣਾ ਹੈ। ਉਨ੍ਹਾਂ ਗਰੰਟੀ ਕਰਦੇ ਹੋਏ ਕਿਹਾ ਕਿ ਮੈਂ ਉਸ ਦੁਕਾਨ ਦਾ ਨਕਸ਼ਾ ਬਣਾਵਾਂਗਾ ਤੇ ਉਹ ਦੁਕਾਨ ਸ਼ਰਤੀਆ ਚੱਲੇਗੀ। ਉਨ੍ਹਾਂ ਇਹ ਵੀ ਕਿਹਾ ਕਿ ਵਾਸਤੂ ਸ਼ਾਸਤਰ ਇਸ ਲਈ ਵੀ ਵਿਗਿਆਨਕ ਹੈ ਕਿਉਂਕਿ ਇਸ ਨੂੰ ਲੋਕ ਧੜਾਧੜ ਅਪਨਾ ਰਹੇ ਹਨ। ਉਨ੍ਹਾਂ ਨੇ ਬਲੈਕ ਬੋਰਡ ਉੱਤੇ ਜੋ ਨਕਸ਼ਾ ਬਣਾਇਆ ਉਸ ਵਿਚ ਇੱਕ ਵਰਗ ਬਣਾਕੇ ਦਿਸ਼ਾਵਾਂ ਵਿਸ਼ਵ ਦੇ ਸਾਰੇ ਨਕਸ਼ਿਆਂ ਤੇ ਉਲਟ ਦਿੱਤੀਆਂ। ਵਰਗ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਇਸ ਵਿਚ ਚਾਰ ਦੇਵਤੇ ਜਿਨ੍ਹਾਂ ਨੂੰ 'ਚਾਰ-ਤੱਤ' ਕਿਹਾ, ਬਿਠਾ ਦਿੱਤੇ। ਇਹ ਦੇਵਤੇ ਹੀ ਖੁਸ਼ੀ ਦੇਣ ਵਾਲੇ ਹਨ। ਪੌਰਾਣਕ ਕਥਾਵਾਂ ਦੇ ਸਹਾਰੇ ਉਨ੍ਹਾਂ ਨੇ ਦੱਸਿਆ ਕਿ ਵਾਸਤੂ ਪੁਰਸ਼ (ਜਿਹੜਾ ਹਰ ਪ੍ਰਕਾਰ ਦੇ ਅਕਾਰ ਦੇ ਪਲਾਟ ਵਿਚ ਮੌਜੂਦ ਹੁੰਦਾ ਹੈ) ਦੀ ਖੁਸ਼ੀ ਹੀ ਘਰ ਦੀ ਖੁਸ਼ਹਾਲੀ ਨਾਲ ਸਬੰਧ ਰੱਖਦੀ ਹੈ ਉਸਨੂੰ ਦੱਬੀ ਬੈਠੇ ਦੇਵਤੇ ਵੀ ਜੇਕਰ ਖੁਸ਼ ਹੋਣਗੇ ਤਾਂ ਘਰ ਦੇ ਮਾਲਿਕ ਸ਼ਾਂਤੀ ਪੂਰਬਕ ਵਸ ਸਕਣਗੇ। ਪੁਰਾਤਨ ਪੁਰਾਣਾਂ ਵਿਚ ਆਏ ਇਸ 'ਵਾਸਤੂ ਪੁਰਸ਼' ਉੱਤੇ ਅਧਾਰਤ ਅਤੇ ਦੇਵਤਿਆਂ ਤੇ ਅਧਾਰਤ ਵਿੱਦਿਆ ਨੂੰ ਪੂਰੀ ਤਰ੍ਹਾਂ ਵਿਗਿਆਨ ਨਾਲ ਜੋੜਨ ਦਾ ਯਤਨ

ਕੀਤਾ ਪਰ ਖੁਦ ਹੀ ਸਵੀਕਾਰ ਕੀਤਾ ਕਿ ਵਾਸਤੂ ਸ਼ਾਸਤਰੀਆਂ ਦੇ ਵਿਚਾਰ ਆਪੋ ਵਿਚ ਮੇਲ ਨਹੀਂ ਖਾਂਦੇ। ਇਸ ਵਿਦਿਆ ਵਿਚ ਕੁਝ ਲੋਕ ਹੀ ਮਾਹਿਰ ਹੁੰਦੇ ਹਨ, ਸੋ ਘਰ ਮਾਹਿਰਾਂ ਤੋਂ ਹੀ ਤੁੜਵਾ ਕੇ ਵਾਸਤੂ-ਸ਼ਾਸਤਰ ਅਨੁਸਾਰ ਬਣਾਉਣੇ ਚਾਹੀਦੇ ਹਨ। ਵਾਸਤੂ ਸ਼ਾਸਤਰ ਦੇ ਵਿਗਿਆਨ ਨਾਲ ਕਿਸੇ ਸਬੰਧ ਨੂੰ ਉਹ ਸਪੱਸ਼ਟ ਨਾ ਕਰ ਸਕੇ।

ਦੂਜੇ ਵਕਤਾ ਸ੍ਰੀ ਮੇਘ ਰਾਜ ਮਿੱਤਰ ਨੇ ਪੂਰੀ ਤਰ੍ਹਾਂ ਇਨ੍ਹਾਂ ਗੈਰ-ਵਿਗਿਆਨਕ ਵਿਚਾਰਾਂ ਨੂੰ ਨਕਾਰਦੇ ਹੋਏ ਪ੍ਰਸ਼ਨ ਕੀਤਾ ਕਿ ਕੀ ਸਾਡੇ ਦੇਸ਼ ਦੇ ਹਾਲਾਤ ਇਸ ਲਈ ਮਾੜੇ ਹਨ ਕਿ ਇਸ ਦੇਸ਼ ਦੇ ਘਰ ਵਾਸਤੂ ਸ਼ਾਸਤਰ ਅਨੁਸਾਰ ਨਹੀਂ ਬਣੇ ਹੋਏ? ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਗੱਲ ਦਾ ਸਪੱਸ਼ਟ ਕਾਰਨ ਲੱਭਣ ਲਈ ਪੰਜ ਕੱਕਿਆਂ (ਕੀ, ਕਿਉਂ, ਕਿਵੇਂ, ਕਦੋਂ, ਕਿੱਥੇ) ਦੀ ਲੋੜ ਹੁੰਦੀ ਹੈ ਇਹੀ ਅਸਲ ਗੁਰੂ ਹਨ ਜੋ ਸਾਨੂੰ ਦਿਨ ਹਰ ਕਾਰਨ ਸਪੱਸ਼ਟ ਕਰਦੇ ਹਨ। ਉਨ੍ਹਾਂ ਨੇ ਸਪੱਸ਼ਟ ਲਫ਼ਜ਼ਾਂ ਵਿਚ ਕਿਹਾ ਕਿ ਸਾਡੇ ਦੇਸ਼ ਦੀ ਦੁਰਦਸ਼ਾ ਲਈ ਇੱਥੋਂ ਦੀ ਭੈੜੀ-ਵਿਵਸਥਾ ਜ਼ਿੰਮੇਵਾਰ ਹੈ। ਉਨ੍ਹਾਂ ਨੇ ਦੱਸਿਆ ਕਿ ਵਿਗਿਆਨ ਅਨੁਸਾਰ ਪਾਣੀ ਆਪਣਾ ਤਲ ਬਰਾਬਰ ਰੱਖਦਾ ਹੈ। ਦਿਸ਼ਾਵਾਂ ਦੇ ਹੌਲਾ ਭਾਰੀ ਹੋਣ ਦਾ ਵਾਸਤੂ ਸ਼ਾਸਤਰ ਭਰਮ ਪਾਉਂਦਾ ਹੈ। ਸ੍ਰੀ ਸੰਦੀਪ ਦੇ ਸੁਆਲ ਦੇ ਜੁਆਬ ਵਜੋਂ ਉਨ੍ਹਾਂ ਕਿਹਾ ਕਿ ਜੇਕਰ ਵਾਸਤੂ ਸ਼ਾਸਤਰ ਦੀਆਂ ਵੈੱਬਸਾਈਟ ਹਨ ਤਾਂ ਇਹ ਇਸਦੇ ਵਿਗਿਆਨਕ ਹੋਣ ਦਾ ਸਬੂਤ ਨਹੀਂ ਹਨ। ਕੋਈ ਵੀ ਵਿਅਕਤੀ ਆਪਣੀ ਇੱਛਾ ਦੀ ਵੈੱਬਸਾਈਟ ਤਿਆਰ ਕਰ ਸਕਦਾ ਹੈ। ਉਨ੍ਹਾਂ ਨੇ ਭਾਰਤ ਸਰਕਾਰ ਤੋਂ ਮੰਗ ਕਰਦੇ ਹੋਏ ਸਪੱਸ਼ਟ ਕੀਤਾ ਕਿ ਵਾਸਤੂ ਸ਼ਾਸਤਰ ਅਸਲ ਵਿਚ ਜੋਤਿਸ਼ ਵਾਂਗ ਹੀ ਲੁੱਟ ਦਾ ਧੰਦਾ ਹੈ ਇਸ ਉਤੇ ਪੂਰਨ ਪਾਬੰਦੀ ਲੱਗਣੀ ਚਾਹੀਦੀ ਹੈ। ਕੁੱਝ ਨਵੇਂ ਨਵੇਂ ਅਮੀਰ ਬਣੇ ਹੋਏ ਲੋਕ ਇਸਨੂੰ ਅਪਣਾ ਰਹੇ ਹਨ ਪਰ ਬਹੁਤੀ ਦੇਰ ਤੱਕ ਲੋਕਾਂ ਨੂੰ ਬੇਵਕੂਫ਼ ਨਹੀਂ ਬਣਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਮਨੁੱਖ ਦੀ ਤਰੱਕੀ ਦਾ ਆਧਾਰ ਕੇਵਲ ਘਰ ਦੀ ਬਣਤਰ ਵਿਚ ਖੋਜਣਾ ਪੂਰੀ ਤਰ੍ਹਾਂ ਗ਼ੈਰ-ਵਿਗਿਆਨਕ ਹੈ। ਜਿਨ੍ਹਾਂ ਤੱਤਾਂ ਦਾ ਜ਼ਿਕਰ ਧਾਰਮਿਕ ਗ੍ਰੰਥ ਜਾਂ ਵਾਸਤੂ ਸ਼ਾਸਤਰੀ ਕਰਦੇ ਹਨ, ਇਨ੍ਹਾਂ ਵਿਚ ਕੋਈ ਵੀ ਤੱਤ ਨਹੀਂ ਹਨ। ਕਲਪਿਤ ਦੇਵੀ ਦੇਵਤਿਆਂ ਜਾਂ ਦੈਂਤਾਂ ਦਾ ਜ਼ਿਕਰ ਵੀ ਗ਼ੈਰ ਵਿਗਿਆਨਕ ਹੈ। ਅਸਲ ਵਿਚ ਵਾਸਤੂ ਪੁਰਸ਼ ਭਾਰਤ ਦੀ ਧਰਤੀ ਦਾ ਵਾਰਿਸ਼ ਹੈ ਜਿਸ ਨੂੰ ਆਰੀਆ ਲੋਕਾਂ ਨੇ ਰਾਖ਼ਸ ਕਹਿਕੇ ਤਹਿਸ਼ ਨਹਿਸ਼ ਕਰਨ ਦੀ ਕੋਸ਼ਿਸ਼ ਕੀਤੀ। ਭਾਵੇਂ 45 ਦੇਵਤੇ ਉਸਨੂੰ ਦੱਬੀ ਬੈਠੇ ਹਨ ਪਰ ਅਸਲ ਵਿਚ ਉਹ ਹੀ ਧਰਤੀ ਦਾ ਅਸਲੀ ਵਾਰਿਸ ਹੈ। ਇਹ ਹੜੱਪਾ ਸੱਭਿਅਤਾ ਦੀ ਨਗਰ ਨਿਰਮਾਣ ਕਲਾ ਦੇ ਉੱਤਮ ਨਮੂਨੇ ਨੂੰ ਸਿੱਧ ਕਰਨ ਦਾ ਯਤਨ ਮਾਤਰ ਹੈ, ਜਿਸ ਨੂੰ ਖਾਨਾਬਦੋਸ਼ ਆਰੀਆ ਨੇ ਭਾਰਤ ਆਉਣ ਸਮੇਂ ਤਹਿਸ਼ ਨਹਿਸ਼ ਕਰ ਦਿੱਤਾ ਸੀ ਪਰ ਫਿਰ ਹੌਲੀ-ਹੌਲੀ ਅਪਣਾਉਣ ਲੱਗ ਪਏ ਸਨ। ਇਸ ਵਾਸਤੂ-ਪੁਰਸ਼ ਉੱਤੇ ਅਧਾਰਤ ਕਲਾ ਦਾ ਨਾਮ ਵਾਸਤੂ-ਸ਼ਾਸਤਰ ਹੈ ਜੋ ਪੂਰੀ ਤਰ੍ਹਾਂ ਗੈਰ-ਵਿਗਿਆਨਕ ਅਤੇ ਲੁੱਟ ਵਾਲਾ ਧੰਦਾ ਹੈ। ਧਰਮ ਦੇ ਦਾਨ-ਪੁੰਨ ਕਰਨ ਵਾਲੇ ਵਿਚਾਰ ਨੇ ਜਿਵੇਂ ਲੰਬੇ ਸਮੇਂ ਤੱਕ ਸਧਾਰਨ ਲੋਕਾਂ ਨੂੰ ਬੇਵਕੂਫ਼ ਬਣਾਈ ਰੱਖਿਆ ਹੈ, ਉਵੇਂ ਵਾਸਤੂ-ਸ਼ਾਸਤਰ ਵੀ ਲੋਕਾਂ ਨੂੰ ਬੇਵਕੂਫ਼ ਬਣਾਉਂਦਾ ਰਹੇਗਾ। ਉਨ੍ਹਾਂ ਨੇ ਸਰਕਾਰ ਉੱਤੇ ਦੋਸ਼ ਲਾਉਂਦਿਆਂ ਕਿਹਾ ਕਿ ਇੱਥੋਂ ਦੀਆਂ ਸਰਕਾਰਾਂ ਵਿਗਿਆਨਕ ਸਾਹਿਤ ਉੱਤੇ ਤਾਂ ਪਾਬੰਦੀ ਲਾ ਸਕਦੀਆਂ ਹਨ ਪਰ ਅੰਧ-ਵਿਸ਼ਵਾਸ ਪੈਦਾ ਕਰਨ ਵਾਲੇ ਸਾਹਿਤ ਉੱਤੇ ਪਾਬੰਦੀ ਨਹੀਂ ਲਾਉਂਦੀਆਂ। ਇਸ ਤੋਂ ਬਾਅਦ ਗੁਰਪ੍ਰੀਤ ਨੇ ਸ੍ਰੀ ਸੰਦੀਪ ਕੁਮਾਰ ਨੂੰ ਉਨ੍ਹਾਂ ਦੁਆਰਾ ਅਨੁਵਾਦਕ ਪੁਸਤਕ 'ਵਾਸਤੂ ਸ਼ਾਸਤਰ ਦਾ ਸੱਚ' ਵਿੱਚੋਂ ਕੁਝ ਸੁਆਲ ਪੁੱਛੇ ਜਿਨ੍ਹਾਂ ਵਿਚੋਂ ਕਿਸੇ ਇੱਕ ਦਾ ਵੀ ਉੱਤਰ ਸ੍ਰੀ ਸੰਦੀਪ ਨਾ ਦੇ ਸਕੇ ਸਗੋਂ ਤਿਲਮਿਲਾ ਉੱਠੇ।

## ਸੁਆਲ ਹੇਠ ਲਿਖੇ ਸਨ

1. ਸਾਡੇ ਘਰ ਦੀਆਂ ਦਿਸ਼ਾਵਾਂ ਦਾ ਸੁੱਖ-ਸ਼ਾਂਤੀ ਨਾਲ ਕੀ ਸਬੰਧ ਹੈ?
2. ਕੀ ਭਾਰਤ ਵਿਚ ਹਰ ਪ੍ਰਕਾਰ ਦੀ ਗ਼ਰੀਬੀ-ਦੁੱਖਾਂ ਕਸਟਾਂ ਦਾ ਕਾਰਨ 'ਹਿਮਾਲਾ' ਹੈ।
3. ਸਿੰਧ ਘਾਟੀ ਦਾ ਨਿਰਮਾਣ ਵਾਸਤੂ ਅਨੁਸਾਰ ਹੋਇਆ ਮੰਨਿਆਂ ਹੈ ਤਾਂ ਉਹ ਨਸ਼ਟ ਕਿਉਂ ਹੋਈ?
4. ਜਦੋਂ ਨਾਰੀ ਪੂਰਬ ਤੋਂ ਦੱਖਣ ਵੱਲ ਚੱਲੇਗੀ ਤਾਂ ਸੰਕਟ ਕਿਵੇਂ ਆਵੇਗਾ?
5. ਪੂਰਬ ਤੋਂ ਅਗਨੀ ਵੱਲ ਚਾਲ ਹੋਣ ਨਾਲ ਘਰ ਵਾਲਾ ਕੰਗਾਲ ਕਿਵੇਂ ਹੋ ਜਾਵੇਗਾ?
6. 'ਉੱਤਰ ਤੋਂ ਦੱਖਣ ਵੱਲ ਜਾਓ ਤਾਂ ਅੱਗੇ ਅਗਨ ਪਾਓ' ਇਹ ਕਿਵੇਂ ਹੋਵੇਗਾ?
7. 'ਉੱਤਰ ਹਵਾ 'ਚ ਗੇਟ ਨਾ ਲਗਾਓ ਤੇ ਘਰ 'ਚ ਨਾਸ਼ ਨਾ ਕਰਾਓ' ਕਿਵੇਂ?
8. 'ਉੱਤਰ ਦੀ ਟੇਢੀ ਦੀਵਾਰ, ਨਾਰੀ ਪੁਰਸ਼ ਦੋਨੋਂ ਫਰਾਰ' ਕਾਰਣ ਕੀ?

ਇਨ੍ਹਾਂ ਵਿਚੋਂ ਕਿਸੇ ਦਾ ਜੁਆਬ ਵੀ ਸ੍ਰੀ ਸੰਦੀਪ ਨਾ ਦੇ ਸਕੇ ਸਗੋਂ ਇਹ ਤਰਕ ਦਿੱਤਾ ਕਿ ਇਹ ਸਾਰਾ ਗਿਆਨ ਇੱਕ ਦਿਨ ਵਿਚ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਨੇ ਤਲਖੀ ਵਿੱਚ ਕਿਹਾ ਕਿ ਵਿਗਿਆਨੀ 'ਸੂਰਥੀ' ਵਾਸਤੂ ਸ਼ਾਸਤਰ ਨੂੰ ਮੰਨਦਾ ਹੈ ਕੀ ਉਹ ਮੂਰਖ ਹੈ? ਉਨ੍ਹਾਂ ਅੱਗੇ ਕਿਹਾ ਕਿ ਇਸ ਵਿਸ਼ੇ ਨੂੰ ਪੜ੍ਹਨ ਲਈ ਘੱਟੋ ਘੱਟ 10 ਸਾਲ ਚਾਹੀਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਵਾਸਤੂ ਸ਼ਾਸਤਰੀਆਂ ਨੇ ਅਜਿਹੇ ਯੰਤਰਾਂ ਦੀ ਖੋਜ ਕਰ ਲਈ ਹੈ ਜਿਹੜੇ ਘਰ ਵਿਚ ਲਾਉਂਦਿਆਂ ਹੀ ਕੈਂਸਰ ਆਦਿ ਬੀਮਾਰੀਆਂ ਦੇ ਰੋਗੀਆਂ ਬਾਰੇ ਦੱਸ ਦਿਆ ਕਰਨਗੇ। ਪਿੱਪਲ ਦੇ ਪੌਦੇ ਬਾਰੇ ਗ਼ੈਰ ਵਿਗਿਆਨ ਧਾਰਨਾ ਰੱਖਦੇ ਹੋਏ ਉਨ੍ਹਾਂ ਕਿਹਾ ਕਿ ਇਹ 24 ਘੰਟੇ ਆਕਸੀਜਨ ਦਿੰਦਾ ਹੈ, ਇਸੇ ਲਈ ਦੇਵਤਾ ਹੈ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਥਾਂ ਉਨ੍ਹਾਂ ਨੇ ਇਹ ਵੀ ਸਵੀਕਾਰ ਕੀਤਾ ਕਿ ਵਾਸਤੂ ਸ਼ਾਸਤਰ ਬਾਰੇ ਵਾਸਤੂ ਸ਼ਾਸਤਰੀਆਂ ਦੀ ਆਪਸੀ ਟੀਕਾ ਟਿੱਪਣੀ ਬਹੁਤ ਚੱਲ ਰਹੀ ਹੈ। ਉਨ੍ਹਾਂ ਨੇ ਆਪਣੇ ਵਿਸ਼ਵਾਸ ਦਾ ਤਰਕ ਦਿੰਦੇ ਹੋਏ ਕਿਹਾ ਕਿ "ਮੈਂ ਤੇ ਮੇਰੇ ਗੁਰੂ ਜੀ ਨੇ ਪਹਿਲਾਂ ਆਪਣੇ ਘਰਾਂ ਉੱਤੇ ਹਥੌੜਾ ਚਲਾਇਆ। ਪਰਖ ਕਰਕੇ ਫਿਰ ਹੋਰਨਾਂ ਦੇ ਘਰ ਤੁੜਵਾਏ। ਫਿਰ ਹੀ ਖੁੱਲ੍ਹਕੇ ਬੋਲਣਾ ਸ਼ੁਰੂ ਕੀਤਾ ਹੈ।" ਬੋਲਦੇ ਬੋਲਦੇ ਉਹ ਤੈਸ਼ ਵਿੱਚ ਆ ਗਏ ਤੇ ਕਿਹਾ, "ਮੈਂ ਵਾਸਤੂਕਾਰ ਹਾਂ, ਮੈਨੂੰ ਮਾਣ ਹੈ, ਮੈਂ ਕੋਈ ਠੱਗ ਨਹੀਂ।" ਇਹ ਕਹਿਕੇ ਉਹ ਸੈਮੀਨਾਰ ਵਿਚਾਲੇ ਛੱਡਕੇ ਜਾਣ ਲਈ ਤਿਆਰ ਹੋ ਗਏ। ਪਰ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਕੁੱਝ ਸਮਾਂ ਹੋਰ ਬੈਠਣ ਲਈ ਅਤੇ ਹੋਰਨਾਂ ਦੇ ਵੀ ਵਿਚਾਰ ਸੁਣਨ ਲਈ ਕਿਹਾ। ਸਾਥੀ ਸਵਰਨ ਸਿੰਘ ਨੇ ਗੁਰਪ੍ਰੀਤ ਨੂੰ ਸਵਾਲ ਕਰਨੋਂ ਰੋਕ ਕੇ ਬਾਹਰੋਂ ਆਏ ਮਹਿਮਾਨਾਂ ਦੇ ਵਿਚਾਰ ਸੁਣਨ ਬਾਰੇ ਕਿਹਾ।

ਇਸਤੋਂ ਬਾਅਦ ਰਾਜਾ ਰਾਮ ਹੰਡਿਆਇਆ ਨੇ ਆਪਣੇ ਭਾਸ਼ਣ ਵਿਚ ਵਾਸਤੂ ਸ਼ਾਸਤਰ ਨੂੰ ਜੋਤਿਸ਼ ਵਾਂਗ ਹੀ ਗੈਰ-ਵਿਗਿਆਨਕ ਅਤੇ ਲੋਕਾਂ ਦੀ ਲੁੱਟ ਕਰਨ ਵਾਲਾ ਕਿਹਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਜਿਵੇਂ ਜੋਤਿਸ਼ ਦਾ ਆਧਾਰ ਮੰਨੇ ਜਾਣ ਵਾਲੇ ਗ੍ਰਹਿ ਝੂਠੇ ਹਨ ਉਵੇਂ ਹੀ ਵਾਸਤੂ ਸ਼ਾਸਤਰ ਦਾ ਅਧਾਰ ਮੰਨਿਆ ਜਾਣ ਵਾਲਾ ਵਾਸਤੂ

ਪੁਰਸ਼ ਅਤੇ ਦੇਵਤੇ ਕੇਵਲ ਕਲਪਣਾ ਉੱਤੇ ਅਧਾਰਤ ਹਨ। ਜੋਤਿਸ਼ ਵਾਲੇ ਸੂਰਜ, ਚੰਦ, ਰਾਹੂ ਤੇ ਕੇਤੂ ਆਦਿ ਨੂੰ ਗ੍ਰਹਿ ਮੰਨਕੇ ਸਾਰੀਆਂ ਭਵਿੱਖਬਾਣੀਆਂ ਕਰਦੇ ਹਨ ਪਰ ਉਸ ਧਰਤੀ ਨੂੰ, ਜਿਸ ਉੱਤੇ ਰਹਿੰਦੇ ਵਿਅਕਤੀਆਂ ਦੀ ਭਵਿੱਖਬਾਣੀ ਕਰਦੇ ਹਨ, ਗ੍ਰਹਿ ਹੀ ਨਹੀਂ ਮੰਨਦੇ ਪਰ ਫਿਰ ਵੀ ਜੋਤਿਸ਼ ਨੂੰ ਵਿਗਿਆਨ ਕਹਿਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਬਿਲਕੁਲ ਉਸੇ ਤਰ੍ਹਾਂ ਵਾਸਤੂ ਸ਼ਾਸਤਰ ਨੂੰ ਵਿਗਿਆਨ ਨਾਲ ਜੋੜਕੇ ਪੜ੍ਹੇ ਲਿਖੇ ਲੋਕਾਂ ਨੂੰ ਮੂਰਖ ਬਣਾਉਣ ਦਾ ਨਵਾਂ ਪ੍ਰਚਾਰ ਕੀਤਾ ਜਾ ਰਿਹਾ ਹੈ। ਅਸਲ ਵਿਚ ਇਹ ਮੁਨਾਫ਼ੇ ਦਾ ਧੰਦਾ ਹੈ। ਬੱਸ ਲੋਕਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਵਾਸਤੂ ਸ਼ਾਸਤਰ ਦੇ ਦੋਸ਼ ਨਾਲ ਜੋੜਕੇ ਉਨ੍ਹਾਂ ਦੇ ਘਰ ਢੁਹਾਏ ਜਾ ਸਕਦੇ ਹਨ ਫਿਰ ਆਪਣੀ ਚਤੁਰਾਈ ਨਾਲ ਨਵੇਂ ਹਿਸਾਬ ਨਾਲ ਬਣਾਕੇ ਉਨ੍ਹਾਂ ਤੋਂ ਚੰਗੀਆਂ ਫੀਸਾਂ ਲਈਆਂ ਜਾ ਸਕਦੀਆਂ ਹਨ। ਕੁਝ ਚਲਾਕ ਲੋਕਾਂ ਨੇ ਇਸ ਧੰਦੇ ਨੂੰ ਅਪਨਾ ਕੇ ਨਵੇਂ ਅਮੀਰ ਬਣਨ ਵਾਲੇ ਜਾਂ ਮੱਧ ਸ਼੍ਰੇਣੀ ਦੇ ਲੋਕਾਂ ਨੂੰ ਇਸ ਮੱਕੜਜਾਲ ਵਿਚ ਫਸਾ ਲਿਆ ਹੈ। ਪੜ੍ਹੇ ਲਿਖੇ ਲੋਕ ਮੂਰਖ ਬਣ ਰਹੇ ਹਨ ਉਹ ਆਪਣੇ ਮਕਾਨ ਦਾ ਨਕਸ਼ਾ ਬਣਾਉਣ ਸਮੇਂ ਵਾਸਤੂ ਮਾਹਿਰਾਂ ਦੀ ਮੰਗ ਕਰਨ ਲੱਗ ਪਏ ਹਨ। ਕੁਝ ਚਲਾਕ ਕਿਸਮ ਦੇ ਲੋਕਾਂ ਨੇ ਦੋ ਚਾਰ ਕਿਤਾਬਾਂ ਪੜ੍ਹਕੇ ਆਪਣੇ ਆਪ ਨੂੰ ਵਾਸਤੂ ਸ਼ਾਸਤਰੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਨ੍ਹਾਂ ਦੇ ਕੁਝ ਏਜੰਟ ਇਨ੍ਹਾਂ ਦੀ ਮਸ਼ਹੂਰੀ ਕਰਕੇ ਇਨ੍ਹਾਂ ਦੇ ਠੱਗੀ ਦੇ ਧੰਦੇ ਨੂੰ ਅੱਗੇ ਵਧਾ ਰਹੇ ਹਨ।

ਸ੍ਰੀ ਰਾਜਾ ਰਾਮ ਨੇ ਇਹ ਵੀ ਸਪੱਸ਼ਟ ਕੀਤਾ ਕਿ ਕੇਵਲ ਮੂਰਖ ਲੋਕ ਹੀ ਹਵਾ, ਪਾਣੀ, ਧਰਤੀ, ਅਕਾਸ਼, ਸੂਰਜ (ਰੋਸ਼ਨੀ) ਨੂੰ ਤੱਤ ਦੇਵਤੇ ਮੰਨ ਸਕਦੇ ਹਨ। ਇਨ੍ਹਾਂ ਵਿਚੋਂ ਇੱਕ ਵੀ ਤੱਤ ਨਹੀਂ ਹੈ। ਇਹ ਸਭ ਯੋਗਿਕ ਜਾਂ ਮਿਸ਼ਰਣ ਹਨ। ਪਿੱਪਲ ਦੇ ਪੌਦੇ ਦੀ 24 ਘੰਟੇ ਆਕਸੀਜਨ ਦੇਣ ਵਾਲੀ ਸ੍ਰੀ ਸੰਜੀਵ ਕੁਮਾਰ ਦੀ ਉਦਾਹਰਣ ਨੂੰ ਝੂਠ ਦੱਸਦੇ ਹੋਏ ਸ੍ਰੀ ਰਾਜਾਰਾਮ ਹੰਡਿਆਇਆ ਨੇ ਕਿਹਾ ਕਿ ਪ੍ਰਕਾਸ਼ ਸੰਸਲੇਸ਼ਣ ਦੀ ਪ੍ਰਕਿਰਿਆ ਦੁਆਰਾ ਹੀ ਪੌਦੇ ਆਕਸੀਜਨ ਦਿੰਦੇ ਹਨ ਜੋ ਕੇਵਲ ਦਿਨ ਦੇ ਸਮੇਂ ਹੀ ਸੰਭਵ ਹੈ ਸੋ ਇਹ ਗੱਲ ਬਿਲਕੁਲ ਝੂਠ ਹੈ ਕਿ ਪਿੱਪਲ ਦਾ ਪੌਦਾ 24 ਘੰਟੇ ਆਕਸੀਜਨ ਦਿੰਦਾ ਹੈ ਇਸ ਲਈ ਇਹ ਸਾਡੇ ਲਈ ਦੇਵਤਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਆਧੁਨਿਕ ਯੁੱਗ ਵਿੱਚ ਵਿਗਿਆਨ ਦਾ ਠੱਪਾ ਲਾ ਕੇ ਪੁਰਾਤਨ ਗੈਰ ਵਿਗਿਆਨਕ ਧਾਰਨਾਵਾਂ ਨੂੰ ਇੱਕ ਸਾਜਿਸ਼ ਤਹਿਤ ਵਿਗਿਆਨਕ ਕਿਹਾ ਜਾ ਰਿਹਾ ਹੈ ਕਿਉਂਕਿ ਵਿਗਿਆਨ ਦੀ ਕਹੀ ਗੱਲ




ਵਿਚ ਅੱਜ ਦੇ ਵਿਅਕਤੀ ਪੂਰਨ ਵਿਸ਼ਵਾਸ ਕਰਦੇ ਹਨ। ਸੋ ਕਿਸੇ ਵੀ ਗੱਲ ਜਾਂ ਵਿਚਾਰ ਨੂੰ ਵਿਗਿਆਨ ਦੀ ਮੋਹਰ ਲਾ ਕੇ ਸੌਖਾ ਹੀ ਪ੍ਰਚਾਰਿਆ ਜਾ ਸਕਦਾ ਹੈ ਜਿਵੇਂ ਜੋਤਿਸ਼ ਨੂੰ ਵਿਗਿਆਨ ਕਹਿਕੇ ਪ੍ਰਚਾਰਿਆ ਗਿਆ ਹੈ ਭਾਵੇਂ ਇਹ ਨਿਰੋਲ ਠੱਗੀ ਦਾ ਧੰਦਾ ਹੈ ਉਸੇ ਤਰ੍ਹਾਂ ਵਾਸਤੂ ਸ਼ਾਸਤਰ ਵਿਗਿਆਨ ਦੇ ਨਾਮ ਉੱਤੇ ਪ੍ਰਚਾਰਿਤ ਇੱਕ ਨਵਾਂ ਠੱਗੀ ਦਾ ਧੰਦਾ ਹੈ।

ਉਨ੍ਹਾਂ ਨੇ ਕਿਹਾ ਕਿ ਜਿਵੇਂ ਜੋਤਿਸ਼ ਪਹਿਲਾਂ ਰਾਜੇ ਮਹਾਰਾਜਿਆਂ ਜਾਂ ਅਮੀਰ ਲੋਕਾਂ ਦੀ ਪਹੁੰਚ ਵਿਚ ਆਇਆ ਅਤੇ ਹੌਲ਼ੀ ਹੌਲ਼ੀ ਜਨ ਸਧਾਰਨ ਦੇ ਮਨ ਵਿੱਚ ਘਰ ਕਰ ਗਿਆ, ਉਸੇ ਤਰ੍ਹਾਂ ਹੀ ਵਾਸਤੂ ਸ਼ਾਸਤਰ ਪਹਿਲਾਂ ਅਮੀਰ ਲੋਕਾਂ ਤੱਕ ਪਹੁੰਚ ਬਣਾ ਰਿਹਾ ਹੈ। ਹੁਣ ਮੱਧ ਸ਼੍ਰੇਣੀ ਦੇ ਲੋਕ ਵੀ ਇਸ ਜਾਲ ਵਿਚ ਫਸ ਰਹੇ ਹਨ ਤੇ ਆਉਣ ਵਾਲੇ ਸਮੇਂ ਵਿਚ ਆਮ ਲੋਕਾਂ ਵਿਚ ਵੀ ਘਰ ਕਰ ਜਾਵੇਗਾ। ਇਸ ਧੰਦੇ ਵਿਚ ਜੋਤਸ਼ੀਆਂ ਵਾਂਗ ਲੱਖਾਂ ਹੀ ਠੱਗ ਲੋਕ ਆ ਜਾਣਗੇ ਜੋ ਸਾਡੇ ਭੋਲੇ ਭਾਲੇ ਲੋਕਾਂ ਨੂੰ ਭਰਮਾਂ ਵਿਚ ਪਾਕੇ ਲੁੱਟਣਗੇ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਮਨੁੱਖੀ ਜੀਵਨ ਵਿਚ ਦੁੱਖ-ਸੁੱਖ, ਆਸ਼ਾ-ਨਿਰਾਸ਼ਾ ਤਾਂ ਧੁੱਪ-ਛਾਂ ਵਾਂਗ ਆਉਂਦੇ ਹਨ ਇਨ੍ਹਾਂ ਦਾ ਸਾਡੇ ਘਰਾਂ ਦੀ ਬਣਤਰ ਨਾਲ ਕੋਈ ਸਬੰਧ ਨਹੀਂ ਹੁੰਦਾ। ਘਰਾਂ ਦਾ ਨਿਰਮਾਣ ਤਾਂ ਮਨੁੱਖੀ ਵਿਕਾਸ ਦੇ ਨਾਲ ਨਾਲ ਹਮੇਸ਼ਾ ਬਦਲਦਾ ਰਹਿੰਦਾ ਹੈ। ਨਿਰਮਾਣ ਕਲਾ ਵਿਚ ਗਿਆਨ ਅਤੇ ਤਰੱਕੀ ਵਧਦੀ ਹੀ ਰਹਿੰਦੀ ਹੈ ਪਰ ਸਾਡੀਆਂ ਸਮੱਸਿਆਵਾਂ ਦਾ ਹੱਲ ਨਾ ਜੋਤਿਸ਼ ਵਿਚ ਨਾ ਵਾਸਤੂ ਸ਼ਾਸਤਰ ਵਿਚ। ਸਮੱਸਿਆਵਾਂ ਜਾਂ ਦੁੱਖਾਂ ਦਾ ਨਿਰਭਰ ਹੋਣਾ ਮੌਜੂਦਾ ਵਿਵਸਥਾ ਤੇ ਨਿਰਭਰ ਕਰਦਾ ਹੈ। ਸਾਡੇ ਦੇਸ਼ ਵਿਚ ਪੂੰਜੀਵਾਦੀ ਢਾਂਚੇ ਕਾਰਨ ਕੇਵਲ ਕੁਝ ਲੋਕਾਂ ਕੋਲ ਸੁੱਖ ਸਹੂਲਤਾਂ ਹਨ ਜ਼ਿਆਦਾਤਰ ਲੋਕ ਸਹੂਲਤਾਂ ਤੋਂ ਵਾਂਝੇ ਹਨ। ਸੋ ਇਹ ਸਹੂਲਤਾਂ ਦਾ ਨਾ ਹੋਣ ਦਾ ਅਰਥ ਇਹ ਨਹੀਂ ਕਿ ਉਨ੍ਹਾਂ ਦੇ ਘਰ ਵਾਸਤੂ ਸ਼ਾਸਤਰ ਅਨੁਸਾਰ ਨਹੀਂ ਬਣੇ ਹੋਏ। ਸਾਡੇ ਦੇਸ਼ ਦੇ ਕਰੋੜਾਂ ਲੋਕਾਂ ਕੋਲ ਤਾਂ ਘਰ ਹੀ ਨਹੀਂ ਹਨ ਜਾਂ ਝੋਪੜੀਆਂ ਵਰਗੇ ਘਰ ਹਨ। ਇਹ ਲੋਕ ਵਾਸਤੂ-ਦੋਸ਼ ਕਾਰਨ ਕੰਗਾਲ ਜਾਂ ਗ਼ਰੀਬ ਨਹੀਂ ਹਨ। ਉਨ੍ਹਾਂ ਨੇ ਇਹ ਦੱਸਿਆ ਕਿ ਘਰ ਬਣਾਉਂਦੇ ਸਮੇਂ ਸਾਨੂੰ ਮੂਲ ਨਿਯਮਾਂ (ਹਵਾ, ਪਾਣੀ, ਰੋਸ਼ਨੀ ਆਦਿ) ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ ਪਰ ਵਾਸਤੂ ਸ਼ਾਸਤਰ ਦੇ ਸ਼ੁਭ-ਅਸ਼ੁਭ ਲੱਛਣਾਂ ਵਿੱਚ ਨਹੀਂ ਫਸਣਾ ਚਾਹੀਦਾ। ਇਹ ਬਿਲਕੁੱਲ ਗ਼ੈਰ-ਵਿਗਿਆਨਕ ਅਤੇ ਲੁੱਟ ਦਾ ਧੰਦਾ ਹੈ ਪਰ ਧਰਤੀ ਦੀ ਮੋਹਰ ਲਾ ਕੇ ਜੋਤਿਸ਼ ਵਾਂਗ ਇਸ ਧੰਦੇ ਨੂੰ ਵੀ ਵਿਸ਼ਵ ਵਿਆਪੀ ਬਣਾਇਆ ਜਾ ਰਿਹਾ ਹੈ। ਇਸਦੀ ਵਰਤੋਂ ਕਰਨ ਤੋਂ ਪਹਿਲਾਂ ਤਰਕ ਤੇ ਵਿਵੇਕ ਤੋਂ ਕੰਮ ਲੈਣਾ ਚਾਹੀਦਾ ਹੈ।

ਮਾਸਟਰ ਭਰਪੂਰ ਸਿੰਘ ਨੇ ਅਜਿਹੀਆਂ ਅਨੇਕ ਉਦਾਹਰਣਾਂ ਦਿੱਤੀਆਂ, ਜਿਨ੍ਹਾਂ ਘਰਾਂ ਦੇ ਮਾਲਿਕਾਂ ਨੇ ਆਪਣੇ ਘਰ ਵਾਸਤੂ ਸ਼ਾਸਤਰ ਅਨੁਸਾਰ ਬਣਾਏ ਸਨ ਪਰ ਉਨ੍ਹਾਂ ਘਰਾਂ ਵਿਚ ਵੱਡੇ ਪੱਧਰ ਉੱਤੇ ਜਾਨੀ ਤੇ ਮਾਲੀ ਨੁਕਸਾਨ ਹੋਇਆ। ਇਨ੍ਹਾਂ ਘਰਾਂ ਦੇ ਵਿੱਚ ਜ਼ਿਆਦਾਤਰ ਪਰਿਵਾਰਾਂ ਦੇ ਮੁਖੀ ਮਰ ਗਏ। ਅੰਤ ਵਿਚ ਪ੍ਰਧਾਨਗੀ ਭਾਸ਼ਣ ਵਿਚ ਡਾਕਟਰ ਮੋਹਨ ਸਿੰਘ ਜੀ ਨੇ ਕਿਹਾ ਕਿ 'ਘਰ ਬਣਾਉਣ ਸਮੇਂ ਸਹੀ ਆਰਕੀਟੈਕਟ ਦੀ ਰਾਇ ਲਵੋ।

*ਰਿਪੋਰਟ : ਰਾਜਾ ਰਾਮ ਹੰਡਿਆਇਆ*

# ਇੰਟਰਨੈਟ ਤੋਂ ਮਿਲ ਸਕਦੀ ਹੈ ਡਿਪ੍ਰੈਸ਼ਨ ਨਾਲ ਲੜਨ ਦੀ ਮਦਦ



ਬਲਵੀਰ ਬਾਸੀ, ਕੈਲੇਫੋਰਨੀਆ

ਵਾਸ਼ਿੰਗਟਨ – ਇਕ ਸਟੱਡੀ 'ਚ ਕਿਹਾ ਗਿਆ ਹੈ ਕਿ ਬਾਲਗ ਹੋ ਰਹੇ ਬੱਚਿਆਂ ਨੂੰ ਡਿਪ੍ਰੈਸ਼ਨ ਨਾਲ ਲੜਨ 'ਚ ਮਦਦ ਮਿਲ ਸਕਦੀ ਹੈ। ਇਹ ਸਟੱਡੀ ਸਿਡਨੀ ਯੂਨੀਵਰਸਿਟੀ 'ਚ ਭਾਰਤੀ ਮੂਲ ਦੇ ਰਿਸਰਚਰ ਡਾਕਟਰ ਸੁਵੇਨਾ ਸੇਠੀ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਕੀਤੀ। ਸਟੱਡੀ 'ਚ ਉਨ੍ਹਾਂ ਨੇ ਦੱਸਿਆ ਨੇ ਬਾਲਗ ਹੋ ਰਹੇ ਬੱਚਿਆਂ ਦੀ ਮੈਂਟਲ ਹੈਲਥ ਨੂੰ ਸੁਧਾਰਨ 'ਚ ਇੰਟਰੇਕਿਟਵ ਓਨਲਾਈਨ ਮੈਂਟਲ ਹੈਲਥ ਰਿਸੋਰਸਰਜ ਅਤੇ ਟ੍ਰੇਡਿਸ਼ਨਲ ਕਾਊਂਸਲਿੰਗ ਮਦਦਗਾਰ ਸਾਬਿਤ ਹੋ ਸਕਦੀ ਹੈ।

ਸਟੱਡੀ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਕਿਵੇਂ ਗ੍ਰਾਮੀਣ ਅਤੇ ਦੂਰਦਰਾਜ ਇਲਾਕਿਆਂ 'ਚ ਰਹਿ ਰਹੇ ਘੱਟ ਉਮਰ ਦੇ ਹਲਕੇ ਅਤੇ ਮਧਿਅਮ ਸਤਰ ਦੇ ਡਿਪਰੈਸ਼ਨ ਨਾਲ ਨਿਪਟਣ 'ਚ ਇੰਟਰਨੈਟ ਤੋਂ ਮਦਦ ਮਿਲ ਸਕਦੀ ਹੈ। ਇਸ ਕੰਮ 'ਚ ਓਨਲਾਈਨ ਮੈਂਟਲ ਹੈਲਥ ਰਿਸੋਰਸ ਅਸਰਦਾਰ ਸਾਬਿਤ ਹੋ ਸਕਦੇ ਹਨ।

'ਸੈਲਫ-ਹੈਲਪ ਫਾਰ ਡਿਪ੍ਰੈਸ਼ਨ' ਨਾਮ ਦੀ ਇਸ ਸਟੱਡੀ 'ਚ ਮੌਜੂਦਾ ਓਨਲਾਈਨ ਮੈਂਟਲ ਹੈਲਥ ਰਿਸੋਰਸ ਦਾ ਮੁਲਾਂਕਨ ਕੀਤਾ ਗਿਆ ਹੈ, ਤਾਂ ਕਿ ਇਸਦੇ ਇਲਾਜ ਦੇ ਵੱਖ ਵੱਖ ਤਰੀਕਿਆਂ ਨੂੰ ਇਸਤੇਮਾਲ ਕੀਤਾ ਜਾ ਸਕੇ। ਇਸ ਸਟੱਡੀ ਦੀ ਰਿਪੋਰਟ 'ਜਨਰਲ ਆਫ਼ ਟੈਕਨੋਲੋਜੀ ਇਨ ਹਿਊਮਨ ਸਰਵਿਸਜ਼' 'ਚ ਪ੍ਰਕਾਸ਼ਿਤ ਹੋਈ ਹੈ। ਅੰਝੂ ਕੈਂਪਬੇਲ ਨੇ ਕਿਹਾ ਕਿ ਸਾਡੀ ਰਿਸਰਚ ਦੇ ਮੁਤਾਬਿਕ ਬਾਲਗਾਂ ਦੇ ਲਈ ਡਿਪ੍ਰੈਸ਼ਨ ਟ੍ਰੀਟਮੈਂਟ ਦਾ ਵਧੀਆ ਤਰੀਕਾ ਓਨਲਾਈਨ ਕਾਊਂਸਲਿੰਗ ਦੇ ਨਾਲ ਨਾਲ ਓਨਲਾਈਨ ਸੈਲਫ਼ ਹੈਲਪ ਟੂਲਜ਼ ਦਾ ਇਸਤੇਮਾਲ ਹੈ।



## ਮਿਰਚ ਨਾਲ ਸਕਿਨ ਕੈਂਸਰ

ਵਾਸ਼ਿੰਗਟਨ – ਮਿਰਚ 'ਚ ਮਿਲਣ ਵਾਲੇ ਤੱਤ ਕੈਪਸੇਸਿਨ ਨਾਲ ਸਕਿਨ ਕੈਂਸਰ ਹੋਣ ਦਾ ਖ਼ਤਰਾ ਹੁੰਦਾ ਹੈ। ਇਹ ਦਾਅਵਾ ਇਕ ਅਧਿਐਨ 'ਚ ਕੀਤਾ ਗਿਆ ਹੈ। ਕੈਪਸੇਸਿਨ ਦਾ ਇਸਤੇਮਾਲ ਦਰਦ ਨਿਵਾਰਕ ਕ੍ਰੀਮ ਬਣਾਉਣ 'ਚ ਵੀ ਹੁੰਦਾ ਹੈ। ਮਿਨੇਸੋਟਾ ਯੂਨੀਵਰਸਿਟੀ ਦੇ ਐਨ ਬੋਡੇ ਨੇ ਦੱਸਿਆ ਕਿ ਕੈਪਸੇਸਿਨ ਯੁਕਤ ਦਰਦ ਨਿਵਾਰਕ ਕ੍ਰੀਮ ਦਾ ਇਸਤੇਮਾਲ ਕੈਂਸਰ ਦੇ ਖ਼ਤਰੇ ਨੂੰ ਵਧਾਉਂਦਾ ਹੈ।

ਇਸ ਅਧਿਐਨ ਨੂੰ ਕੈਂਸਰ ਜਨਰਲ "ਕੈਂਸਰ ਰਿਸਰਚ" 'ਚ ਪ੍ਰਕਾਸ਼ਿਤ ਕੀਤਾ ਗਿਆ ਹੈ।

## ਇਕ ਇੰਜੈਕਸ਼ਨ ਅਤੇ ਹਰ ਫਲੂ ਦਾ ਕੰਮ ਤਮਾਮ

ਲੰਦਨ – ਤਰ੍ਹਾਂ ਤਰ੍ਹਾਂ ਦੇ ਫਲੂ ਦੇ ਅਟੈਕ ਤੋਂ ਬਚਣ ਲਈ ਹੁਣ ਤੁਹਾਨੂੰ ਨਵੀਂ ਵੈਕਸੀਨ ਲਗਾਉਣ ਦੀ ਜ਼ਰੂਰਤ ਨਹੀਂ ਕਿਉਂਕਿ ਹੁਣ ਅਜਿਹੀ ਵੈਕਸੀਨ ਬਣਾਈ ਜਾ ਰਹੀ ਹੈ ਜੋ ਹਰ ਤਰ੍ਹਾਂ ਦੇ ਫਲੂ ਨੂੰ ਰੋਕਣ 'ਚ ਕਾਰਗਰ ਹੋਵੇਗੀ। ਇਸ ਵੈਕਸੀਨ ਨੂੰ ਬਣਾਉਣ 'ਚ ਜੁਟੀ ਵਿਗਿਆਨਕਾਂ ਦੀ ਇੰਟਰਨੈਸ਼ਨਲ ਟੀਮ ਦੀ ਕੋਸ਼ਿਸ਼ ਹੈ ਕਿ ਇਸ ਨਾਲ ਆਮ ਸਰਦੀ ਜੁਕਾਮ ਦੇ ਫਲੂ ਦੀ ਰੋਕਥਾਮ ਵੀ ਕੀਤੀ ਜਾ ਸਕੇ। ਚੰਗੀ ਗੱਲ ਇਹ ਹੈ ਕਿ ਇਸ ਵੈਕਸੀਨ ਦੇ ਲਈ ਤੁਹਾਨੂੰ ਬਹੁਤਾ ਸਮਾਂ ਇੰਤਜ਼ਾਰ ਨਹੀਂ ਕਰਨਾ ਪਵੇਗਾ। ਵਿਗਿਆਨਕਾਂ ਦਾ ਕਹਿਣਾ ਹੈ ਕਿ ਅਗਲੇ ਕੁਝ ਹੀ ਸਾਲਾਂ 'ਚ ਇਹ ਬਾਜ਼ਾਰ 'ਚ ਮੌਜੂਦ ਹੋਵੇਗੀ। ਵਿਗਿਆਨਕਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੇ 'ਸਭ ਦੇ ਲਈ ਇਕ' ਇਸ ਵੈਕਸੀਨ ਨੂੰ ਡਿਜ਼ਾਇਨ ਕਰਨ ਦੇ ਲਈ ਗੁਥਲੀ ਸੁਲਝਾਈ ਹੈ। ਇਸ ਵੈਕਸੀਨ ਦੇ ਸ਼ੁਰੂਆਤੀ ਟਰਾਇਲ ਸ਼ੁਰੂ ਕੀਤੇ ਜਾ ਰਹੇ ਹਨ ਅਤੇ 2013 ਤੱਕ ਇਸ ਨੂੰ ਇਨਸਾਨਾਂ 'ਤੇ ਟੈਸਟ ਕੀਤਾ ਜਾ ਸਕਦਾ ਹੈ।

ਯੂ. ਐਸ. ਨੈਸ਼ਨਲ ਇੰਸਟੀਟਿਊਟ ਆਫ ਐਲਰਜੀ ਐਂਡ ਇੰਫੇਕਸ਼ੀਅਸ ਡਿਜੀਜ ਨਾਲ ਜੁੜੇ ਅਤੇ ਇਸ ਸਟੱਡੀ ਦੇ ਲੀਡਰ ਡਾ. ਗੋਰੀ ਨੇਬਲ ਦੇ ਮੁਤਾਬਿਕ, ਅਸੀਂ ਇਨ੍ਹਾਂ ਨਤੀਜਿਆਂ ਤੋਂ ਕਾਫ਼ੀ ਪ੍ਰਭਾਵਤ ਹਾਂ। ਪ੍ਰਾਈਮ ਬੂਸਟ ਅਪਰੋਚ ਨਾਲ ਇਲਫਲੂਏਂਜਾ ਦੇ ਟੀਕਾਕਰਨ 'ਚ ਨਵੀਂ ਆਸ਼ਾ ਜਾਗੀ ਹੈ। ਇਹ ਹੈਪੇਟਾਈਟਸ ਦੀ ਤਰ੍ਹਾਂ ਹੋਵੇਗਾ ਜਿਸ 'ਚ ਅਸੀਂ ਜੀਵਨ ਦੇ ਸ਼ੁਰੂਆਤੀ ਹਿੱਸੇ 'ਚ ਵੈਕਸੀਨ ਲੈਣ ਤੋਂ ਬਾਅਦ ਵੀ ਐਡੀਸ਼ਨਲ ਡੋਜ ਲੈ ਕੇ ਇਮਨਿਊਇਟੀ ਵਧਾਉਂਦੇ ਹਨ। ਸਾਨੂੰ ਉਮੀਦ ਹੈ ਕਿ ਆਉਣ ਵਾਲੇ 3 ਤੋਂ 5 ਸਾਲਾਂ 'ਚ ਅਸੀਂ ਸਾਰਿਆਂ ਫਲੂਆਂ ਤੋਂ ਸੁਰੱਖਿਆ ਕਰਨ ਵਾਲੀ ਵੈਕਸੀਨ ਦੇ ਅਸਰ ਨੂੰ ਮਾਪਣ ਦੇ ਲਈ ਟਰਾਇਲ ਸ਼ੁਰੂ ਕਰ ਦੇਵਾਂਗੇ।

ਵਿਗਿਆਨਕਾਂ ਨੇ ਇਹ ਵੀ ਕਿਹਾ ਕਿ ਪ੍ਰਾਈਮ ਬੂਸਟ ਵੈਕਸੀਨ ਨੇ ਕਿਸ ਤਰ੍ਹਾਂ ਚੂਹੇ ਨੂੰ ਖ਼ਤਰਨਾਕ ਫਲੂ ਵਾਇਰਸ ਤੋਂ ਬਚਾਇਆ। ਬੂਸਟ ਮਿਲਣ ਦੇ ਤਿੰਨ ਹਫ਼ਤੇ ਬਾਅਦ 20 ਚੂਹਿਆਂ ਨੂੰ 1934 ਦੇ ਫਉ ਵਾਇਰਸ ਦੇ ਵਿਚਕਾਰ ਛੱਡਿਆ ਗਿਆ। ਇਨ੍ਹਾਂ 'ਚ 80 ਪ੍ਰਤੀਸ਼ਤ ਬਚ ਗਏ। ਜਦੋਂ ਚੂਹਿਆਂ ਨੂੰ ਸਿਰਫ਼ ਪ੍ਰਾਈਮ ਅਤੇ ਬੂਸਟ ਹੀ ਦਿੱਤਾ ਗਿਆ ਜਾਂ ਨਕਲੀ ਵੈਕਸੀਨ ਹੀ ਦਿੱਤੀ ਗਈ ਤਾਂ ਸਾਰਿਆਂ ਚੂਹਿਆਂ ਦੀ ਮੌਤ ਹੋ ਗਈ।

ਮਾਹਰਾਂ ਨੇ ਇਸ ਰਿਸਰਚ ਦਾ ਸਵਾਗਤ ਕੀਤਾ ਹੈ। ਬ੍ਰਿਟੇਨ ਦੇ ਲੀਡਿੰਗ ਫਲੂ ਮਾਹਰ ਅਤੇ ਵਾਇਰਾਲਜਿਸਟ ਪ੍ਰੋ. ਜਾਨ ਆਕਸਫੋਰਡ ਦੇ ਮੁਤਾਬਿਕ, ਇਹ ਇਕ ਨਵੀਂ ਮਜ਼ੇਦਾਰ ਕੋਸ਼ਿਸ਼ ਹੈ। ਲੱਗਦਾ ਹੈ ਇਨ੍ਹਾਂ ਰਿਸਰਚਰਾਂ ਨੂੰ ਕੋਈ ਯੂਨੀਵਰਸਲ ਜਾਂ ਜਨਰਲ ਐਂਟੀ ਬਾਡੀ ਦਾ ਪਤਾ ਲੱਗ ਗਿਆ ਹੈ। ਕਈ ਤਰ੍ਹਾਂ ਦੇ ਵਾਇਰਸ 'ਤੇ ਹਮਲਾ ਕਰਦਾ ਹੈ। ਇਸ ਵੈਕਸੀਨ ਦਾ ਅਗਲਾ ਕਦਮ ਕਾਫ਼ੀ ਅਹਿਮ ਹੈ।

# ਬਣਾਵਟੀ ਚਿਹਰੇ ਨੂੰ ਅਸਲੀ ਅਹਿਸਾਸ



ਵਿਗਿਆਨਕਾਂ ਦੁਆਰਾ ਬਣਾਇਆ ਇਹ ਬਨਾਵਟੀ ਚਿਹਰਾ ਇਸ ਤਰ੍ਹਾਂ ਦੇ ਪਦਾਰਥ ਤੋਂ ਬਣਾਇਆ ਗਿਆ ਹੈ ਕਿ ਇਹ ਹਰ ਤਰ੍ਹਾਂ ਦੇ ਦਬਾਅ ਨੂੰ ਮਹਿਸੂਸ ਕਰ ਸਕਦਾ ਹੈ।

ਵਿਗਿਆਨਕਾਂ ਦਾ ਮੰਨਣਾ ਹੈ ਕਿ ਅਜਿਹੇ ਬਨਾਵਟੀ ਹੱਥ ਆਂਡੇ ਵਰਗੀਆਂ ਚੀਜ਼ਾਂ ਨੂੰ ਚੁੱਕਣ ਅਤੇ ਭਾਰੀ ਵਸਤੂਆਂ ਜਿਵੇਂ ਤਵੇ ਨੂੰ ਚੁੱਕਣ 'ਚ ਫ਼ਰਕ ਕਰ ਸਕੇਗਾ, ਨਾਲ ਹੀ ਇਸ ਬਨਾਵਟੀ ਚਿਹਰੇ ਦੁਆਰਾ ਬਣੇ ਹੱਥ ਦੀ ਪਕੜ ਵੀ ਵਧੀਆ ਹੋਵੇਗੀ।

ਅਮਰੀਕੀ ਵਿਗਿਆਨਕ ਕਾਫ਼ੀ ਸਮੇਂ ਤੋਂ ਰੋਬੋਟ ਨੂੰ ਇਸ ਤਰ੍ਹਾਂ ਦਾ ਬਣਾਉਣਾ ਚਾਹੁੰਦੇ ਹਨ ਕਿ ਉਹ ਆਪਣੇ ਆਪ ਵਜ਼ਨ 'ਚ ਫ਼ਰਕ ਕਰ ਸਕੇ, ਕਿਉਂਕਿ ਉਨ੍ਹਾਂ 'ਚ ਸੰਵੇਦਨਾ ਨਹੀਂ ਹੁੰਦੀ ਤਾਂ ਉਹ ਇਹ ਮਹਿਸੂਸ ਨਹੀਂ ਕਰ ਸਕਦੇ। ਪਰ ਨਵੇਂ ਚਿਹਰੇ 'ਚ ਸੈਂਸਰ ਲੱਗੇ ਹੋਣ ਕਾਰਨ ਰੋਬੋਟ ਹੁਣ ਫੁੱਲ ਅਤੇ ਹਥੌੜੇ 'ਚ ਫ਼ਰਕ ਕਰ ਸਕਣਗੇ।

ਆਰਟੀਫੀਸ਼ੀਅਲ ਚਿਹਰੇ ਦੀ ਖੋਜ ਕਰਨ ਵਾਲੀ ਟੀਮ 'ਚ ਇਕ, ਕੈਲੀਫੋਰਨੀਆ ਦੀ ਬਰਕਲੇ ਯੂਨੀਵਰਸਿਟੀ 'ਚ ਇਲੈਕਟ੍ਰੋਨਿਕਲ ਇੰਜੀਨੀਅਰ ਅਲੀ ਜਾਵੇਦ ਦਾ ਕਹਿਣਾ ਹੈ, "ਮਨੁੱਖ ਜਾਣਦਾ ਹੈ ਕਿ ਕਿਸ ਤਰ੍ਹਾਂ ਆਂਡੇ ਨੂੰ ਫੜਿਆ ਜਾਵੇ ਤਾਂ ਜੋ ਉਹ ਟੁੱਟੇ ਨਾ। ਉਹ ਇਸ ਤਰ੍ਹਾਂ ਦਾ ਰੋਬੋਟ ਬਣਾਉਣਾ ਚਾਹੁੰਦੇ ਹਨ ਜੋ ਇਕ ਭਾਰੀ ਅਤੇ ਹਲਕੀ ਚੀਜ਼ ਦਾ ਅਹਿਸਾਸ ਕਰ ਸਕੇ।

ਇਹ ਬਨਾਵਟੀ ਚਿਹਰਾ ਉਨ੍ਹਾਂ ਲੋਕਾਂ ਨੂੰ ਬਹੁਤ ਕੰਮ ਆਵੇਗਾ ਜਿਨ੍ਹਾਂ ਦੇ ਬਨਾਵਟੀ ਹੱਥ ਲਗਾਇਆ ਗਿਆ ਹੈ, ਪਰ ਇਸ ਤੋਂ ਪਹਿਲਾਂ ਵਿਗਿਆਨਕਾਂ ਨੂੰ ਆਪਣਾ ਦਿਮਾਗ ਖਰਚ ਕਰਨਾ ਹੋਵੇਗਾ ਕਿ ਕਿਸ ਤਰ੍ਹਾਂ ਇਹ ਪਦਾਰਥ ਮਨੁੱਖ ਦੇ ਦਿਮਾਗ ਨਾਲ ਤਾਲਮੇਲ ਕਰ ਸਕਦਾ ਹੈ।

# ਇਲੈਕਟਰੋਨਿਕ ਨੱਕ ਦੇ ਨਾਲ ਸੁੰਘਿਆ ਜਾਵੇਗਾ ਕੈਂਸਰ

ਨਾ ਇਲਾਜ ਬਿਮਾਰੀ ਕੈਂਸਰ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਹਦੀ ਪਹਿਚਾਣ ਦੇ ਲਈ ਵਿਗਿਆਨਕ ਖਾਸ ਕਿਸਮ ਦੀ ਇਲੈਕਟ੍ਰੋਨਿਕ ਨੱਕ ਬਣਾਉਣ ਵਿਚ ਜੁਟੇ ਹੋਏ ਹਨ। ਇਸਦੀ ਮਦਦ ਨਾਲ ਸਾਹ ਨੂੰ ਸੁੰਘ ਕੇ ਹੀ ਕਈ ਪ੍ਰਕਾਰ ਦੇ ਕੈਂਸਰ ਦੀ ਜਾਂਚ ਕੀਤੀ ਜਾ ਸਕਦੀ ਹੈ।

ਇਸ ਤਕਨੀਕ ਨੂੰ ਵਿਕਸਿਤ ਕਰਨ ਲਈ ਜੁਟੇ ਹੋਏ ਇਸ਼ਰਾਈਲ ਦੇ ਵਿਗਿਆਨਕਾਂ ਦਾ ਕਹਿਣਾ ਹੈ ਕਿ ਇਸ ਦੇ ਜ਼ਰੀਏ ਫੇਫੜਿਆਂ, ਛਾਤੀ ਅਤੇ ਦਿਮਾਗੀ ਕੈਂਸਰ ਦਾ ਪਤਾ ਲਗਾਇਆ ਜਾ ਸਕਦਾ ਹੈ। ਬ੍ਰਿਟਿਸ਼ ਪੱਤ੍ਰਿਕਾ ਕੈਂਸਰ ਨਾਲ ਪ੍ਰਕਾਸ਼ਿਤ ਰਿਪੋਰਟ ਮੁਤਾਬਿਕ ਕੈਂਸਰ ਦੇ ਵਾਇਰਸ ਟੈਸਟ ਕਰਨ ਲਈ ਖਾਸ ਕਿਸਮ ਦਾ ਸੈਂਸਰ ਬਣਾਇਆ ਗਿਆ ਹੈ।

ਸੋਧ ਦਲ ਦੇ ਪ੍ਰਧਾਨ ਅਬਰਾਹਿਮ ਕੁਟਨ ਨੇ ਦੱਸਿਆ ਕਿ ਇਸ ਪ੍ਰੋਜੈਕਟ ਦਾ ਮਤਲਬ ਤੇਜ਼ੀ ਨਾਲ ਨਾਲ ਫੈਲ ਰਹੇ ਕੈਂਸਰ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਹੀ ਫੜਨ ਦੇ ਲਈ ਸਸਤੀ ਅਤੇ ਆਸਾਨੀ ਨਾਲ ਵਰਤੋਂ ਵਿਚ ਕੀਤੀ ਜਾਣ ਵਾਲੀ ਤਕਨੀਕ ਵਿਕਸਿਤ ਕਰਨਾ ਹੀ ਹੈ।

ਕੁਟਨ ਦਾ ਕਹਿਣਾ ਹੈ ਕਿ ਸੇਸਰ ਦੇ ਸਕਾਰਾਤਮਕ ਸ਼ੁਰੂਆਤ ਦੇ ਜ਼ੋਰ 'ਤੇ ਇਸਦੀ ਸਫਲਤਾ ਦਾ ਦਾਅਵਾ ਕੀਤਾ ਜਾ ਸਕਦਾ ਹੈ। ਇਹ ਸੇਸਰ ਸ਼ਾਹ ਨੂੰ ਸੁੰਘ ਕੇ ਉਨ੍ਹਾਂ ਰਸਾਇਣਿਕ ਤੱਤਾਂ ਨੂੰ ਫੜ ਸਕੇਗਾ ਜੋ ਸਰੀਰ ਦੇ ਵਿਚ ਕੈਂਸਰ ਦੇ ਕਣਾਂ ਨੂੰ ਵਿਕਸਿਤ



ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਐਨਾ ਹੀ ਨਹੀਂ ਇਸ ਤੋਂ ਇਹ ਪਹਿਚਾਨ ਵੀ ਕੀਤੀ ਜਾ ਸਕਦੀ ਹੈ ਕਿ ਕੈਂਸਰ ਸਰੀਰ ਦੇ ਕਿਸ ਹਿੱਸੇ ਵਿਚ ਸ਼ੁਰੂ ਹੋਣ ਵਾਲਾ ਹੈ। ਸੋਧ ਦੇ ਅਨੁਸਾਰ ਸੇਸਰ ਨਾਲ 177 ਲੋਕਾਂ ਦੇ ਸਾਹ ਦਾ ਨਿਰੀਖਣ ਕੀਤਾ ਗਿਆ ਹੈ। ਸ਼ੁਰੂਆਤੀ ਨਿਰੀਖਣ ਵਿਚ ਹੀ ਇਸਦੇ ਨਾਲ ਤੰਦਰੁਸਤ ਅਤੇ ਬਿਮਾਰੀ ਨਾਲ ਗ੍ਰਸਤ ਸਾਹ ਦੀ ਪਹਿਚਾਨ ਕਰ ਲਈ ਗਈ।

# ਮਲੇਰੀਏ ਨੂੰ ਰੋਕੇਗੀ ਇਕ ਨਵੀਂ ਦਵਾਈ

ਮੱਛਰ ਦੇ ਕੱਟਣ ਨਾਲ ਹੋਣ ਵਾਲੀ ਬਿਮਾਰੀ ਮਲੇਰੀਆ ਦੇ ਖਿਲਾਫ਼ ਅਮਰੀਕੀ ਵਿਗਿਆਨਕਾਂ ਨੇ ਇਕ ਨਵੀਂ ਦਵਾਈ ਬਣਾਈ ਹੈ ਜੋ ਕਿ ਇਕ ਗੋਲੀ ਖਾਣ ਨਾਲ ਹੀ ਅਸਰ ਕਰਨਾ ਸ਼ੁਰੂ ਕਰ ਦੇਵੇਗੀ।

ਅਮਰੀਕੀ ਵਿਗਿਆਨ ਪੱਤ੍ਰਿਕਾ ਸਾਇੰਸ ਵਿਚ ਪ੍ਰਕਾਸ਼ਿਤ ਇਕ ਅਧਿਐਨ ਦੇ ਅਨੁਸਾਰ ਨਵੀਂ ਦਵਾਈ ਦਾ ਕਲੀਨਿਕਲ ਟੈਸਟ ਇਸੇ ਸਾਲ ਸ਼ੁਰੂ ਹੋ ਜਾਵੇਗਾ। ਅਮਰੀਕਾ ਵਿਚ ਕੈਲੀਫੋਰਨੀਆ ਵਿਖੇ ਸਥਿਤ ਸਿਕ੍ਰਪਸ ਸੋਧ ਸੰਸਥਾ ਦੀ ਇਲਾਜ ਕਰਤਾ ਨੇ ਇਹ ਖੋਜ ਕੀਤੀ ਹੈ। ਉਹਨ੍ਹਾਂ ਦਾ ਕਹਿਣਾ ਹੈ ਕਿ ਇਸ ਦਵਾਈ ਦੀ ਇਕ ਹੀ ਗੋਲੀ ਖਾਣ ਨਾਲ ਬਿਮਾਰੀ ਦਾ ਮੁਕਾਬਲਾ ਕਰਨ ਦੀ ਸੰਭਾਵਨਾ ਹੈ।

ਬਾਜ਼ਾਰ ਵਿਚ ਮਲੇਰੀਏ ਦੀ ਹੁਣ ਤੱਕ ਜੋ ਦਵਾਈ ਉਪਲੱਬਧ ਹੈ ਉਸ ਦਵਾਈ ਨੂੰ ਤਿੰਨ ਤੋਂ ਸੱਤ ਦਿਨਾਂ ਤੱਕ, ਦਿਨ ਵਿਚ ਇਕ ਤੋਂ ਚਾਰ ਵਾਰ ਖਾਣਾ ਪੈਂਦਾ ਹੈ। ਮੱਛਰਾਂ ਉਪਰ ਬਹੁਤ ਸਾਰੀਆਂ ਦਵਾਈਆਂ ਦਾ ਅਸਰ ਨਹੀਂ ਹੁੰਦਾ ਕਿਉਂਕਿ ਉਸਦੇ ਖਿਲਾਫ਼ ਇਕ ਸੰਸਥਾ ਵਿਕਸਿਤ ਕਰ ਲਈ ਹੈ। ਵਿਗਿਆਨਕਾਂ ਦਾ ਮੰਨਣਾ ਹੈ ਕਿ ਨਵੀਂ ਦਵਾਈ ਦਾ ਇਕ ਹਿੱਸਾ



ਲੈਣ ਨਾਲ ਮਲੇਰੀਏ ਦੀਆਂ ਦਵਾਈਆਂ ਦੇ ਖਿਲਾਫ਼ ਗੰਭੀਰ ਸਮੱਸਿਆ ਖ਼ਤਮ ਹੋ ਜਾਵੇਗੀ।

ਇਨੋਫਿਲਿਸ ਮੱਛਰ ਲੋਕਾਂ ਵਿਚ ਮਲੇਰੀਆ ਫੈਲਾਉਂਦੇ ਹਨ, ਜਿਸਦੇ ਨਾਲ ਸਰੀਰ ਪਲਾਮੋਡਿਆ ਨਾਂ ਦੇ ਪਰਜੀਵੀ ਨਾਲ ਜੁੜ ਜਾਂਦਾ ਹੈ ਇਸਦਾ ਅਸਰ ਗੁਰਦਿਆਂ ਤੋਂ ਹੁੰਦਾ ਹੋਇਆ ਲਾਲ ਖੂਨ ਦੇ ਕਣਾਂ ਨੂੰ ਖਤਮ ਕਰਦਾ ਹੋਇਆ, ਬੁਖਾਰ, ਸਿਰ ਦਰਦ ਅਤੇ ਘਬਰਾਹਟ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਜੇਕਰ ਇਸਦਾ ਇਲਾਜ ਨਾ ਹੋਵੇ ਤਾਂ ਮਲੇਰੀਆ ਜੀਵਨ ਦੇ ਲਈ ਖਤਰਾ ਬਣ ਜਾਂਦਾ ਹੈ ਕਿਉਂਕਿ ਜੀਵਨ ਦੇ ਲਈ ਬਿਮਾਰੀ ਗ੍ਰਸਤ ਖੂਨ ਹਾਨੀਕਾਰਕ ਹੋ ਜਾਂਦਾ ਹੈ।



ਵਿਸ਼ਵ ਸਹਿਤ ਸੰਗਠਨ ਡਬਲਯੂ. ਐਚ. ਓ. ਦੇ ਅਨੁਸਾਰ 2008 ਵਿਚ ਵਿਸ਼ਵ ਭਰ ਵਿਚ ਲਗਭਗ 25 ਕਰੋੜ ਮਲੇਰੀਆ ਗ੍ਰਸਤ ਲੋਕਾਂ ਦਾ ਨਿਰੀਖਣ ਕੀਤਾ ਗਿਆ ਸੀ। ਲਗਭਗ ਦਸ ਲੱਖ ਲੋਕਾਂ ਦੀ ਇਸਦੇ ਨਾਲ ਮੌਤ ਹੀ ਹੋ ਗਈ ਸੀ। ਉਨ੍ਹਾਂ ਵਿਚ ਅਫਰੀਕਾ ਦੇ ਬੱਚੇ ਵੀ ਸਨ।

## ਹੋਵੇਗੀ ਅਲਜ਼ਾਈਮਰਜ਼ ਦੀ ਰੋਕਥਾਮ

ਇਕ ਨਵੀਂ ਸੋਧ ਇਹ ਸਾਹਮਣੇ ਆਇਆ ਹੈ ਕਿ ਵਧੀਆ ਮਾਤਰਾ 'ਚ ਵਿਟਾਮਿਨ ਬੀ ਦਾ ਸੇਵਨ ਕਰਨ ਨਾਲ ਦਿਮਾਗ਼ ਘੱਟ ਸੁੰਗੜਦਾ ਹੈ। ਜੇਕਰ ਵਿਟਾਮਿਨ ਬੀ ਲੈਣ ਵਾਲਾ ਕੋਈ ਬਜ਼ੁਰਗ ਹੋਵੇ ਜਿਸ 'ਚ ਅਲਜਾਈਮਰਜ਼ ਦੀ ਬਿਮਾਰੀ ਹੋਣ ਦੇ ਸੰਕੇਤ ਦਿਸ ਰਹੇ ਹੋਣ ਤਾਂ ਉਸਦਾ ਦਿਮਾਗ਼ ਪਹਿਲਾਂ ਨਾਲੋਂ ਘੱਟ ਸੁੰਗੜੇਗਾ। ਇਹ ਵਿਟਾਮਿਨ ਦਿਮਾਗ਼ ਦੇ ਅੰਦਰ ਕੁਝ ਤਾਂ ਕਰ ਰਹੇ ਹਨ, ਇਹ ਦਿਮਾਗ਼ ਦੀ ਸੁਰੱਖਿਆ ਕਰ ਰਹੇ ਹਨ ਅਤੇ ਇਹ ਬੇਹੱਦ ਮਹੱਤਵਪੂਰਨ ਹੈ ਕਿਉਂਕਿ ਅਲਜਾਈਮਰਜ਼ ਦੇ ਬਚਾਅ ਦੇ ਲਈ ਦਿਮਾਗ਼ ਦੀ ਸੁਰੱਖਿਆ ਜ਼ਰੂਰੀ ਹੈ। ਇਹ ਸੋਧ 'ਪਬਲਿਕ ਲਾਈਬ੍ਰੇਰੀ ਆਫ਼ ਸਾਇੰਸ ਵਨ ਪੱਤ੍ਰਿਕਾ' 'ਚ ਪ੍ਰਕਾਸ਼ਿਤ ਹੋਇਆ ਹੈ। ਇਸ 'ਚ 168 ਲੋਕਾਂ 'ਤੇ ਸੋਧ ਕੀਤੀ ਗਈ ਹੈ ਜਿਨ੍ਹਾਂ ਦੇ ਦਿਮਾਗ ਦੀ ਤਾਕਤ ਘੱਟ ਹੋਣ ਲੱਗਦੀ ਹੈ। ਅਜਿਹੀ ਸਥਿਤੀ 'ਚ ਯਾਦਾਸ਼ਤ ਕਮਜ਼ੋਰ ਹੋ ਜਾਂਦੀ ਹੈ ਅਤੇ ਬੋਲਣ 'ਚ ਵੀ ਦਿੱਕਤ ਆਉਂਦੀ ਹੈ। ਇਹ ਲੱਛਣ ਅਲਜਾਈਮਰਜ਼ ਹੋਣ ਤੋਂ ਪਹਿਲਾਂ ਦਿਖਾਈ ਦਿੰਦੇ ਹਨ। ਆਮ ਤੌਰ 'ਤੇ 60 ਸਾਲ ਦੀ ਉਮਰ 'ਚ ਦਿਮਾਗ਼ 0.5 ਪ੍ਰਤੀਸ਼ਤ ਦੀ ਦਰ ਨਾਲ ਸੁੰਗੜਦਾ ਹੈ ਪਰ ਅਲਜਾਈਮਰਜ਼ ਦੇ ਮਰੀਜ਼ਾਂ ਦਾ ਦਿਮਾਗ਼ ਹਰ ਸਾਲ 2.5 ਪ੍ਰਤੀਸ਼ਤ ਦੀ ਦਰ ਨਾਲ ਸੁੰਗੜਦਾ ਹੈ।

ਸੋਧ 'ਚ ਲੱਗੀ ਟੀਮ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਨੇ ਵਿਟਾਮਿਨ ਬੀ ਦੀਆਂ ਗੋਲੀਆਂ ਲਈਆਂ ਸਨ ਉਨ੍ਹਾਂ ਦੇ ਦਿਮਾਗ਼ ਦੀ ਸੁੰਗੜਨ ਦੀ ਰਫ਼ਤਾਰ ਅਨੁਮਾਨ 30 ਪ੍ਰਤੀਸ਼ਤ ਘੱਟ ਹੋ ਗਈ ਸੀ।

## ਏਡਜ਼ ਦਾ ਵਾਇਰਸ ਮਾਰ ਦਿੱਤਾ ਖਟਮਲ ਨੇ

ਹੁਣ ਤੱਕ ਤੁਸੀਂ ਖਟਮਲ ਨਾਲ ਬਹੁਤ ਨਫ਼ਰਤ ਕਰਦੇ ਹੋਵੋਗੇ। ਜੇ ਮੌਕਾ ਮਿਲੇ ਤਾਂ ਤੁਸੀਂ ਉਸਦਾ ਖੂਨ ਵੀ ਚੂਸ ਲਿਆ ਹੋਵੇਗਾ। ਪਰ ਇਸ 'ਚ ਨਿਰਾਸ਼ ਹੋਣ ਵਾਲੀ ਕੋਈ ਗੱਲ ਨਹੀਂ ਹੈ। ਖਟਮਲ 'ਚ ਕੁਝ ਚੰਗਿਆਈਆਂ ਵੀ ਹੁੰਦੀਆਂ ਹਨ।



ਸਰਕਾਰੀ ਰਿਸਰਚ 'ਚ ਇਹ ਦਰਸਾਇਆ ਗਿਆ ਹੈ ਕਿ ਖਟਮਲ ਰੋਗ ਨਹੀਂ ਫੈਲਾਉਂਦਾ। ਖਟਮਲ ਸਾਡੇ ਪੂਰਵਜਾਂ ਤੱਕ ਨੂੰ ਕੱਟਦਾ ਰਹਾ ਹੈ ਪਰ ਇਸ ਨਾਲ ਸਿਰਫ਼ ਖੁਜਲੀ ਹੀ ਹੁੰਦੀ ਹੈ।

ਘਰ 'ਚ ਮੌਜੂਦ ਕਈ ਤਰ੍ਹਾਂ ਦੇ ਕੀਟ ਰੋਗਵਾਹਕ ਹੁੰਦੇ ਹਨ, ਚਾਹੇ ਉਹ ਮੱਛਰ ਹੋਵੇ ਜਾਂ ਮੱਖੀ ਜਾਂ ਫਿਰ ਕਾਰਰੋਚ। ਮਿਸੀਸਿਪੀ ਸਟੇਟ ਦੇ ਕੀਟ ਵਿਗਿਆਨੀ ਜੇਰੋਮ ਗੋਡਾਰਡ ਦਾ ਕਹਿਣਾ ਹੈ ਕਿ ਹੁਣ ਤੱਕ ਕੋਈ ਖਟਮਲ ਨੂੰ ਰੋਗਵਾਹਕ ਹੋਣ ਦਾ ਦੋਸ਼ ਨਹੀਂ ਸਾਬਿਤ ਕਰ ਸਕਿਆ ਹੈ। ਇਸ ਸਬੰਧ 'ਚ ਕਈ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ। ਸਾਊਥ ਅਫ਼ਰੀਕਾ 'ਚ ਖੋਜੀਆਂ ਨੇ ਏਡਜ਼ ਵਾਇਰਸ ਵਾਲਾ ਖੂਨ ਖਟਮਲ ਨੂੰ ਪਿਲਾਇਆ, ਪਰ ਵਾਇਰਸ ਮਰ ਗਿਆ।

# ਸ਼ੰਕਾ ਨਵਿਰਤੀ....?

**ਪ੍ਰਸ਼ਨ : ਕਿਹਾ ਜਾਂਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਨੇ ਜਦੋਂ ਸ੍ਰੀਲੰਕਾ ਤੇ ਆਪਣੀ ਚੜ੍ਹਾਈ ਕੀਤੀ ਸੀ ਤਾਂ ਉਸ ਸਮੇਂ ਉਸਦੀ ਹਨੂੰਮਾਨ ਸੈਨਾ ਨੇ ਪੱਥਰਾਂ ਨਾਲ ਇੱਕ ਪੁਲ ਦਾ ਨਿਰਮਾਣ ਕੀਤਾ ਸੀ। ਇਸ ਪੁਲ ਦੇ ਖੰਡਰ ਅੱਜ ਵੀ ਸਮੁੰਦਰ ਵਿੱਚੋਂ ਵਿਖਾਈ ਦਿੰਦੇ ਹਨ। ਕਹਿੰਦੇ ਹਨ ਕਿ ਇਸ ਗੱਲ ਦੀ ਪੁਸ਼ਟੀ ਨਾਸਾ ਨੇ ਵੀ ਕੀਤੀ ਹੈ। ਇਸ ਵਿੱਚ ਕਿੰਨੀ ਕੁ ਸੱਚਾਈ ਹੈ?**

ਉੱਤਰ : ਦੁਨੀਆਂ ਵਿੱਚ ਕਿਸੇ ਵੀ ਲਾਇਬ੍ਰੇਰੀ ਵਿੱਚ ਚਲੇ ਜਾਓ ਤਾਂ ਜਿੱਥੇ ਵੀ ਤੁਹਾਨੂੰ ਹਿੰਦੂਆਂ ਦੇ ਗਰੰਥ ਮਿਲਣਗੇ ਉਸ ਅਲਮਾਰੀ ਦੇ ਖਾਨੇ ਉੱਪਰ ਲਿਖਿਆ ਹੋਵੇਗਾ ''ਹਿੰਦੂ ਮਿਥਿਹਾਸ'' ਅਸਲ ਵਿਚ ਹਿੰਦੂਆਂ ਦੇ ਬਹੁਤੇ ਗਰੰਥ ਇਤਿਹਾਸਕ ਤੌਰ 'ਤੇ ਪ੍ਰਮਾਣਤ ਨਹੀਂ ਹਨ। ਜੇ ਤੁਸੀਂ ਕਿਸੇ ਵੀ ਵਿਅਕਤੀ ਤੋਂ ਸ੍ਰੀ ਰਾਮ ਚੰਦਰ ਜੀ ਦੇ ਜਨਮ ਦਾ ਸਾਲ ਪੁੱਛੋਗੇ ਤਾਂ ਕੋਈ ਵੀ ਤੁਹਾਨੂੰ ਠੀਕ ਨਹੀਂ ਦੱਸ ਸਕੇਗਾ।

ਇਸੇ ਤਰ੍ਹਾਂ ਰਮਾਇਣ ਵਿੱਚ ਦਰਸਾਏ ਅਜਿਹੇ ਕਿਸੇ ਪੁਲ ਦੀ ਕੋਈ ਵੀ ਪੁਸ਼ਟੀ ਨਹੀਂ ਹੁੰਦੀ। ਨਾਸਾ ਅਨੁਸਾਰ ਤਾਂ ਸ੍ਰੀ ਲੰਕਾ ਤੇ ਭਾਰਤ ਵਿਚਕਾਰ ਦਰਸਾਈ ਗਈ ਉਸ ਥਾਂ ਤੇ ਤਾਂ ਛੋ-ਟੀਆਂ ਪਹਾੜੀਆਂ ਦੀ ਇੱਕ ਲੜੀ ਹੈ। ਕੁਝ ਲੋਕਾਂ ਨੇ ਤਾਂ ਭਾਵੇਂ ਮਨਘੜਤ ਤੌਰ ਤੇ ਇਹ ਦਾਅਵਾ ਕਰ ਦਿੱਤਾ ਸੀ ਨਾਸਾ ਨੇ ਸ੍ਰੀ ਰਾਮ ਚੰਦਰ ਜੀ ਦੇ ਨਿਰਮਾਣ ਕੀਤੇ ਪੁਲ ਦਾ ਢਾਂਚਾ ਲੱਭ ਲਿਆ ਹੈ, ਪਰ ਨਾਸਾ ਨੇ ਅਖ਼ਬਾਰਾਂ ਰਾਹੀਂ ਇਸ ਗੱਲ ਦਾ ਸਪੱਸ਼ਟੀਕਰਨ ਦਿੰਦਿਆਂ ਆਖ ਦਿੱਤਾ ਕਿ ਇਹ ਕੋਈ ਪੁਲ ਨਹੀਂ ਸਗੋਂ ਛੋਟੀਆਂ ਪਹਾੜੀਆਂ ਦੀ ਇੱਕ ਲੜੀ ਹੈ। ਜੋ ਕਈ ਵਾਰੀ ਘੱਟ ਡੂੰਘਾਈ ਵਾਲੇ ਸਮੁੰਦਰਾਂ ਵਿੱਚ ਅਕਸਰ ਵਿਖਾਈ ਦੇ ਜਾਂਦੀ ਹੈ।

**ਪ੍ਰਸ਼ਨ : ਮੇਰੇ ਮਿੱਤਰ ਨੇ ਇਮਤਿਹਾਨ ਦੀ ਤਿਆਰੀ ਕਰਨ ਸਮੇਂ ਸੌ ਪ੍ਰਸ਼ਨਾਂ ਵਿੱਚੋਂ ਇੱਕ ਦੀ ਹੀ ਤਿਆਰੀ ਕੀਤੀ ਸੀ। ਉਹ ਹੀ ਇਮਤਿਹਾਨ ਵਿੱਚ ਪੁੱਛ ਲਿਆ ਗਿਆ। ਪਰ ਮੈਂ ਸੌ ਵਿੱਚੋਂ ਨਿੜਾਨਵੇਂ ਦੀ ਤਿਆਰੀ ਕੀਤੀ ਸੀ। ਇੱਕ ਦੀ ਤਿਆਰੀ ਨਹੀਂ ਕੀਤੀ ਸੀ ਮੈਨੂੰ ਉਹ ਇੱਕ ਹੀ ਪੁੱਛ ਲਿਆ ਗਿਆ। ਅਜਿਹਾ ਕਿਉਂ ਹੁੰਦਾ ਹੈ?**

ਉੱਤਰ : ਕੁਝ ਵਿਅਕਤੀਆਂ ਨੂੰ ਗੱਲਾਂ ਵਧਾ ਚੜ੍ਹਾ ਕੇ ਪੇਸ਼ ਕਰਨ ਦੀ ਆਦਤ ਹੁੰਦੀ ਹੈ ਤੇ ਤੁਹਾਡੀ ਦਰਸਾਈ ਹੋਈ ਗੱਲ ਵੀ ਇਸੇ ਗੱਲ ਦੀ ਪੁਸ਼ਟੀ ਕਰਦੀ ਹੈ। ਜਿਵੇਂ ਤੁਸੀਂ ਦਰਸਾਇਆ ਹੈ ਠੀਕ ਇਸੇ ਤਰ੍ਹਾਂ ਤਾਂ ਨਹੀਂ ਹੁੰਦਾ। ਭਾਰਤ ਵਿੱਚ ਟੈਸਟ ਪ੍ਰੀਖਿਆਵਾਂ ਕਿਸੇ ਵਿਅਕਤੀ ਦੀ ਰੱਟਾ ਲਾਈਜੇਸ਼ਨ ਦੀ ਪਰਖ ਹੀ ਕਰਦੀਆਂ ਹਨ ਉਨ੍ਹਾਂ ਦੀ ਬੁੱਧੀ ਦੀ ਪਰਖ ਨਹੀਂ ਕਰਦੀਆਂ। ਧਾਰਮਿਕ ਵਿਚਾਰਾਂ ਵਾਲੇ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਦੀ ਘਾਟ ਹੋ ਜਾਂਦੀ ਹੈ ਤੇ ਉਹ ਆਪਣਾ ਸਾਰਾ ਕੁਝ ਕਿਸਮਤ ਤੇ ਛੱਡ ਬੈਠਦੇ ਹਨ ਇਸ ਲਈ ਅਕਸਰ ਅਸਫ਼ਲ ਹੋ ਜਾਂਦੇ ਹਨ ਪਰ ਵਿਗਿਆਨਕ ਸੋਚ ਵਾਲੇ ਵਿਦਿਆਰਥੀਆਂ ਨੇ ਆਪਣੇ ਉੱਪਰ ਨਿਰਭਰ ਹੋਣਾ ਸਿੱਖਿਆ ਹੁੰਦਾ ਹੈ ਇਸ ਲਈ ਅਕਸਰ ਉਨ੍ਹਾਂ ਨੂੰ ਸਫ਼ਲਤਾ ਮਿਲ ਜਾਂਦੀ ਹੈ। ਤੁਹਾਡੇ ਵਾਲੇ ਕੇਸ ਵਿਚ ਵੀ ਅਜਿਹਾ ਹੀ ਵਾਪਰਿਆ ਹੈ। ਤੁਹਾਡੇ ਵਾਲੀ ਘਟਨਾ ਵਾਪਰਨ ਦੀ ਸੰਭਾਵਨਾ ਤਾਂ ਉਠਾਨਵੇਂ ਸੌ ਇੱਕ ਵਿੱਚੋਂ ਇੱਕ ਹੀ ਹੈ।

**ਪ੍ਰਸ਼ਨ : ਯੋਗਾ ਬਾਰੇ ਤੁਹਾਡੇ ਕੀ ਵਿਚਾਰ ਹਨ?**

ਉੱਤਰ : ਜਿੱਥੋਂ ਤੱਕ ਯੋਗਾ ਨੂੰ ਇੱਕ ਕਸਰਤ ਵਜੋਂ ਲਿਆ ਜਾਵੇ ਤਾਂ ਇਹ ਗੱਲ ਕੁਝ ਹੱਦ ਤੱਕ ਫ਼ਾਇਦੇਮੰਦ ਹੋ ਸਕਦੀ ਹੈ, ਕਿਉਂਕਿ ਯੋਗਾ ਦੋ ਹਜ਼ਾਰ ਵਰ੍ਹੇ ਪੁਰਾਣੀ ਵੈਦਿਕ ਪਰੰਪਰਾ ਦਾ ਇੱਕ ਭਾਗ ਹੈ। ਇਸ ਪਰੰਪਰਾ ਵਿੱਚ ਕੋਈ ਤਬਦੀਲੀ ਕਰ ਦੇਣਾ ਕਿਸੇ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੈ। ਅਸੀਂ ਜਾਣਦੇ ਹਾਂ ਕਿ ਅੱਜ ਤੋਂ 75 ਵਰ੍ਹੇ ਪਹਿਲਾਂ 1935 ਵਿਚ ਭਾਰਤੀਆਂ ਦੀ ਔਸਤ ਉਮਰ ਸਿਰਫ਼ 35 ਵਰ੍ਹੇ ਸੀ ਤੇ ਅੱਜ ਇਹ 68 ਵਰ੍ਹੇ ਹੋ ਚੁੱਕੀ ਹੈ। ਇਸ ਲਈ 2 ਹਜ਼ਾਰ ਵਰ੍ਹੇ ਪਹਿਲਾਂ ਦੀਆਂ ਹਾਲਤਾਂ ਦਾ ਅੰਦਾਜ਼ਾ ਖੁਦ ਹੀ ਲਾ ਸਕਦੇ ਹੋ? ਸੋ ਅਜਿਹੇ ਸਮੇਂ ਦੀ ਪੈਦਾਇਸ਼ ਯੋਗ ਦੇ ਵਿਗਿਆਨਕ ਤੇ ਗ਼ੈਰ ਵਿਗਿਆਨਕ ਪੱਖ ਦਾ ਅਧਿਐਨ ਜਦੋਂ ਵੀ ਕੀਤਾ ਗਿਆ ਤਾਂ ਤੁਹਾਨੂੰ ਇਸ ਵਿਚੋਂ ਬਹੁਤ ਸਾਰੇ ਗੈਰ ਵਿਗਿਆਨਕ ਪੱਖ ਵੀ ਮਿਲ ਜਾਣਗੇ।

**ਪ੍ਰਸ਼ਨ : ਪਰਾਈ ਇਸਤਰੀ ਨਾਲ ਸਬੰਧਾਂ ਬਾਰੇ ਤਰਕਸ਼ੀਲਾਂ ਦਾ ਕੀ ਨਜ਼ਰੀਆ ਹੋਣਾ ਚਾਹੀਦਾ ਹੈ?**

ਉੱਤਰ : ਤਰਕਸ਼ੀਲ ਹਮੇਸ਼ਾ ਹੀ ਇਸ ਗੱਲ ਦੇ ਪਾਬੰਦ ਰਹੇ ਹਨ ਤੇ ਰਹਿਣਗੇ ਕਿ ਕਿਸੇ ਵੀ ਵਿਅਕਤੀ ਨੂੰ ਕਿਸੇ ਦੂਜੇ ਵਿਅਕਤੀ ਨਾਲ ਕੀਤੇ ਆਪਣੇ ਵਾਅਦੇ ਤੇ ਕਾਇਮ ਰਹਿਣਾ ਚਾਹੀਦਾ ਹੈ। ਵਿਆਹ ਇੱਕ ਇਸਤਰੀ ਤੇ ਇੱਕ ਪੁਰਸ਼ ਵਿਚ ਹੋਇਆ ਇਕਰਾਰਨਾਮਾ ਹੀ ਹੈ। ਦੋਹੇਂ ਧਿਰਾਂ ਨੂੰ ਆਪਣੇ ਵਾਅਦੇ ਤੇ ਪੂਰਾ ਉਤਰਨਾ ਚਾਹੀਦਾ ਹੈ। ਕਿਸੇ ਵੀ ਧਿਰ ਨੂੰ ਦੂਜੇ ਨਾਲ ਵਿਸ਼ਵਾਸਘਾਤ ਕਰਨ ਦਾ ਕੋਈ ਹੱਕ ਨਹੀਂ। ਅੱਜ ਕੁਝ ਏਡਜ਼ ਦੇ ਯੁੱਗ ਵਿੱਚ ਇਸ ਗੱਲ ਦੀ ਮਹੱਤਤਾ ਹੋਰ ਵਧ ਜਾਂਦੀ ਹੈ। ਪ੍ਰੀਵਾਰ ਨੂੰ ਸਿਹਤਮੰਦ ਰੱਖਣ ਲਈ ਵਿਆਹ ਸਮੇਂ ਕੀਤੇ ਵਾਅਦੇ ਤੇ ਪੂਰੇ ਉਤਰਨਾ ਹੀ ਚਾਹੀਦਾ ਹੈ।

**ਪ੍ਰਸ਼ਨ : ਹੋਮਿਓਪੈਥੀ ਬਾਰੇ ਤੁਹਾਡੇ ਕੀ ਵਿਚਾਰ ਹਨ?**

ਉੱਤਰ : ਹੋਮਿਓਪੈਥੀ ਦੀਆਂ ਦਵਾਈਆਂ ਤੇ ਸਾਧਾਂ ਸੰਤਾਂ ਦੀਆਂ ਰਾਖ ਦੀਆਂ ਪੁੜੀਆਂ ਅਤੇ ਤਬੀਤਾਂ ਦਾ ਅਸਰ ਇੱਕੋ ਜਿਹਾ ਤੇ ਮਾਨਸਿਕ ਹੀ ਹੁੰਦਾ ਹੈ? ਕਿਉਂਕਿ ਨਾ ਤਾਂ ਤਬੀਤਾਂ ਵਿੱਚ ਕੋਈ ਦਵਾਈ ਹੁੰਦੀ ਹੈ ਤੇ ਨਾ ਹੀ ਹੋਮਿਓਪੈਥੀ ਦੀਆਂ 24 ਤੋਂ ਉੱਚੀਆਂ ਪੋਟੈਂਸੀਆਂ ਵਿੱਚ ਕੋਈ ਦਵਾਈ ਹੁੰਦੀ ਹੈ। ਸਾਧਾਂ ਸੰਤਾਂ ਤੇ ਹੋਮਿਓਪੈਥੀ ਦੇ ਡਾਕਟਰਾਂ ਦੀ ਯੋਗਤਾ ਵਿੱਚ ਫ਼ਰਕ ਜ਼ਰੂਰ ਹੁੰਦਾ ਹੈ। ਸਰੀਰਕ ਬਣਤਰ ਬਾਰੇ ਅਤੇ ਬਿਮਾਰੀ ਦੇ ਕਾਰਨਾਂ ਬਾਰੇ ਹੋਮਿਓਪੈਥੀ ਡਾਕਟਰ ਸਾਧਾਂ ਸੰਤਾਂ ਨਾਲੋਂ ਜ਼ਿਆਦਾ ਜਾਣਕਾਰ ਹੁੰਦੇ ਹਨ।ਜਿਸ ਢੰਗ ਨਾਲ ਹੋਮਿਓਪੈਥੀ ਦੀਆਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ ਉਸ ਢੰਗ ਨਾਲ ਹੋਮਿਓਪੈਥੀ ਦੀਆਂ ਗੋਲੀਆਂ ਵਿੱਚ ਦਵਾਈ ਰਹਿ ਹੀ ਨਹੀਂ ਸਕਦੀ। ਜ਼ਿਆਦਾ ਜਾਣਕਾਰੀ ਲੈਣ ਲਈ ਤੁਸੀਂ ਮੇਰੀ ਪੁਸਤਕ 'ਬਾਬਾ ਰਾਮ ਦੇਵ ਤਰਕ ਦੀ ਕਸੌਟੀ 'ਤੇ'' ਪੜ੍ਹ ਸਕਦੇ ਹੋ।



***'ਸ਼ੰਕਾ ਨਵਿਰਤੀ' ਕਾਲਮ ਲਈ ਆਪਣੇ ਪ੍ਰਸ਼ਨ ਹੇਠ ਲਿਖੇ ਪਤੇ ਤੇ ਭੇਜੋ :***


***ਮੇਘ ਰਾਜ ਮਿੱਤਰ***

***ਤਰਕਸ਼ੀਲ ਨਿਵਾਸ, ਗਲੀ ਨੰ. 8, ਕੇ.ਸੀ. ਰੋਡ, ਬਰਨਾਲਾ***

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244












**✻ ਤਰਕਸ਼ੀਲ ਸਾਹਿਤ**

...ਤੇ ਦੇਵ ਪੁਰਸ਼ ਹਾਰ ਗਏ/*ਅਬਰਾਹਮ ਕਾਵੂਰ* 25/-
ਦੇਵ, ਦੈਂਤ ਤੇ ਰੂਹਾਂ/*ਅਬਰਾਹਮ ਟੀ. ਕਾਵੂਰ* 30/-
ਪ੍ਰੇਤ, ਆਤਮਾ, ਪੁਨਰ ਜਨਮ ਤੇ ਕਸਰਾਂ/*ਕੋਵੂਰ* 40/-
ਕਰਾਮਾਤਾਂ ਦਾ ਪਰਦਾਫਾਸ਼/*ਡਾ.ਅਬਰਾਹਮ ਟੀ ਕੋਵੂਰ* 50/-
ਰੌਸ਼ਨੀ/*ਮੇਘ ਰਾਜ ਮਿੱਤਰ* 20/-
ਤਰਕਬਾਣੀ/*ਮੇਘ ਰਾਜ ਮਿੱਤਰ* 20/-
ਤਰਕਜੋਤੀ/*ਮੇਘ ਰਾਜ ਮਿੱਤਰ* 20/-
ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ?/*ਮੇਘ ਰਾਜ ਮਿੱਤਰ* 30/-
ਵਿਗਿਆਨ ਤੇ ਪਰਾਵਿਗਿਆਨ/*ਮੇਘ ਰਾਜ ਮਿੱਤਰ* 40/-
ਨੰਨ੍ਹਾ ਤਰਕਸ਼ੀਲ/*ਮੇਘ ਰਾਜ ਮਿੱਤਰ* 15/-
ਪੈੜ ਜੋ ਕਾਫ਼ਲਾ ਬਣੀ (ਸਵੈ ਜੀਵਨੀ)/*ਮਿੱਤਰ* 50/-
ਮਾਓ ਦੇ ਦੇਸ਼ 'ਚ/*ਮੇਘ ਰਾਜ ਮਿੱਤਰ* 20/-
ਗਿਆਨ ਸਾਗਰ ਦੀ ਯਾਤਰਾ/*ਸੰਪਾ. ਮਿੱਤਰ* 20/-
ਚਿੱਠੀਆਂ ਲਿਖ ਤਰਕਸ਼ੀਲਾਂ ਨੂੰ ਪਾਈਆਂ 30/-
ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ/*ਮਿੱਤਰ* 30/-
ਸ਼ੰਕਾ ਨਵਿਰਤੀ/*ਮੇਘ ਰਾਜ ਮਿੱਤਰ* 50/-
ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ* 40/-
ਜੋਤਿਸ਼ ਝੂਠ ਬੋਲਦਾ ਹੈ/*ਮਨਜੀਤ ਬੋਪਾਰਾਏ* 20/-
ਔਰਤਾਂ ਅਤੇ ਮਾਨਸਿਕ ਰੋਗ/*ਸਰਜੀਤ ਤਲਵਾਰ* 15/-
ਚੀਨੀਆਂ ਭੂਤ ਇੰਜ ਭਜਾਏ/*ਸਰਜੀਤ ਤਲਵਾਰ* 15/-
ਨੌਜਵਾਨਾਂ ਦੇ ਮਾਨਸਿਕ ਰੋਗ/*ਸਰਜੀਤ ਤਲਵਾਰ* 20/-
ਰੱਬਾਂ ਬਿਨਾਂ ਮੁਕਤੀ/*ਸਰਜੀਤ ਤਲਵਾਰ* 20/-
ਮੈਂ ਰੱਬ ਨੂੰ ਕਿਉਂ ਨਹੀਂ ਮੰਨਦਾ/*ਸਰਜੀਤ ਤਲਵਾਰ* 40/-
ਰੱਬ ਕਦੋਂ, ਕਿੱਥੇ ਤੇ ਕਿਵੇਂ?/*ਰਾਜਾ ਰਾਮ* 20/-
ਕਿਹੜਾ ਗੁਰੂ, ਕਿਹੜੀ ਮੁਕਤੀ?/*ਰਾਜਾ ਰਾਮ* 40/-
ਤਰਕਸ਼ੀਲ ਹੇਕਾਂ/*ਮੱਖਣ ਸਿੰਘ ਜੌਹਲ* 60/-
ਤਰਕਸ਼ੀਲ ਸੁਨੇਹੇ/*ਮੱਖਣ ਸਿੰਘ ਜੌਹਲ* 60/-
ਫਿਰ ਸੁਲਗੇ ਨਾ ਚੰਗਿਆੜੀ/*ਮੱਖਣ ਸਿੰਘ ਜੌਹਲ* 40/-
ਤਰਕਸ਼ੀਲ ਦਰਸ਼ਨ/*ਮੱਖਣ ਸਿੰਘ ਜੌਹਲ* 30/-

ਤਰਕਸ਼ੀਲ ਕਾਵਿ ਵਿਅੰਗ/*ਮੱਖਣ ਸਿੰਘ ਜੌਹਲ* 30/-
ਚਮਤਕਾਰਾਂ ਦੇ ਰਹੱਸ/*ਜ਼ੇਮਜ਼ ਰਾਂਡੀ* 150/-
ਸਤਯੁੱਗ ਤੋਂ ਕਲਯੁੱਗ ਤੱਕ/*ਖ਼ੁਸ਼ਵੰਤ ਬਰਗਾੜੀ* 20/-
ਨੀਲੀ ਛਤਰੀ/*ਅਮਰਜੀਤ ਢਿੱਲੋਂ* 30/-
ਤਰਕਸ਼ੀਲ ਵਾਰਤਾ/*ਮੱਖਣ ਸਿੰਘ ਜੌਹਲ* 80/-
ਤਰਕਸ਼ੀਲ ਬੋਲੀਆ/*ਰਾਮ ਸਰੂਪ ਸ਼ਰਮਾ* 15/-
ਜੋਤਿਸ਼ ਅਤੇ ਤਾਂਤ੍ਰਿਕ/*ਡਾ. ਆਰ. ਜੇ ਸਿੰਘ* 30/-
ਤਰਕਸ਼ੀਲ ਕਾਵਿ ਵਿਅੰਗ/*ਅਮਰਜੀਤ ਢਿੱਲੋਂ* 30/-
ਗੇੜ ਚੁਰਾਸੀ ਦਾ/*ਗੁਰਚਰਨ ਨੂਰਪੁਰ* 30/-
ਕੀ ਝੂਠ ਕੀ ਸੱਚ/*ਗੁਰਚਰਨ ਨੂਰਪੁਰ* 40/-
ਪ੍ਰਾਚੀਨ ਭਾਰਤੀ ਸੱਭਿਆਚਾਰ/*ਖ਼ੁਸ਼ਵੰਤ ਬਰਗਾੜੀ* 30/-
ਕ੍ਰਿਸ਼ਨ ਬਰਗਾੜੀ/*ਖ਼ੁਸ਼ਵੰਤ ਬਰਗਾੜੀ* 50/-
ਦਰਸ਼ਨ ਪਰੰਪਰਾ/*ਗਿਆਨ ਸਿੰਘ ਬੱਲ* 50/-
ਇੰਗਰਸੋਲ ਦੇ ਅਨਮੋਲ ਬਚਨ/*ਸੰਪਾ. ਅਮਿੱਤ* 40/-
ਵਾਸਤੂ ਸ਼ਾਸਤਰ ਕੋਰਾ ਝੂਠ/*ਬਹਾਦਰ ਸਿੰਘ ਧੌਲਾ* 40/-
ਆਤਮਾ ਮੁੜਜਨਮ ਤੇ ਅਦਾਲਤ/*ਸੀਮਾ ਸਬਲੋਕ* 40/-
ਪਿੰਡ ਦੀ ਸੱਥ/*ਰਣਜੀਤ ਝਨੇਰ* 30/-
ਤਰਕਵਾਰਤਾ/*ਰਣਜੀਤ ਝਨੇਰ* 50/-
ਧੁਖਦੀ ਵਰਣਮਾਲਾ ਦਾ ਸੰਵਾਦ /*ਮੀਤ ਖੱਟੜਾ* 20/-
ਓਪਰੀ ਕਸਰ/*ਸਰਬਜੀਤ ਉੱਖਲਾ* 40/-
ਬਾਬਿਆਂ ਦਾ ਬਾਬਾ/*ਰਣਜੀਤ ਸਿੰਘ ਪ੍ਰੀਤ* 30/-
ਨਾਸਟ੍ਰੇਡਮਸ ਬੇਨਕਾਬ/*ਜੇਮਜ਼ ਰੇਂਡੀ* 150/-
ਕੋਵੂਰ ਤਰਕਸ਼ੀਲ ਕਿਵੇਂ ਬਣਿਆ?/*ਐਡਾਮੋਰੂਕੂ* 35/-
ਮਾਨਸਿਕ ਰੋਗ ਤੇ ਸਾਡਾ ਸਮਾਜ/*ਡਾ. ਦੀਪਤੀ* 20/-
ਚਮਤਕਾਰਾਂ ਦੀ ਦੁਨੀਆਂ/*ਅਜਮੇਰ ਸਿੱਧੂ* 30/-
ਰਜਨੀਸ਼ ਬੇਨਕਾਬ/*ਡਾ. ਕਰਮਜੀਤ ਸਿੰਘ* 30/-
ਧਰਮ ਕੀ ਹੈ?/*ਗਰੀਨ ਇੰਗਰਸੋਲ* 10/-
ਕਸਰਾਂ ਕਿਉਂ ਹੁੰਦੀਆਂ ਨੇ/*ਸਰਜੀਤ ਤਲਵਾਰ* 30/-
ਧਰਮ ਦੇ ਅੰਗ ਸੰਗ/*ਰਣਜੀਤ ਝਨੇਰ* 50/-
ਬੋਦੀ ਵਾਲੇ ਤਾਰੇ/*ਸਰਜੀਤ ਤਲਵਾਰ* 30/-

**✻ ਹਿਪਨੋਟੀਜ਼**

ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ???/*ਤਲਵਾਰ* 10/-
ਹਿਪਨੋਟਿਜ਼ਮ ਤੁਹਾਡੇ ਲਈ/*ਟੀ. ਐਸ. ਰਾਓ* 25/-
ਹਿਪਨੋਟਿਜ਼ਮ ਕਿਵੇਂ ਸਿੱਖੀਏ ?/*ਸਰਜੀਤ ਤਲਵਾਰ* 20/-

**✻ ਜਾਦੂ ਦੀਆਂ ਕਿਤਾਬਾਂ**

ਵਿਗਿਆਨਕ ਜਾਦੂਗਰ/*ਸਰਜੀਤ ਤਲਵਾਰ* 20/-
ਤਰਕਸ਼ੀਲ ਜਾਦੂਗਰ/*ਸਰਜੀਤ ਤਲਵਾਰ* 30/-
ਸਟੇਜ ਦੇ ਜਾਦੂ/*ਨਰਿੰਦਰ* 30/-
ਨੰਨ੍ਹਾ ਜਾਦੂਗਰ/*ਨਰਿੰਦਰ* 20/-
ਤਰਕਸ਼ੀਲ ਦਿਮਾਗੀ ਕਸਰਤਾਂ /*ਮੇਘ ਰਾਜ ਮਿੱਤਰ* 20/-
ਦਿਮਾਗੀ ਵਿਕਾਸ ਕਿਵੇਂ ਕਰੀਏ?/*ਮਿੱਤਰ* 20/-
ਅੰਕਾਂ ਦਾ ਜਾਦੂ/*ਸਰਜੀਤ ਤਲਵਾਰ* 30/-
ਰਸਾਇਣਕ ਜਾਦੂਗਰ/*ਸਰਜੀਤ ਤਲਵਾਰ* 20/-
ਚਮਤਕਾਰਾਂ ਪਿੱਛੇ ਵਿਗਿਆਨ/*ਬੀ. ਪ੍ਰੇਮਾਨੰਦ* 25/-
ਰਸੋਈ ਵਿੱਚ ਵਿਗਿਆਨ/*ਸਰਜੀਤ ਤਲਵਾਰ* 30/-

**✻ ਗਿਆਨ ਵਿਗਿਆਨ ਦੀਆਂ ਪੁਸਤਕਾਂ**

ਕਣ-ਕਣ ਵਿੱਚ ਵਿਗਿਆਨ/*ਮੇਘ ਰਾਜ ਮਿੱਤਰ* 15/-
ਮਾਦੇ ਤੋਂ ਮਨੁੱਖ ਤੱਕ/*ਮੇਘ ਰਾਜ ਮਿੱਤਰ* 10/-
ਮਨੋਰੰਜਨ ਰਾਹੀਂ ਵਿਗਿਆਨ/*ਸਰਜੀਤ ਤਲਵਾਰ* 20/-
ਸਮੇਂ ਦਾ ਇਤਿਹਾਸ/*ਮੇਘ ਰਾਜ ਮਿੱਤਰ* 20/-
ਖੇਡ ਖੇਡ 'ਚ ਵਿਗਿਆਨ/*ਬਰਜਿੰਦਰਪਾਲ ਸਿੰਘ* 20/-
ਜੱਗ ਰਚਨਾ ਦਾ ਸੱਚ/*ਅਮਰਜੀਤ ਢਿੱਲੋਂ* 20/-

ਧਰਮ ਮਨੁੱਖਤਾ ਤੇ ਵਿਗਿਆਨ/*ਡਾ. ਸੁਰੇਸ਼ ਰਤਨ* 40/-
ਫ਼ਸਲਾਂ ਕਹਿਣ ਕਹਾਣੀ/*ਦੇਵਿੰਦਰ ਮੇਵਾੜੀ* 30/-
ਪ੍ਰਸਿੱਧ ਵਿਗਿਆਨਕ ਖੋਜਾਂ/*ਡਾ. ਜਤਿੰਦਰਪਾਲ* 30/-
ਵਿਗਿਆਨ ਦੇ ਚਮਤਕਾਰ/*ਡਾ. ਜਤਿੰਦਰਪਾਲ* 50/-
ਸਾਡਾ ਦੋਸਤ ਵਿਗਿਆਨ/*ਡਾ. ਜਤਿੰਦਰਪਾਲ* 50/-
ਮਨੁੱਖੀ ਸਰੀਰ ਦੇ ਰਹੱਸ/*ਡਾ. ਜਤਿੰਦਰਪਾਲ ਸਿੰਘ* 50/-
ਗਿਆਨ ਵਿਗਿਆਨ/*ਅਮਨ ਰਣਜੀਤ* 30/-
ਗ੍ਰਹਿਣਾਂ ਦੀ ਕਹਾਣੀ/*ਸਰਜੀਤ ਤਲਵਾਰ* 30/-
ਵਿਗਿਆਨ ਦਾ ਸਮਾਜ 'ਤੇ ਪ੍ਰਭਾਵ/*ਰਸਲ* 40/-
ਵਿਗਿਆਨ ਪ੍ਰਯੋਗ ਕਰਕੇ ਸਿੱਖੀਏ/*ਬਲਜਿੰਦਰਪਾਲ* 30/-
ਵਿਸ਼ਵ ਰਿਕਾਰਡ/*ਗਗਨਦੀਪ ਝਨੇਰ* 30/-
ਵਿਗਿਆਨ ਹੀ ਵਿਗਿਆਨ/*ਸਰਜੀਤ ਤਲਵਾਰ* 15/-

**✻ ਵਿਦੇਸ਼ੀ ਵਿਦਵਾਨਾਂ ਦੀਆਂ ਅਨੁਵਾਦਤ ਪੁਸਤਕਾਂ**

ਮਨੋਵਿਸ਼ਲੇਸ਼ਣ/*ਸਿਗਮੰਡ ਫਰਾਇਡ* 50/-
ਪ੍ਰਮਾਤਮਾ ਦੀ ਉਤਪਤੀ,ਇਸ ਭਰਮ ਦਾ ਭਵਿੱਖ 50/-
ਪੈਗੰਬਰ ਮੂਸਾ ਤੇ ਇੱਕ ਈਸ਼ਵਰਵਾਦ/*ਫਰਾਇਡ* 40/-
ਸਭਿਅਤਾ ਵਰ ਕਿ ਸਰਾਪ/*ਸਿਗਮੰਡ ਫਰਾਇਡ* 50/-
ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ 50/-
ਪੁਰਾਤਨ ਸਮਾਜ/*ਐਲ. ਐਚ. ਮੌਰਗਨ* 150/-
ਜੀਵ ਦੀ ਉਤਪਤੀ/*ਚਾਰਲਸ ਡਾਰਵਨ* 150/-
ਮਨੁੱਖ ਦੀ ਉਤਪਤੀ/*ਚਾਰਲਸ ਡਾਰਵਨ* 100/-
ਮਨੁੱਖ ਮਹਾਂਬਲੀ ਕਿਵੇਂ ਬਣਿਆ 100/-









## ✳ ਸਿਹਤ ਸਬੰਧੀ ਸਾਹਿਤ

| | |
|---|---|
| ਸ਼ੂਗਰ ਰੋਗ/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਬਲੱਡ ਪ੍ਰੈਸ਼ਰ/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਕੈਂਸਰ/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਏਡਜ਼/*ਡਾ. ਸ਼ਿਆਮ ਸੁੰਦਰ ਦੀਪਤੀ* | 10/- |
| ਉਦਾਸੀ ਰੋਗ/*ਡਾ. ਪਰਮਜੀਤ ਸਿੰਘ* | 10/- |
| ਮਿਰਗੀ ਰੋਗ/*ਡਾ. ਪਰਮਜੀਤ ਸਿੰਘ* | 10/- |
| ਸਿਹਤ ਸੰਭਾਲ/*ਡਾ. ਅਜੀਤਪਾਲ ਸਿੰਘ* | 30/- |
| ਤੰਦਰੁਸਤ ਕਿਵੇਂ ਰਹੀਏ/*ਡਾ. ਅਜੀਤਪਾਲ ਸਿੰਘ* | 30/- |
| ਡਾਕਟਰ ਦੀ ਸਲਾਹ/*ਡਾ. ਅਜੀਤਪਾਲ ਸਿੰਘ* | 25/- |
| ਸਿਹਤ ਫੁਲਵਾੜੀ/*ਡਾ. ਅਜੀਤਪਾਲ ਸਿੰਘ* | 50/- |
| ਅੱਖਾਂ ਦੀ ਸੰਭਾਲ/*ਡਾ. ਬਲਜੀਤ ਸਿੰਘ ਢਿੱਲੋਂ* | 10/- |
| ਔਰਤ, ਬੱਚੇ ਦੀ ਸਿਹਤ ਸੰਭਾਲ/*ਡਾ. ਮੋਹਨ* | 30/- |
| ਸੁਖਾਵੇਂ ਪਿਆਰ ਸਬੰਧ/*ਡਾ. ਰਣਜੀਤ ਸਿੰਘ* | 30/- |
| ਸਾਡੇ ਬੱਚੇ ਸਾਡੇ ਚਿਰਾਗ/*ਡਾ. ਹਰਸ਼ਿੰਦਰ ਕੌਰ* | 60/- |
| ਬੱਚਿਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ | 100/- |
| ਬੱਚਿਆਂ ਬਾਰੇ ਗਿਆਨ ਤੇ ਮਨੋਵਿਗਿਆਨ | 100/- |
| ਆਉ ਸੇਹਤ ਪ੍ਰਤੀ ਜਾਣੀਏ/*ਡਾ. ਮੋਹਨ* | 30/- |
| ਫੈਲ ਰਹੀ ਮਹਾਂਮਾਰੀ ਏਡਜ਼/*ਡਾ. ਜਤਿੰਦਰਪਾਲ* | 40/- |
| ਬਾਲ ਮਨੋਵਿਗਿਆਨ/*ਬਲਵਿੰਦਰ ਬਰਨਾਲਾ* | 30/- |


















## ✳ ਭਗਤ ਸਿੰਘ ਤੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ

| | |
|---|---|
| ਮੈਂ ਨਾਸਤਿਕ ਕਿਉਂ ਹਾਂ/*ਭਗਤ ਸਿੰਘ* | 5/- |
| ਭਗਤ ਸਿੰਘ ਦੇ ਚੁਣਵੇਂ ਵਿਚਾਰ/*ਸਾਵਲਾ ਰਾਮ* | 10/- |
| ਸ਼ਹੀਦ ਚੰਦਰ ਸ਼ੇਖਰ ਅਜ਼ਾਦ /*ਸ਼ਿਵ ਵਰਮਾ* | 10/- |
| ਸ਼ਹੀਦ ਰਾਜਗੁਰੂ /*ਸ਼ਿਵ ਵਰਮਾ* | 10/- |
| ਸ਼ਹੀਦ ਉਧਮ ਸਿੰਘ/*ਸੁਖਦੇਵ ਸਿੱਧੂ* | 10/- |
| ਸ਼ਹੀਦ ਕਰਤਾਰ ਸਿੰਘ ਸਰਾਭਾ/*ਵਿਸ਼ਵਭਾਰਤੀ* | 10/- |
| ਭਗਤ ਸਿੰਘ ਦੀ ਵਿਚਾਰਧਾਰਾ/*ਕਮਲੇਸ਼ ਮੋਹਨ* | 10/- |
| ਗਾਂਧੀ ਭਗਤੀ ਤੋਂ ਕ੍ਰਾਂਤੀ ਤੱਕ/*ਬਲਵੀਰ ਚੰਦ* | 10/- |
| ਭਗਤ ਸਿੰਘ ਦੀ ਨਾਸਤਿਕਤਾ/*ਅਮਰਜੀਤ ਸੂਫੀ* | 20/- |
| ਅਮਰ ਸ਼ਹੀਦਾਂ ਦੀਆਂ ਯਾਦਾਂ/*ਰਾਜਾ ਰਾਮ ਸ਼ਾਸ਼ਤਰੀ* | 30/- |
| ਸ਼ਹੀਦਾਂ ਦੀ ਵਿਰਸਾਤ/*ਭਗਵਾਨ, ਸਦਾਸਿਵ* | 40/- |
| ਕਿੱਸਾ ਸ਼ਹੀਦ ਭਗਤ ਸਿੰਘ/*ਪ੍ਰੋ. ਦੀਦਾਰ ਸਿੰਘ* | 40/- |
| ਭਗਤ ਸਿੰਘ ਦੀ ਜ਼ੇਲ੍ਹ ਡਾਇਰੀ/*ਸੱਤਯਮ ਵਰਮਾ* | 50/- |
| ਸ਼ਹੀਦਾਂ ਦੇ ਅੰਗ ਸੰਗ/*ਸ਼ਿਵ ਵਰਮਾ* | 50/- |
| ਸਾਮਰਾਜੀ ਧੌਂਸ ਨੂੰ ਵੰਗਾਰ/*ਨਵਤੇਜ ਸਿੰਘ* | 150/- |
| ਸ਼ਹੀਦ ਭਗਤ ਸਿੰਘ ਦੀਆਂ ਚੌਣਵੀਆਂ ਲਿਖਤਾਂ | 40/- |
| ਜੀਵਨ ਤੇ ਰਚਨਾ ਲਾਲਾ ਹਰਦਿਆਲ/*ਡਾ. ਕੋਮਲ* | 50/- |

## ✳ ਇਨਕਲਾਬੀ ਨਾਵਲ

| | |
|---|---|
| ਪਰਬਤੋਂ ਭਾਰੀ ਮੌਤ (ਨਾਵਲ)/*ਅਨਿਲ ਵਾਰਵੇ* | 15/- |
| ਤੋਤੋਚਾਨ (ਨਾਵਲ)/*ਤੇਤਸੁਕੋ ਤੁਰੋਯਾਂਗੀ* | 20/- |
| ਜਦੋਂ ਖੇਤ ਜਾਗੇ (ਨਾਵਲ)/*ਕ੍ਰਿਸ਼ਨ ਚੰਦਰ* | 20/- |
| ਚਮਕਦਾ ਲਾਲ ਸਿਤਾਰਾ (ਨਾਵਲ)/*ਲੀ ਸ੍ਰਿਨਤੀਅਨ* | 20/- |
| ਮੱਛੀ ਤੇ ਪਾਣੀ (ਚੀਨੀ ਨਾਵਲ)/*ਚੈਨ ਤੈਂਗ ਕੀ* | 20/- |
| ਜੋ ਹਾਰੇ ਨਹੀਂ (ਨਾਵਲ)/*ਪ੍ਰੋ. ਹਰਭਜਨ ਸਿੰਘ* | 300/- |
| ਜੰਗਲਨਾਮਾ/*ਸਤਨਾਮ* | 60/- |
| ਬਾਲ ਸਿਪਾਹੀ (ਚੀਨੀ ਨਾਵਲ)/*ਸ਼ੀ ਕੁਆਂਗ ਯਾਓ* | 30/- |
| ਮਾਸਟਰ ਸਾਹਿਬ/*ਮਹਾਂਸ਼ਵੇਤਾ ਦੇਵੀ* | 30/- |
| ਸੱਚ ਦਾ ਝੰਡਾ/*ਮੋਹਨ ਸਿੰਘ ਕੁੱਕੜਪਿੰਡੀਆ* | 20/- |
| ਪਵਿੱਤਰ ਸੂਲੀ/*ਮੋਹਨ ਸਿੰਘ ਕੁੱਕੜਪਿੰਡੀਆ* | 20/- |
| ਤਾਰੀਖ਼ ਗਵਾਹੀ ਦੇਵੇਗੀ/*ਕੁੱਕੜਪਿੰਡੀਆ* | 20/- |
| ਤਾਰੀਖ਼ ਰੋ ਨਾ ਸਕੀ/*ਮੋਹਨ ਸਿੰਘ ਕੁੱਕੜਪਿੰਡੀਆ* | 20/- |
| ਫਾਂਸੀ ਦੇ ਤਖ਼ਤੇ ਤੋਂ/*ਜੂਲੀਅਸ ਫ਼ੀਚਕ* | 50/- |
| ਨੀਲੇ ਪੱਤਰੇ/*ਇਮਾਨੂਅਲ ਕਜ਼ਾਕੇਵਿਚ* | 50/- |

## ✳ ਇਨਕਲਾਬੀ ਗੀਤ

| | |
|---|---|
| ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ | 20/- |
| ਪਾਸ਼ ਦੀ ਚੋਣਵੀਂ ਕਵਿਤਾ/*ਅਵਤਾਰ ਪਾਸ਼* | 40/- |
| ਗੂੰਜ ਬਗਾਵਤ ਦੀ/*ਜਸਦੇਵ ਲਲਤੋਂ* | 80/- |
| ਉੱਠੋ ਨੌਜਵਾਨੋਂ/*ਕ੍ਰਿਸ਼ਨ ਕੌਰਪਾਲ* | 30/- |
| ਖੇਤਾਂ ਦੀ ਬੁੱਕਲ 'ਚੋਂ (ਗੀਤ)/*ਮਿੰਦਰਪਾਲ ਭੱਠਲ* | 30/- |
| ਅੱਜ ਦੇ ਜ਼ਮਾਨੇ ਵਿੱਚ/*ਦਰਸ਼ਨ ਭੋਤਨਾ* | 25/- |
| ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ/*ਤਜਿੰਦਰ* | 50/- |
| ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ/*ਅਜਮੇਰ ਸਿੱਧੂ* | 50/- |
| ਛੱਲਾਂ ਲਹਿਰ ਦੀਆਂ/*ਜਸਦੇਵ ਸਿੰਘ ਲਲਤੋਂ* | 30/- |

## ✳ ਇਨਕਲਾਬੀ ਵਾਰਤਕ

| | |
|---|---|
| ਭਾਰਤ ਦਾ ਮੁਕਤੀ ਸੰਘਰਸ਼/*ਨੌਜਵਾਨ ਦਸਤਾ* | 30/- |
| ਸੂਹੀ ਸਵੇਰ/*ਸਵੈ ਸਾਚੀ* | 30/- |
| ਮਿਥਿਹਾਸ ਇਤਿਹਾਸ ਤੇ ਇਤਿਹਾਸਕ ਪਦਾਰਥਵਾਦ | 30/- |
| ਸਿੱਖ ਵੀਰਾਂ ਨਾਲ ਕੁਝ ਗੱਲਾਂ/*ਮੱਖਣ ਸਿੰਘ ਜੌਹਲ* | 80/- |
| ਕਲਾ ਜ਼ਿੰਦਗੀ ਤੇ ਨਕਸਲੀ ਸਰੋਕਾਰ/*ਪ੍ਰਵਾਨਾ* | 40/- |
| ਇਨਕਲਾਬੀ ਇਤਿਹਾਸ ਦੇ ਸੁਨਿਹਰੀ ਪੰਨੇ | 50/- |
| ਪੰਜਾਬ ਦੀ ਨਕਸਲਬਾੜੀ ਲਹਿਰ/*ਪਰਵਾਨਾ* | 40/- |
| ਰੂਸੀ ਬਾਲ ਕਹਾਣੀ 'ਲਾਖੀ'/*ਅਨੰਤ ਚੇਖਵ* | 20/- |
| ਗੁਲਾਮੀ ਤੋਂ ਮੁਕਤੀ/*ਫਰੈਡਰਿਕ ਡਗਲਸ* | 20/- |
| ਪ੍ਰੋ. ਰਣਧੀਰ ਸਿੰਘ ਦੇ ਚੋਣਵੇਂ ਲੇਖ | 60/- |
| ਗੁਲਮੀ ਵਾਲੀ ਜੂਨ ਬੁਰੀ /*ਗੁਰਚਰਨ ਜੈਤੋਂ* | 50/- |
| ਨੌਜਵਾਨਾਂ ਨੂੰ/*ਸਵੈ ਸਾਚੀ* | 20/- |
| ਸਮਾਜ ਨੂੰ ਬਦਲ ਦਿਓ/*ਸਵੈ ਸਾਚੀ* | 20/- |

## ✳ ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ

| | |
|---|---|
| ਜੀਵਨ ਸੰਗਰਾਮ/*ਸੋਹਣ ਸਿੰਘ ਭਕਨਾ* | 30/- |
| ਹਾਕਮ ਸਿੰਘ ਸਮਾਉਂ/*ਸੁਖਦਰਸ਼ਨ ਨੱਤ* | 150/- |
| ਦੇਸ਼ ਭਗਤ ਪ੍ਰਤਾਪ ਸਿੰਘ ਧਨੌਲਾ/*ਤੇਜਵੰਤ ਮਾਨ* | 30/- |
| ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ | 20/- |
| ਦੇਸ਼ ਭਗਤ-ਕਾਮਰੇਡ ਹਰਨਾਮ ਸਿੰਘ ਚਮਕ/*ਬਲਵੀਰ* | 20/- |
| ਡਾਇਰੀ ਬਾਬਾ ਹਰੀ ਸਿੰਘ ਉਸਮਾਨ/*ਪ੍ਰੋ. ਵੜੈਚ* | 50/- |
| ਜ਼ਿਲ੍ਹਾ ਸੰਗਰੂਰ ਦੇ ਸ਼ਹੀਦ/*ਬਲਬੀਰ ਲੌਂਗੋਵਾਲ* | 50/- |
| ਗ਼ਦਰੀ ਬਾਬਾ ਜਵਾਲਾ ਸਿੰਘ/*ਬਲਵੀਰ ਪਰਵਾਨਾ* | 30/- |
| ਸੰਘਰਸ਼ੀਲ ਯੋਧਾ ਹਰੀ ਸਿੰਘ ਤਰਕ | 50/- |
| ਸ਼ਹੀਦ ਬਾਬਾ ਬੂਝਾ ਸਿੰਘ/*ਅਜਮੇਰ ਸਿੱਧੂ* | 300/- |
| ਗਦਰੀ ਬਾਬਾ ਦੂਲਾ ਸਿੰਘ/*ਜਰਨੈਲ ਅੱਚਰਵਾਲ* | 30/- |
| ਇਨਕਲਾਬੀ ਯੋਧਾ ਮੈਡਮ ਕਾਮਾ/*ਸੂਫ਼ੀ ਅਮਰਜੀਤ* | 40/- |
| ਸਾਹਿਤ ਦਾ ਸਾਗਰ : ਪਾਸ਼/*ਸੋਹਣ ਸਿੰਘ ਸੰਧੂ* | 400/- |
| ਜੀਵਨ ਸੰਘਰਸ਼/*ਦਰਸ਼ਨ ਖਟਕੜ* | 200/- |

## ✳ ਹੋਰ ਇਨਕਲਾਬੀ ਪੁਸਤਕਾਂ

| | |
|---|---|
| ਤਾਮਿਲ ਗੁਰਿਲਿਆਂ ਦੇ ਦੇਸ਼ 'ਚ/*ਹਰਜਿੰਦਰ* | 50/- |
| ਕੁਠਾਲਾ ਕਾਂਡ/*ਬਲਵੀਰ ਚੰਦ ਲੌਂਗੋਵਾਲ* | 10/- |
| ਸੰਗਰਾਮੀ ਪਿੰਡ/*ਜਰਨੈਲ ਸਿੰਘ ਅੱਚਰਵਾਲ* | 60/- |
| ਕਿਊਬਾ ਸਫ਼ਰਨਾਮਾ/*ਪ੍ਰੋ. ਗੁਰਮੀਤ ਟਿਵਾਣਾ* | 70/- |
| ਸਿੱਖ ਵੀਰਾਂ ਦੇ ਨਾਮ ਖੁੱਲ੍ਹੇ ਖ਼ਤ/*ਮੱਖਣ ਸਿੰਘ ਜੌਹਲ* | 30/- |
| ਸਾਮਰਾਜੀ ਤਾਕਤਾਂ ਇਰਾਕ ਜੰਗ/*ਬਲਜਿੰਦਰ* | 20/- |
| ਸਮਕਾਲ ਦੇ ਸਨਮੁੱਖ/*ਬਲਵਿੰਦਰ* | 70/- |
| ਜਿੱਤਾਂਗੇ ਹਨੇਰੇ ਨੂੰ/*ਮਨੀਮਾਲਾ* | 50/- |
| ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ/*ਮੇਰੀ ਟਾਈਲਰ* | 80/- |
| ਜੋਗਿੰਦਰ ਬਾਹਰਲਾ/*ਇੰਦਰਜੀਤ ਨੰਦਨ* | 40/- |
| ਪੰਜਾਬ 'ਚ ਕੌਮੀਅਤ ਤੇ ਜ਼ਰਈ ਸਵਾਲ/ *ਬਰਸਟ* | 50/- |
| ਹੀਰੋਸ਼ੀਮਾ ਦੇ ਫੁੱਲ/*ਐਦਤਾ ਮਾਰਿਸ* | 65/- |
| ਗਾਥਾ ਕਿਸ਼ਨਗੜ੍ਹ/*ਦੇਸ ਰਾਜ ਛਾਜਲੀ* | 30/- |
| ਕਿਰਤ ਦੀ ਕਰਵਟ/*ਗੁਰਮੇਲ ਬੌਡੇ* | 50/- |









**※ ਬੱਚਿਆਂ ਲਈ ਪੁਸਤਕਾਂ**

| | |
|---|---|
| ਤੋਤੋਚਾਨ/*ਤੇਤਸੁਕੋ ਕੁਰੋਯਾਂਗੀ* | 20/- |
| ਗੁਲੀਵਰ ਦੀਆਂ ਯਾਤਰਾਵਾਂ/*ਜੋਨਾਥਨ ਸਵਿਫਟ* | 15/- |
| ਮਾਲਵਾ ਐਕਸਪ੍ਰੈੱਸ/*ਸੁਰਿੰਦਰ ਸਿੰਘ ਨੇਕੀ* | 30/- |
| ਬਾਲ ਚਿਰਾਗ/*ਬਲਜਿੰਦਰ ਮਾਨ* | 15/- |
| ਸੁਨਿਹਰੀ ਭਵਿੱਖ/*ਬਲਜਿੰਦਰ ਮਾਨ* | 25/- |
| ਸੀਰਤ ਨਾਮਾ/*ਨਵਰਾਹੀ ਘੁਗਿਆਣਵੀ* | 25/- |
| ਗਨੇਰੀਆਂ/*ਨਵਰਾਹੀ ਘੁਗਿਆਣਵੀ* | 40/- |
| ਆ ਜਾ ਮੋਰਾ/*ਸੁਲੱਖਣ ਮੀਤ (ਪ੍ਰੋ:)* | 30/- |
| ਲੋੜ ਕਾਢ ਦੀ ਮਾਂ/*ਸੁਲੱਖਣ ਮੀਤ (ਪ੍ਰੋ:)* | 20/- |
| ਖੰਡ ਖਿਡਾਉਣੇ/*ਸੁਲੱਖਣ ਮੀਤ (ਪ੍ਰੋ:)* | 20/- |
| ਮੋਟੋ ਆਂਟੀ/*ਸੁਲੱਖਣ ਮੀਤ (ਪ੍ਰੋ:)* | 30/- |
| ਜਲਵਾ ਰੁੱਤਾਂ ਦਾ/*ਸੁਲੱਖਣ ਮੀਤ* | 20/- |
| ਮੇਰਾ ਸਕੂਲ/*ਤਰਸੇਮ ਮਹਿਤੋ* | 30/- |
| ਜੈਜ਼ੀਨਾਮਾ/*ਹਰਨੇਕ ਸਿੰਘ ਰਾਣਾ* | 30/- |
| ਮੇਰਾ ਬਸਤਾ/*ਅਮਰੀਕ ਸਿੰਘ ਤਲਵੰਡੀ* | 30/- |
| ਕਾਵਿ ਪਹਾੜੇ/*ਅਮਰੀਕ ਤਲਵੰਡੀ* | 20/- |
| ਘਰ ਦੀ ਰੌਣਕ/*ਅਮਰੀਕ ਤਲਵੰਡੀ* | 30/- |
| ਸਾਡੇ ਗੁਰੂ/*ਅਮਰੀਕ ਸਿੰਘ ਤਲਵੰਡੀ* | 30/- |
| ਸਾਡੇ ਦੇਸ਼ਭਗਤ/*ਅਮਰੀਕ ਸਿੰਘ ਤਲਵੰਡੀ* | 30/- |
| ਨਮੋਲੀਆਂ/*ਨਵਰਾਹੀ ਘੁਗਿਆਣਵੀ* | 30/- |
| ਬੱਚੇ ਮਨ ਦੇ ਸੱਚੇ/*ਅਜਮੇਰ ਸਿੰਘ ਮੋਹੀ* | 50/- |
| ਹੀਰੇ ਪੁੱਤਰ ਮਾਵਾਂ ਦੇ/*ਅਮਰੀਕ ਤਲਵੰਡੀ* | 30/- |
| ਸਾਡਾ ਸਕੂਲ/*ਅਮਰੀਕ ਤਲਵੰਡੀ* | 50/- |
| ਮਾਸੂਮ/*ਨਵਰਾਹੀ ਘੁਗਿਆਣਵੀ* | 40/- |
| ਕਵਿਤਾ ਰਾਹੀਂ ਵਿਗਿਆਨ/*ਪ੍ਰੋ. ਬਲਵਿੰਦਰ ਚਾਹਲ* | 50/- |
| ਸਾਡੇ ਅਧਿਆਪਕ/*ਅਮਰੀਕ ਸਿੰਘ ਤਲਵੰਡੀ* | 30/- |

**※ ਟੈਕਨੀਕਲ**

| | |
|---|---|
| ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ/*ਸੀ.ਪੀ.ਕੰਬੋਜ* | 50/- |
| ਭਵਨ ਨਿਰਮਾਣ ਕਿਵੇਂ ਕਰੀਏ?/*ਇੰਜ.ਰਾਜ ਕੁਮਾਰ* | 50/- |
| ਮਸਤਾਨਾ ਮੋਟਰ ਮਿਸਤਰੀ/*ਪ੍ਰੇਮ ਸਿੰਘ ਮਸਤਾਨਾ* | 40/- |
| ਨਿਊਜ਼ੀਲੈਂਡ ਕਿਵੇਂ ਜਾਈਏ/*ਜਤਿੰਦਰ ਪੰਜਤੂਰੀ* | 40/- |
| ਪੰਜਾਬੀ ਭਾਸ਼ਾ ਦਾ ਅਧਿਆਪਨ/*ਪ੍ਰੋ. ਇਕਬਾਲ ਸਿੰਘ* | 70/- |
| ਅਮਰੀਕਾ ਕਿਵੇਂ ਜਾਈਏ/*ਜਤਿੰਦਰ ਪੰਜਤੂਰੀ* | 50/- |
| ਇੰਜੀਨੀਅਰਿੰਗ ਕੋਰਸਾਂ ਵਿੱਚ ਦਾਖਲਾ ਕਿਵੇਂ | 80/- |
| ਟੈਲੀਵਿਜ਼ਨ/*ਸੀ.ਪੀ. ਕੰਬੋਜ* | 20/- |
| ਮੋਬਾਇਲ ਫੋਨ/*ਸੀ.ਪੀ. ਕੰਬੋਜ* | 20/- |
| ਕੰਪਿਊਟਰ/*ਸੀ.ਪੀ. ਕੰਬੋਜ* | 20/- |
| ਰੋਬੋਟ/*ਸੀ.ਪੀ. ਕੰਬੋਜ* | 20/- |
| ਸੰਚਾਰ ਦੇ ਸਾਧਨ/*ਸੀ.ਪੀ. ਕੰਬੋਜ* | 20/- |
| ਸੂਚਨਾ ਦਾ ਅਧਿਕਾਰ ਕਾਨੂੰਨ-2005 | 20/- |
| ਆਓ ਕੰਪਿਓਟਰ ਸਿੱਖੀਏ/*ਕ੍ਰਿਪਾਲ ਸਿੰਘ ਪੰਨੂ* | 50/- |
| ਸੜਕ ਹਾਦਸਿਆਂ ਤੋਂ ਕਿਵੇਂ ਬਚਾਅ/*ਰਣਜੀਤ* | 60/- |
| ਜਨਰਲ ਨਾਲਿਜ/*ਹਰਬੰਸ ਸਿੰਘ ਵਾਰਵਲ* | 50/- |

**※ ਡਾ. ਅਜੀਤਪਾਲ ਐਮ. ਡੀ. ਦੁਆਰਾ ਲਿਖੀਆਂ ਪੁਸਤਕਾਂ**

| | |
|---|---|
| ਅਜੋਕਾ ਸਭਿਆਚਾਰ ਬੇਨਕਾਬ | 50/- |
| ਸਾਮਰਾਜੀ ਝੱਖੜ | 80/- |
| ਸਾਮਰਾਜ ਦੇ ਮਾਰੂ ਪ੍ਰਭਾਵ | 70/- |
| ਸਾਮਰਾਜੀ ਜੋਕਾਂ | 100/- |
| ਵਿਸ਼ਵਵਿਆਪੀ ਆਰਥਿਕ ਮੰਦੀ | 100/- |
| ਕਿਵ ਕੂੜੈ ਤੁਟੈ ਪਾਲਿ | 100/- |
| ਜੰਜੀਰਾਂ ਬਨਾਮ ਮੇਹਨਕਸ਼ | 100/- |
| ਵਪਾਰੀਕਰਨ ਦੇ ਦੁਰਪ੍ਰਭਾਵ | 100/- |
| ਮੌਜੂਦਾ ਵਿਕਾਸ ਬਨਾਮ ਮੇਹਨਤਕਸ਼ | 100/- |
| ਪੂੰਜੀਵਾਦ ਦਾ ਵਿਨਾਸ਼ ਜਰੂਰੀ | 100/- |
| ਕਟਿਹਰੇ 'ਚ ਰਾਜਨੀਤੀ | 100/- |

**200 ਰੁਪੈ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਡਾਕ ਖਰਚ ਨਹੀਂ ਲੱਗੇਗਾ**

**※ ਪ੍ਰੋ. ਕਿਸ਼ਨ ਸਿੰਘ ਦੁਆਰਾ ਲਿਖੀਆਂ ਪੁਸਤਕਾਂ**

| | |
|---|---|
| ਆਜ਼ਾਦ ਔਰਤ | 50/- |
| ਆਦਮ ਜ਼ਾਤ ਦਾ ਮਸਲਾ ਤੇ ਸਾਹਿਤ | 70/- |
| ਇਨਕਲਾਬੀ ਵਿਰਸਾ | 70/- |
| ਵਾਰ ਮਲ੍ਹਾਰ ਦੀ ਮਹਲਾ੧ ਅਤੇ ਆਸਾ ਦੀ ਵਾਰ | 100/- |
| ਵਾਰ ਮਾਝ ਅਤੇ ਸਿਧ ਗੋਸਟਿ | 100/- |

**※ ਓਮ ਪ੍ਰਕਾਸ਼ ਗਾਸੋ ਦੁਆਰਾਂ ਲਿਖੀਆਂ ਪੁਸਤਕਾਂ**

| | |
|---|---|
| ਤਾਂਬੇ ਦਾ ਰੰਗ | 20/- |
| ਮੰਤ ਦਰ ਮੰਤ | 30/- |
| ਬੰਦ ਗਲੀ ਦੇ ਬਸ਼ਿੰਦੇ | 30/- |
| ਰੱਤਾ ਥੇਹ | 30/- |
| ਘਰਕੀਣ | 30/- |
| ਮਿੱਟੀ ਦਾ ਮੁੱਲ | 30/- |
| ਅਰਥਾਤ | 30/- |
| ਇਤਫ਼ਾਕ | 30/- |
| ਜੁਆਬ ਦੇਹ ਕੌਣ | 30/- |
| ਤੁਰਦਿਆਂ ਤੁਰਦਿਆਂ | 30/- |
| ਮਲਵਈ ਸੱਭਿਆਚਾਰ | 30/- |
| ਪੰਜਾਬੀ ਦਿੱਖ ਤੇ ਦਰਸ਼ਨ | 30/- |
| ਫਲੋਰੰਜਨੀ ਦੇ ਫੁੱਲ | 25/- |
| ਜ਼ਿੰਦਗੀ ਦੀ ਸੰਗਾਤ | 50/- |

**※ ਨਾਵਲ**

| | |
|---|---|
| ਰਿਸ਼ਤਿਆਂ ਦੇ ਰੰਗ/*ਇੰਦਰ ਸਿੰਘ ਖ਼ਾਮੋਸ਼* | 15/- |
| ਕਰਜ਼ਈ ਸੁਪਨੇ/*ਇੰਦਰ ਸਿੰਘ ਖ਼ਾਮੋਸ਼* | 25/- |
| ਕੋਲਿਆਂ ਦੇ ਦਲਾਲ/*ਕੌਰ ਚੰਦ ਰਾਹੀ* | 20/- |
| ਵਾ ਵਰੋਲੇ/*ਬੀਰ ਇੰਦਰ ਸਿੰਘ ਢਿੱਲੋਂ* | 25/- |
| ਵਿੰਗ ਤੜਿੰਗੇ ਰਾਹ/*ਪ੍ਰੋ. ਹਰਭਜਨ ਸਿੰਘ* | 40/- |
| ਸ਼ਰੀਕ/*ਨਛੱਤਰ ਭੁਟੀਕਾ* | 30/- |
| ਕਾਤਿਲ ਕੌਣ (ਜਸੂਸੀ ਨਾਵਲ)/*ਰਮਨਪਾਲ ਰਿਸ਼ੀ* | 20/- |
| ਇੱਕ ਸੀ ਸਰੀਫ਼ਾਂ/*ਸਰਦੂਲ ਸ਼ਿੰਘ ਦਰਦ* | 20/- |
| ...ਤੇ ਲਹੂ ਵਹਿੰਦਾ ਰਿਹਾ/*ਡਾ. ਬਿੱਲੂ ਰਾਇਸਰ* | 30/- |
| ਮਰਜੀਵੜਾ/*ਕਰਤਾਰ ਸਿੰਘ ਮਾਨ* | 150/- |
| ਗਲੀ ਨੰ: 4/*ਬਿਕਰਮਜੀਤ ਨੂਰ* | 50/- |
| ਰਾਹੂਕੇਤੂ/*ਬਾਬੂ ਸਿੰਘ ਬਰਾੜ* | 40/- |
| ਪਾਪੀ/*ਬਿਕਰਮਜੀਤ ਨੂਰ* | 20/- |
| ਸਰਕਲ/*ਗੁਰਪ੍ਰੀਤ ਸਿਹਜੀ* | 30/- |
| ਯਾਦਾਂ ਦਾ ਪੁਤਲਾ/*ਧਰਮਿੰਦਰ ਬਾਵਾ* | 50/- |
| ਬਲਦੇ ਸ਼ਿਵਿਆਂ ਦਾ ਸੇਕ/*ਪ੍ਰੋ. ਹਰਭਜਨ* | 100/- |
| ਕੌਣ ਜਿੱਤਿਆ/*ਹਰਚੰਦ ਗਿੱਲ ਮਿਆਣੀ* | 30/- |
| ਪਿੱਪਲ ਵਾਲਾ ਮੋੜ/*ਜੀਤ ਸਿੰਘ ਸੰਧੂ* | 40/- |
| ਜੱਟ ਦੀ ਜੂਨ/*ਡਾ. ਰਾਜ ਕੁਮਾਰ ਗਰਗ* | 20/- |
| ਰੂਪ ਦੇ ਰੰਗ/*ਬਾਬੂ ਸਿੰਘ ਬਰਾੜ* | 40/- |
| ਦਿਨ ਚੜ੍ਹਨ ਤੱਕ/*ਜੀਤ ਸਿੰਘ ਸੰਧੂ* | 30/- |
| ਚਿਹਰੇ/*ਮਹਿੰਦਰ ਪਾਲ ਸਿੰਘ ਧਾਲੀਵਾਲ* | 100/- |

**※ ਹਾਸ ਵਿਅੰਗ**

| | |
|---|---|
| ਡੰਗ ਅਤੇ ਚੋਭਾਂ/*ਕੁਲਵੰਤ ਰਾਏ ਸ਼ਰਮਾ* | 10/- |
| ਪਰਵਾਸੀ ਧੰਦੇ/*ਕੁਲਵੰਤ ਰਾਏ ਸ਼ਰਮਾ* | 10/- |
| ਮੇਰੇ ਸ਼ਾਗਿਰਦ/*ਕੁਲਵੰਤ ਰਾਏ ਸ਼ਰਮਾ* | 20/- |
| ਟੋਟਕੇ ਭੰਡਾਂ ਦੇ/*ਬੂਟਾ ਸਿੰਘ ਚੌਹਾਨ* | 40/- |
| ਹੋਰ ਫਿਰ/*ਨਿਰੰਜਨ ਸ਼ਰਮਾ* | 30/- |
| ਚੱਲ ਗਿਆ ਤੀਰ ਨਹੀਂ ਤੁੱਕਾ/*ਗੁਰਦੇਵ ਸਿੰਘ ਗਿੱਲ* | 20/- |
| ਰੋਵਤੁ ਜਾਇ ਸੁ ਹਸੈ/*ਜਸਵੰਤ ਸਿੰਘ ਅਗਿਆਨੀ* | 15/- |
| ਮਸਲਾ ਲਟਕ ਗਿਆ/*ਮੰਗਤ ਕੁਲਜਿੰਦ* | 40/- |
| ਹੱਸੋ ਪੈਥੀ/*ਮੰਗਤ ਕੁਲਜਿੰਦ* | 30/- |






**✲ ਸਫ਼ਰਨਾਮੇ**

- ਮੇਰੀ ਡੈਨਮਾਰਕ ਫੇਰੀ/*ਕੇ. ਐਲ. ਗੋਇਲ* 20/-
- ਮੇਰੀ ਧਰਤੀ ਮੇਰੇ ਲੋਕ(ਭਾਰਤ ਯਾਤਰਾ)/*ਰਾਮ ਮੂਰਤ* 25/-
- ਪਰਿਕਰਮਾ (ਦੱਖਣੀ ਭਾਰਤ ਯਾਤਰਾ) 15/-
- ਗੌਤਮ ਦੀ ਗੋਦ (ਨਿਪਾਲ ਯਾਤਰਾ) 15/-
- ਪਤਾਲ (ਅਮਰੀਕਾ ਕਨੈਡਾ ਯਾਤਰਾ) 30/-
- ਦੀਰਾ ਟਾਵਰ (ਡੁਬਈ ਯਾਤਰਾ)/*ਰਾਮ ਮੂਰਤ ਸਿੰਘ* 30/-
- ਪੂਰਬੀ ਬੂਹਾ (ਸਿੰਘਾਪੁਰ ਯਾਤਰਾ)/*ਰਾਮ ਮੂਰਤ ਸਿੰਘ* 30/-
- ਪੱਥਰ ਬੋਲਦੇ ਹਨ/*ਰਾਮ ਮੂਰਤ ਸਿੰਘ* 40/-
- ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ* 40/-
- ਧਰਤੀ ਦੇ ਆਰ ਪਾਰ /*ਮੰਗਤ ਕੁਲਜਿੰਦ* 30/-
- ਵੱਖਰੀ ਧਰਤੀ ਵੱਖਰੇ ਲੋਕ/*ਹਰਭਜਨ ਹਲਵਾਰਵੀ* 30/-
- ਮੇਰੀ ਅਮਰੀਕਾ ਫੇਰੀ/*ਨਿੰਦਰ ਘੁਗਿਆਣਵੀ* 30/-
- ਅੱਖੀਂ ਦੇਖ ਨਾ ਰੱਜੀਆਂ/*ਨਿਰਪਾਲ ਜਲਾਲਦੀਵਾਲ* 30/-
- ਸੁਨਹਰੀ ਦਿਨਾਂ ਦਾ ਸਫ਼ਰ/*ਹਰਭਜਨ ਹਲਵਾਰਵੀ* 30/-




**✲ ਜੀਵਨੀਆਂ**

- ਵਡਮੁੱਲਾ ਪਾਰਸ/*ਨਿੰਦਰ ਘੁਗਿਆਣਵੀ* 50/-
- ਧਰਤੀ ਪੁੱਤਰ/*ਵਿਜੈ ਬੰਬੇਲੀ* 50/-
- ਠਰੀ ਚਾਨਣੀ ਦਾ ਗੀਤ/*ਡਾ. ਅਮਰ ਕੋਮਲ* 30/-
- ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ 30/-
- ਪਰਜਾ ਮੰਡਲ ਦਾ ਜਾਂਬਾਜ ਭਗਵਾਨ ਸਿੰਘ 50/-
- ਜਿੰਨੀ ਰਾਹੀਂ ਮੈਂ ਤੁਰਿਆ/*ਗੁਰਬਖ਼ਸ਼ ਸਿੰਘ ਰਾਹੀ* 50/-
- ਸੱਚੇ ਦਿਲੋਂ/*ਨਿੰਦਰ ਘੁਗਿਆਣਗੀ* 30/-
- ਟੁਸੇ ਦੀ ਟਹਿਕ/*ਸੀ. ਮਾਰਕੰਡਾ* 150/-
- ਪੰਜਾਬ ਦੇ ਸੱਗੀ ਫੁੱਲ/*ਬਲਜਿੰਦਰ ਮਾਨ* 50/-
- ਮੇਰਾ ਪਿੰਡ ਬਹਾਦਰਪੁਰ/*ਰਣਜੀਤ ਸਿੰਘ* 60/-
- ਭਾਈ ਰੂਪ ਚੰਦ ਜੀ/*ਗਿਆਨੀ ਪ੍ਰੀਤਮ ਸਿੰਘ* 100/-
- ਹਰਨਾਮ ਦਾਸ ਸਹਿਰਾਈ/*ਨਿੰਦਰ ਘੁਗਿਆਣਵੀ* 50/-
- ਸਤਰੰਗੀ ਸਿਆਸਤ/*ਜਗਸੀਰ ਪੱਖੀ* 50/-
- ਬਾਬਾ ਫਰੀਦ ਸ਼ੱਕਰ ਗੰਜ/*ਪ੍ਰੋ. ਗੁਰਮੀਤ ਟਿਵਾਣਾ* 50/-
- ਹਨੇਰੇ 'ਚ ਚਾਨਣ ਦੀ ਲੋਅ-ਡਾ. ਰਮੇਸ਼/*ਰਣਜੀਤ* 150/-
- ਭਾਈ ਰੂਪ ਚੰਦ/*ਹਰਚਰਨ ਸਿੰਘ* 100/-
- ਝੱਖੜਾਂ 'ਚ ਵਗਦਾ ਦਰਿਆ/*ਰਣਜੀਤ ਪ੍ਰੀਤ* 100/-
- ਸੁਰਾਂ ਦੇ ਵਾਰਿਸ/*ਸਵਰਣ ਟਹਿਣਾ* 150/-
- ਜੀਵਨੀ ਗੁਰੂ ਹਰਗੋਬਿੰਦ ਜੀ/*ਗੁਰਚਰਨ ਕੌਰ* 125/-
- ਹਰਦਿਆਲ ਚੰਦ ਜੈਦਕਾ/*ਤੋਤਾ ਸਿੰਘ ਦੀਨਾ* 100/-







**✲ ਕੁਟੇਸ਼ਨਾਂ**

- ਵਿਚਾਰ ਦਰਸ਼ਨ/*ਡਾ. ਅਮਰ ਕੋਮਲ* 30/-
- ਕਤਰਾ ਕਤਰਾ ਸਮੁੰਦਰ/*ਡਾ. ਅਮਰ ਕੋਮਲ* 40/-
- ਜ਼ਿੰਦਗੀ ਦੇ ਸਿਰਨਾਵੇਂ/*ਡਾ. ਅਮਰ ਕੋਮਲ* 40/-



**✲ ਨਾਟਕ**

- ਸੱਤੀ ਵੀਹੀਂ ਸੌ/*ਪ੍ਰੋ. ਸਰਬਜੀਤ* 20/-
- ਸੂਰਜ ਡੁੱਬਣ ਤੋਂ ਬਾਅਦ/*ਜੋਗੇ ਭੰਗਲ* 15/-
- ਸੀਤਾਇਣ/*ਡਾ. ਪ੍ਰੀਤਮ ਸੈਨੀ* 20/-
- ਗਾਥਾ ਕਾਲੇ ਪਾਣੀਆਂ ਦੀ/*ਹਰਨੇਕ ਚੌਧਰੀ* 40/-
- ਸਜ਼ਾ ਸੱਚ ਨੂੰ/*ਬਾਰੂ ਸਤਵਰਗ* 20/-
- ਜੀਵਨ ਦੇ ਰੰਗ ਮੰਚ ਤੇ/*ਗੁਰਚਰਨ ਚਪਰਚਿੜੀ* 50/-




**✲ ਸੱਭਿਆਚਾਰ/ਕਵੀਸ਼ਰੀ**

- ਪੰਜਾਬੀ ਗਾਇਕੀ ਤੇ ਪ੍ਰਮੁੱਖ ਸਰੋਕਾਰ/*ਮਾਲੜੀ* 30/-
- ਮਾਡਰਨ ਜੁਗਨੀ/*ਮਨਜੀਤ ਸਿੰਘ ਸਾਗਰ* 30/-
- ਮੇਰੀ ਮਿੱਟੀ ਮੇਰੇ ਲੋਕ-ਪਿੰਡ ਖੁੱਡੀ ਕਲਾਂ/*ਰਾਮਸਰੂਪ* 30/-
- ਕਵੀਸ਼ਰੀ ਮਾਰਤੰਡ/*ਕਰਤਾਰ ਸਿੰਘ ਬੱਧਨੀ ਵਾਲੇ* 600/-
- ਸਿੱਖੀ ਕਾਵਿ/*ਬਾਬੂ ਰਜਬ ਅਲੀ* 280/-

## ਘਰ ਬੈਠੇ ਹੀ ਫ਼ੋਨ ਰਾਹੀਂ ਕਿਤਾਬਾਂ ਮੰਗਵਾਓ

**✲ ਕਹਾਣੀਆਂ**

- ਕਣੀਆਂ/*ਰਾਮ ਮੂਰਤ ਸਿੰਘ* 10/-
- ਕਿਊੜੇ ਦੀ ਮਹਿਕ/*ਚੇਤਨ ਸਿੰਘ* 20/-
- ਨਿਰਾਲਾ ਦੀਆਂ ਚੋਣਵੀਆਂ ਕਹਾਣੀਆਂ 30/-
- ਇਤਹਾਸ ਦੇ ਖਾਲੀ ਪੰਨੇ/*ਨਿੰਦਰ ਘੁਗਿਆਣਵੀ* 30/-
- ਸੁਪਨੇ ਤੇ ਸੰਤਾਪ (ਅਮਰੀਕੀ ਕਹਾਣੀਆਂ) 50/-
- ਅਣਗੌਲੇ ਆਦਮੀ/*ਗੁਰਮੇਲ ਮਡਾਹੜ* 30/-
- ਕੱਚੇ ਕੋਠਿਆਂ ਦੇ ਵਾਸੀ/*ਗੁਰਮੇਲ ਮਡਾਹੜ* 30/-
- ਜਾਗਦੇ ਲੋਕ/*ਗੁਰਮੇਲ ਮਡਾਹੜ* 30/-
- ਧਰਤੀ ਲਹੂ ਲੁਹਾਣ/*ਗੁਰਮੇਲ ਮਡਾਹੜ* 30/-
- ਜੰਗ ਜਾਰੀ ਹੈ/*ਗੁਰਮੇਲ ਮਡਾਹੜ* 30/-
- ਵਿਵਰਜਿਤ ਪੁਸਤਕ/*ਸੁਲੱਖਣ ਮੀਤ (ਪ੍ਰੋ:)* 30/-
- ਕੇਸੂ ਦੀ ਟਹਿਕ/*ਗੁਰਪਾਲ ਸਿੰਘ ਨੂਰ* 30/-
- ਅਹਿਸਾਸ/*ਸਵਰਨ ਸਿੰਘ ਟਹਿਣਾ* 25/-
- ਚਿੜੀਆਂ ਦਾ ਚੰਬਾ/*ਭੁਪਿੰਦਰ ਸਿੰਘ ਬੇਦੀ* 50/-
- ਮਿਲਿ ਕੈ ਕਰਹ ਕਹਾਣੀਆ/*ਭੁਪਿੰਦਰ ਸਿੰਘ ਬੇਦੀ* 50/-
- ਅੰਦਰਲੀਆਂ ਲਾਸਾਂ/*ਸੁਲੱਖਣ ਮੀਤ (ਪ੍ਰੋ:)* 30/-
- ਦਾਨਾ ਦੁਸ਼ਮਣ/*ਸੁਲੱਖਣ ਮੀਤ (ਪ੍ਰੋ:)* 30/-
- ਸੁਵਣੀ ਸੁਣੀ ਕਹਾਣੀਆਂ/*ਜਸਵੰਤ ਅਗਿਆਨੀ* 20/-
- ਨਰਕ ਕੁੰਡ/*ਅਜਮੇਰ ਸਿੱਧੂ* 15/-
- ਢਲਦੀ ਦੁਪਹਿਰ/*ਭੋਲਾ ਸਿੰਘ ਸੰਘੇੜਾ* 50/-
- ਅੱਲ੍ਹੇ ਜ਼ਖ਼ਮ/*ਗੁਰਮੇਲ ਸਿੰਘ ਚਾਹਲ* 20/-
- ਬਦਲਦੀ ਸੋਚ/*ਅਮਨ ਰਣਜੀਤ* 10/-
- ਓਪਰਾ ਖੇਤ/*ਦਰਸ਼ਨ ਸਿੰਘ ਗੁਰੂ* 30/-
- ਲੱਪ ਚਿਣਗਾਂ ਦੀ/*ਸ਼ਿਵ ਇੰਦਰ ਸਿੰਘ* 50/-
- ਕਾਹੀ ਵੱਢ/*ਜੋਗੇ ਭੰਗਲ* 50/-
- ਚਿੜੀਆਂ/*ਪਰਮਜੀਤ ਪੰਮਾ ਪੇਂਟਰ* 30/-
- ਲੇਖਾ/*ਬੂਟਾ ਸਿੰਘ ਧਾਲੀਵਾਲ* 30/-
- ਪੰਖ ਪਿੰਜਰਾ ਦੇ ਪਰਵਾਸ/*ਪ੍ਰੋ. ਹਰਭਜਨ ਸਿੰਘ* 100/-
- ਅਮਰ ਕਹਾਣੀਆਂ/*ਡਾ. ਅਮਰ ਕੋਮਲ* 50/-
- ਸਿਲਤ/*ਸੁਰਿੰਦਰ ਬਰਾੜ* 50/-
- ਆਦਿ ਅੰਤ/*ਅਮਰ ਕੋਮਲ* 100/-
- ਚੁੱਪ ਦੇ ਬੋਲ/*ਭੁਪਿੰਦਰ 'ਜੈਤੋ'* 30/-
- ਅਸੀਂ ਤੁਸੀਂ/*ਡਾ. ਅਮਰ ਕੋਮਲ* 50/-
- ਸੋਨ ਮਿਰਗ ਦੀ ਵਾਰਤਾ/*ਜਸਪਾਲ ਸਿੰਘ ਮਾਨ* 50/-
- ਕਮਜ਼ੋਰ ਪ੍ਰਮਾਤਮਾ/*ਪ੍ਰਗਟ ਸਿੰਘ ਜੰਬਰ* 50/-
- ਖਰੀਆਂ ਖਰੀਆਂ/*ਅਮਰੀਕ ਤਲਵੰਡੀ* 50/-
- ਹਾਰੀ ਜੰਗ ਦਾ ਨਾਇਕ/*ਗੁਰਚਰਨ ਨੂਰਪੁਰ* 30/-
- ਘੋੜੇ ਵਾਲਾ ਚੌਂਕ/*ਅਮਰੀਕ ਤਲਵੰਡੀ* 50/-
- ਗਮਾਂ ਦੀ ਪੰਡ/*ਪ੍ਰਿੰ. ਗੁਰਦੇਵ ਸਿੰਘ* 50/-
- ਵਿਲਕਦੀ ਗਰੀਬੀ/*ਪ੍ਰਿੰ. ਗੁਰਦੇਵ ਸਿੰਘ* 50/-
- ਰਿਸ਼ਤਿਆਂ ਦਾ ਕਤਲ/*ਡਾ. ਹਰੀਸ਼ ਮਲਹੋਤਰਾ* 70/-

**ਤੁਸੀਂ ਕੋਈ ਪੁਸਤਕ ਹੁਣ ਘਰ ਬੈਠੇ ਹੀ ਫ਼ੋਨ ਕਰਕੇ ਵੀਪੀਪੀ ਰਾਹੀਂ ਮੰਗਵਾ ਸਕਦੇ ਹੋ**

**ਸਾਡੇ ਨੰਬਰ ਹਨ :**

**01679-241744, 233244**

**ਨੋਟ : 200 ਰੁਪੈ ਦੀ ਕੀਮਤ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਹੁਣ ਡਾਕ ਖਰਚ ਵੀ ਨਹੀਂ ਲੱਗੇਗਾ।**

## ਪੁਆੜੇ ਪਾਉਣ ਵਾਲੀ ਮਾਤਾ ਲੋਕਾਂ ਦਾ ਸਾਹਮਣਾ ਨਹੀਂ ਕਰ ਸਕੀ

**ਸਰਗਰਮੀ ਜਲੰਧਰ ਇਕਾਈ**

ਗੁਰੂ ਨਾਨਕ ਪੁਰਾ ਜਲੰਧਰ ਵਿਖੇ ਇੱਕ ਮਾਤਾ ਹੈ। ਆਪਣੀ ਕਮਾਈ ਲਈ ਚੌਂਕੀ ਲਗਾ ਕੇ ਲੋਕਾਂ ਨੂੰ ਪੁੱਛਾਂ ਦਿੰਦੀ ਹੈ ਜਿਸ ਦਾ ਅਸਰ ਇਹ ਹੁੰਦਾ ਹੈ ਕਿ ਚੋਰੀ, ਬੀਮਾਰੀ ਜਾਂ ਦੀਮਾਗ਼ੀ ਪ੍ਰੇਸ਼ਾਨੀ ਲਈ ਕਿਸੇ ਨਾ ਕਿਸੇ ਤੇ ਖਾਹ-ਮ-ਖਾਹ ਇਲਜ਼ਾਮ ਲੱਗ ਜਾਂਦਾ ਹੈ ਅਤੇ ਸਬੰਧਤ ਵਿਅਕਤੀ ਦੇ ਘਰ ਲੜਾਈ ਝਗੜਾ, ਡਾਂਗ ਸੋਟਾ ਜਾਂ ਕਲੇਸ਼ ਪੈ ਜਾਂਦਾ ਹੈ। ਇਵੇਂ ਹੀ ਗੁਰੂ ਨਾਨਕ ਪੁਰਾ 283 ਏ ਦੀ ਨਿਵਾਸੀ ਪਿੰਕੀ ਦੇ ਘਰ ਵੀ ਮਾਤਾ ਨੇ ਪੁਆੜਾ ਪਾਇਆ। ਪਿੰਕੀ ਨੇ ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਨੂੰ ਲਿਖਤੀ ਰੂਪ ਵਿਚ ਸ਼ਿਕਾਇਤ ਕੀਤੀ। ਮਾਤਾ ਦੀ ਗੁੰਮਰਾਹ ਕੀਤੀ ਇੱਕ ਸਾਡੀ ਰਿਸ਼ਤੇਦਾਰ ਜਦੋਂ ਉਸ ਨੂੰ ਹੋਰ ਕੋਈ ਕੰਮ ਨਾ ਹੋਵੇ ਤਾਂ ਸਾਡੇ ਘਰ ਆ ਕੇ ਕਲੇਸ਼ ਕਰਦੀ ਹੈ। ਸਾਡੇ ਘਰ ਦੇ ਬਾਹਰ ਉੱਚੀ-ਉੱਚੀ ਊਟ ਪਟਾਂਗ ਦੋਸ਼ ਲਗਾਉਂਦੀ ਹੈ ਕਿ ਸਾਡੇ ਰਿਸ਼ਤੇਦਾਰਾਂ ਵਿਚ ਜੋ ਵੀ ਦੁੱਖ ਤਕਲੀਫ਼ ਹੈ ਉਹ ਸਾਡੇ ਵੱਲੋਂ ਕੋਈ ਟੂਣਾ ਤਵੀਤ ਕਰਕੇ ਹੈ। ਤਰਕਸ਼ੀਲ ਸੁਸਾਇਟੀ ਭਾਰਤ ਦੀ ਜਲੰਧਰ ਇਕਾਈ ਦੀ ਇਕ ਪੜਤਾਲੀਆ ਟੀਮ ਪਿੰਕੀ ਦੇ ਘਰ ਗਈ ਅਤੇ ਆਂਢ-ਗੁਆਂਢ ਦੇ ਲੋਕਾਂ ਤੋਂ ਵੀ ਪੁੱਛ-ਗਿੱਛ ਕੀਤੀ। ਸਾਰਿਆਂ ਨੇ ਦੱਸਿਆ ਕਿ ਪਿੰਕੀ ਦਾ ਪਰਿਵਾਰ ਗੁਰੂ ਘਰ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਗੁਰਦੁਆਰੇ ਤੋਂ ਇਲਾਵਾਂ ਉਹ ਹੋਰ ਕਿਤੇ ਜਾਂਦੇ ਹੀ ਨਹੀਂ। ਇਹ ਅਖੌਤੀ ਮਾਤਾ ਹੀ ਹੈ ਜੋ ਕਿ ਆਪਣੀ ਕਮਾਈ ਲਈ ਲੋਕਾਂ ਦੇ ਘਰਾਂ ਵਿਚ ਪੁਆੜੇ ਪਾਉਂਦੀ ਹੈ।

15 ਅਗਸਤ ਵਾਲੇ ਦਿਨ ਤਰਕਸ਼ੀਲ ਸੁਸਾਇਟੀ ਨੇ ਮਾਤਾ ਨੂੰ ਲੋਕਾਂ ਦੇ ਇਕੱਠ ਵਿਚ ਆਪਣਾ ਪੱਖ ਰੱਖਣ ਨੂੰ ਕਿਹਾ ਅਤੇ ਮਾਤਾ ਮੰਨ ਗਈ। ਪ੍ਰੰਤੂ ਜਦੋਂ ਲੋਕਾਂ ਦਾ ਇਕੱਠ ਗੁਰੂ ਨਾਨਕ ਪੁਰਾ ਈਸਟ ਦੇ ਜੰਞ ਘਰ ਵਿਚ ਹੋਇਆ ਤਾਂ ਮਾਤਾ ਨੇ ਆਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਾਤਾ ਨੂੰ ਮੋਬਾਈਲ ਫ਼ੋਨ ਤੇ ਬਾਰ-ਬਾਰ ਬੇਨਤੀ ਕੀਤੀ ਗਈ ਕਿ ਉਹ ਸਾਨੂੰ ਦਰਸ਼ਨ ਦੇ ਦੇਵੇ ਅਤੇ ਅਸੀਂ ਸਿਰਫ਼ ਗੱਲਬਾਤ ਹੀ ਕਰਨੀ ਹੈ, ਅਸੀਂ ਕੋਈ ਝਗੜਾ ਕਰਨ ਵਾਲੇ ਨਹੀਂ ਹਾਂ। ਪਰ ਮਾਤਾ ਨੇ ਕਿਹਾ ਕਿ ਮੈਂ ਲੋਕਾਂ ਸਾਹਮਣੇ ਨਹੀਂ ਆ ਸਕਦੀ। ਸੁਸਾਇਟੀ ਦੇ ਮੈਂਬਰਾਂ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢਣ ਦੀ ਪ੍ਰੇਰਨਾ ਦਿੱਤੀ। ਨਜ਼ਰ ਲੱਗਣ, ਨਿੱਛ ਪੈਣ, ਪਸ਼ੂ ਮਰਨ, ਘਰਾਂ ਵਿੱਚ ਕੱਪੜਿਆਂ ਨੂੰ ਅੱਗ ਲੱਗਣ, ਖ਼ੂਨ ਦੇ ਛਿੱਟੇ ਪੈਣ, ਵੱਟੇ ਪੈਣ ਆਦਿ ਬਾਰੇ ਵਿਸਥਾਰ ਨਾਲ ਦੱਸਿਆ। ਖ਼ਾਸ ਗੱਲ ਇਹ ਸੀ ਕਿ ਔਰਤਾਂ ਹੀ ਵਹਿਮ ਭਰਮ ਨੂੰ ਜ਼ਿਆਦਾ ਮੰਨਦੀਆਂ ਹਨ ਪ੍ਰੰਤੂ ਗੁਰੂ ਨਾਨਕ ਪੁਰੇ ਵਿਚ ਔਰਤਾਂ ਨੇ ਹੀ ਵਹਿਮਾਂ ਭਰਮਾਂ ਵਿਰੁੱਧ ਮੋਰਚਾ ਖੋਲ੍ਹਿਆ। ਮੁਹੱਲਾ ਨਿਵਾਸੀ ਵਰਦੇ ਮੀਂਹ ਵਿਚ ਵੀ ਤਰਕਸ਼ੀਲ ਪ੍ਰੋਗਰਾਮ ਦਾ ਅਨੰਦ ਮਾਣਦੇ ਰਹੇ।

ਪਰਮਜੀਤ ਸਿੰਘ ਕਲਸੀ ਨੇ ਜਾਦੂ ਦੇ ਟ੍ਰਿਕ ਵਿਖਾ ਕੇ ਦੱਸਿਆ ਕਿ ਇਨ੍ਹਾਂ ਨੂੰ ਵਰਤਣ ਵਾਲੇ ਦੋ ਪ੍ਰਕਾਰ ਦੇ ਹੁੰਦੇ ਹਨ। ਕੁੱਝ ਟ੍ਰਿਕਾਂ ਦਾ ਸ਼ੋਅ ਕਰਕੇ ਲੋਕਾਂ ਦਾ ਮਨਪ੍ਰਚਾਵਾ ਕਰਦੇ ਹਨ ਅਤੇ ਦੱਸਦੇ ਹਨ ਕਿ ਇਹ ਹੱਥ ਦੀ ਸਫ਼ਾਈ ਹੈ ਅਤੇ ਕੋਈ ਦੈਵੀ ਸ਼ਕਤੀ ਨਹੀਂ। ਇਸ ਨਾਲ ਸਾਡਾ ਕੋਈ ਵਿਰੋਧ ਨਹੀਂ ਹੈ। ਕੁਝ ਧਰਮ ਦੀ ਆੜ ਥੱਲੇ ਟ੍ਰਿਕ ਵਿਖਾ ਕੇ ਕਹਿੰਦੇ ਹਨ ਕਿ ਦੈਵੀ ਸ਼ਕਤੀ ਹੁੰਦੀ ਹੈ ਜਿਸ ਕਾਰਨ ਅਸੀਂ ਚਮਤਕਾਰ ਕਰ ਰਹੇ ਹਾਂ। ਇਨ੍ਹਾਂ ਚਮਤਕਾਰੀਆਂ ਨਾਲ ਸਾਡਾ ਵਿਰੋਧ ਹੈ। ਇਸੇ ਦੌਰਾਨ ਪਬਲਿਕ ਵਿਚੋਂ ਇੱਕ ਬੋਲਿਆ :

ਪੁਰਾਣੀ ਕਹਾਵਤ ਹੈ ਜੀ : ਕਾਬੇ ਕੇ ਠੁਕਰਾਏ ਹੁਏ ਮੈਅਖਾਨੇ ਮੇਂ ਨਾ ਜਾਏਂ ਤੋ ਕਹਾਂ ਜਾਏਂ।

ਨਵੀਂ ਕਹਾਵਤ ਹੈ ਜੀ : ਬਾਬਿਓ ਕੇ ਸਤਾਏ ਹੁਏ ਤਰਕਸ਼ੀਲੋ ਕੇ ਪਾਸ ਨਾ ਜਾਏਂ ਤੋ ਕਹਾਂ ਜਾਏਂ।

ਬਾਅਦ ਵਿੱਚ ਅਖੌਤੀ ਮਾਤਾ ਨੇ ਆਪਣੀ ਭਗਤਣੀ ਰਾਹੀਂ ਥਾਣੇ ਵਿਚ ਸ਼ਿਕਾਇਤ ਕੀਤੀ ਕੀ ਮੇਰੀ ਬੇ-ਇੱਜ਼ਤੀ ਹੋਈ ਹੈ, ਇਸ ਲਈ ਹੱਤਕ ਇੱਜ਼ਤ ਦਾ ਕੇਸ ਦਰਜ ਕੀਤਾ ਜਾਵੇ। ਥਾਣੇਦਾਰ ਨੇ ਭਗਤਣੀ ਨੂੰ ਭਜਾ ਦਿੱਤਾ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਖੌਤੀ ਮਾਤਾ ਦੀ ਸੱਸ ਨੇ 15 ਅਗਸਤ ਸ਼ਾਮ ਨੂੰ ਹੀ ਮਾਤਾ ਦਾ ਲਾਊਡ ਸਪੀਕਰ ਉਖਾੜ ਕੇ ਪਰ੍ਹੇ ਮਾਰਿਆ।

### ਜਦੋਂ ਜੋਤਿਸ਼ੀ ਆਪਣੀ ਦੁਕਾਨਦਾਰੀ ਬੰਦ ਕਰ ਗਿਆ....

ਆਪਣੇ ਆਪ ਨੂੰ ਸਮਰਾਟ ਜੋਤਿਸ਼ੀ ਦੱਸਣ ਵਾਲਾ ਇੱਕ ਪੰਡਿਤ ਜਿਸਨੇ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਪੱਟੀ ਦੇ ਮੁੱਖ ਗੇਟ ਦੇ ਬਿਲਕੁਲ ਸਾਹਮਣੇ ਆਪਣਾ ਗੋਰਖ ਧੰਦਾ ਖੋਲ੍ਹਿਆ ਹੋਇਆ ਸੀ। ਜੋ ਤਿੰਨ ਚਾਰ ਮਹੀਨੇ ਤੋਂ ਹਫ਼ਤੇ ਵਿੱਚ 2-3 ਵਾਰ ਸਾਰੀਆਂ ਅਖ਼ਬਾਰਾਂ ਵਿਚ ਆਪਣੀ ਮਸ਼ਹੂਰੀ ਦੇ ਇਸ਼ਤਿਹਾਰ ਦੇ ਕੇ ਆਪਣੀ ਦੁਕਾਨਦਾਰੀ ਚਮਕਾਉਣ ਲੱਗਾ ਹੋਇਆ ਸੀ। ਇੰਨਾ ਪ੍ਰਚਾਰ ਤਾਂ ਪੀ. ਟੀ. ਯੂ. ਪੰਜਾਬ ਟੈਕਨੀਕਲ ਯੂਨੀਵਰਸਿਟੀ ਵਾਲਿਆਂ ਨੇ ਵੀ ਨਹੀਂ ਕੀਤਾ ਹੋਣਾ ਜਿੰਨਾ ਜ਼ੋਰ ਇਸ ਪੰਡਿਤ ਨੇ ਇਸ਼ਤਿਹਾਰਾਂ ਰਾਹੀਂ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਨ ਵਾਸਤੇ ਲਾ ਦਿੱਤਾ। ਪਹਿਲਾਂ ਤਾਂ ਮੈਂ ਆਪਣੀ ਆਦਤ ਮੁਤਾਬਿਕ ਇਸ਼ਤਿਹਾਰਾਂ ਨੂੰ ਅਖ਼ਬਾਰਾਂ ਵਿਚੋਂ ਕੱਢ ਕੇ ਪੜ੍ਹਨ ਤੋਂ ਬਗੈਰ ਹੀ ਸੁੱਟ ਦੇਂਦਾ ਹਾਂ।

ਪਰ ਜਦ ਮੈਂ ਵੇਖਿਆ ਕਿ ਇਹ ਜੋਤਿਸ਼ ਕੇਂਦਰ ਦੇ ਇਸ਼ਤਿਹਾਰ ਹਫ਼ਤੇ ਵਿੱਚ ਹੀ 2-3 ਵਾਰ ਸਾਰੀਆਂ ਅਖ਼ਬਾਰਾਂ ਵਿੱਚ ਪਾਏ ਜਾਂਦੇ ਹਨ। ਤਾਂ ਮੈਂ ਉਸਨੂੰ ਆਪਣੇ ਫ਼ੋਨ ਤੋਂ ਨੰਬਰ ਮਿਲਾ ਕੇ ਕਿਹਾ ਪੰਡਿਤ ਜੀ ਤੁਸੀਂ ਜੋਤਿਸ਼ ਕੇਂਦਰ ਤੋਂ ਬੋਲ ਰਹੇ ਹੋ ਤਾਂ ਪੰਡਿਤ ਜੀ ਬੋਲੇ ਹਾਂ ਜੀ ਸੇਵਾ ਦੱਸੋ। ਉਸ ਪੰਡਿਤ ਨੂੰ ਤਾਂ ਇਹ ਸੀ ਕਿ ਸਵੇਰੇ ਸਵੇਰੇ ਇਸ਼ਤਿਹਾਰ ਪੜ੍ਹ ਕੇ ਕੋਈ ਸਾਮੀ ਫਸ ਗਈ। ਪਰ ਪੰਡਿਤ ਨੂੰ ਇਹ ਕੀ ਪਤਾ ਸੀ ਕਿ ਉਹ ਤਾਂ ਅੱਜ ਆਪ ਹੀ ਫਸ ਗਿਆ ਹੈ। ਮੈਂ ਉਸ ਨੂੰ ਕਿਹਾ ਪੰਡਿਤ ਜੀ ਮਹਾਰਾਜ ਤੁਸੀਂ ਆਪਣੇ ਇਸ਼ਤਿਹਾਰ ਉਪਰ ਬਹੁਤ ਕੁੱਝ ਲਿਖਿਆ ਹੋਇਆ ਹੈ। ਕੀ ਤੁਸੀਂ ਸਾਰਾ ਕਿਸਮਤ ਦਾ ਚੱਕਰ ਹੱਥ ਵੇਖ ਕੇ ਹੀ ਦੱਸ ਦੇਂਦੇ ਹੋ ਤਾਂ ਪੰਡਿਤ ਜੀ ਝੱਟ ਬੋਲੇ ਹਾਂ ਜੀ ਅਸੀਂ ਸਭ ਕੁੱਝ ਦੱਸ ਦੇਵਾਂਗੇ। ਤੁਹਾਡੇ ਹੱਥ ਅਤੇ ਮੱਥੇ ਦੀਆਂ ਲਕੀਰਾਂ ਵੇਖ ਕੇ ਤੁਹਾਡੀ ਜ਼ਿੰਦਗੀ ਬਾਰੇ, ਕੰਮ ਕਾਰ, ਵਪਾਰ, ਮੁਕੱਦਮੇ, ਬੱਚਿਆਂ ਦੇ ਪਾਸ-ਫੇਲ ਬਾਰੇ ਸਭ ਕੁੱਝ ਦੱਸ ਦੇਵਾਂਗੇ।

ਜਦ ਮੈਂ ਉਸ ਪੰਡਿਤ ਨੂੰ ਕਿਹਾ ਕਿ ਤੁਸੀਂ ਭੋਲੇ-ਭਾਲੇ ਲੋਕਾਂ ਨੂੰ ਬੁੱਧੂ ਬਣਾਉਣਾ ਕਦੋਂ ਬੰਦ ਕਰੋਗੇ ਤਾਂ ਉਸ ਪੰਡਿਤ ਨੇ ਕਿਹਾ ਕਿ ਤੁਸੀਂ ਕੀ ਬੋਲ ਰਹੇ ਹੋ। ਪੰਡਿਤ ਥੋੜ੍ਹਾ ਖਿਝ ਕੇ ਬੋਲਿਆ ਤੁਸੀਂ ਕੌਣ ਹੋ ਮੈਂ ਕਿਹਾ ਮੈਂ ਇੱਕ ਇਨਸਾਨ ਹਾਂ ਅਤੇ ਮੈਂ ਇਹ ਜਾਣਦਾ ਹਾਂ ਕਿ ਤੁਸੀਂ ਲੋਕਾਂ ਨੂੰ ਬੁੱਧੂ ਬਣਾ ਕੇ ਅਤੇ ਕਿਸਮਤ ਦੇ ਚੱਕਰਾਂ ਵਿਚ ਪਾ ਕੇ ਹੀ ਠੱਗ ਸਕਦੇ ਹੋ। ਉਹ ਵੀ ਭੋਲੇ-ਭਾਲੇ ਲੋਕਾਂ ਨੂੰ। ਮੈਂ ਉਸਨੂੰ ਆਪਣਾ ਪੂਰਾ ਨਾਮ ਅਤੇ ਪਤਾ ਦੱਸ ਦਿੱਤਾ ਤਾਂ ਪੰਡਿਤ ਨੇ ਫੋਨ ਬੰਦ ਕਰ ਦਿੱਤਾ। ਮੈਂ ਉਸੇ ਵੇਲੇ ਆਪਣੇ ਦੂਸਰੇ ਨੰਬਰ ਤੋਂ ਫੇਰ ਫ਼ੋਨ ਕਰ ਦਿੱਤਾ ਤੇ ਮੈਂ ਕਿਹਾ ਪੰਡਿਤ ਜੀ ਇਸ ਤਰ੍ਹਾਂ ਫ਼ੋਨ ਬੰਦ ਕਰਕੇ ਕੁੱਝ ਨਹੀਂ ਬਨਣਾ ਤੁਹਾਨੂੰ ਆਪਣਾ ਗੋਰਖ ਧੰਦਾ ਬੰਦ ਕਰਨਾ ਪਊ ਫਿਰ ਮੈਂ ਫ਼ੋਨ ਬੰਦ ਕਰ ਦਿੱਤਾ ਅਤੇ ਪੰਡਿਤ ਜੀ ਮੇਰੇ ਦੋਵਾਂ ਨੰਬਰਾਂ 'ਤੇ ਫ਼ੋਨ ਕਰਨ ਲੱਗੇ।ਮੈਂ ਜਾਣ ਬੁੱਝ ਕੇ ਉਨ੍ਹਾਂ ਨੂੰ ਕਾਲਰ ਟਿਊਨ ਸੁਨਾਉਣ ਵਾਸਤੇ ਫ਼ੋਨ ਨਾ ਚੁੱਕਿਆ। ਜਦੋਂ ਉਨ੍ਹਾਂ ਤੀਜੀ ਵਾਰ ਰਿੰਗ

ਕੀਤੀ ਤਾਂ ਮੈਂ ਪੰਡਿਤ ਜੀ ਨੂੰ ਕਿਹਾ ਕਿ ਮੈਂ ਤਾਂ ਤੁਹਾਡਾ ਫ਼ੋਨ ਜਾਣ ਬੁੱਝ ਕੇ ਹੀ ਨਹੀਂ ਚੁੱਕਿਆ। ਮੈਂ ਚਾਹੁੰਦਾ ਸੀ ਕਿ ਤੁਸੀਂ ਚੰਗੀ ਤਰ੍ਹਾਂ ਟਿਊਨਾਂ ਸੁਣ ਲਵੋ ਅਤੇ ਫਿਰ ਮੈਂ ਉਨ੍ਹਾਂ ਨੂੰ ਆਪਣਾ ਤੀਸਰਾ ਨੰਬਰ ਵੀ ਦੇ ਦਿੱਤਾ ਉਸ ਨੰਬਰ ਤੇ ਲੱਗੀ ਟਿਊਨ ਵੀ ਸੁਣ ਲਵੋ। ਮੇਰੇ ਤਿੰਨਾਂ ਨੰਬਰਾਂ ਤੇ ਤਰਕਸ਼ੀਲ ਐਡਵੋਕੇਟ ਹਰਿੰਦਰ ਲਾਲੀ ਜੀ ਦੀਆਂ ਟਿਊਨਾਂ ਲੱਗੀਆਂ ਹੋਈਆਂ ਹਨ। ਜੋ ਤਰਤੀਬ ਬਾਰ ਇਸ ਤਰ੍ਹਾਂ ਹਨ।

1. ਲੱਖ ਪਾਖੰਡੀ ਬਾਬੇ, 2. ਲੰਮੇ ਲੰਮੇ ਚੋਲੇ ਪਾ ਕੇ, 3. ਲਾਲੀ ਕਰੇ ਪੁਕਾਰਾਂ ਤਗੜੇ ਹੋ ਜਾਓ ਤਰਕਸ਼ੀਲੋ।

ਇਹ ਤਿੰਨੋ ਟਿਊਨਾਂ ਸੁਣਨ ਤੋਂ ਬਾਅਦ ਪੰਡਿਤ ਜੀ ਢਿੱਲੇ ਪੈ ਗਏ ਤੇ ਮੈਂ ਪੁੱਛਿਆ ਪੰਡਿਤ ਜੀ ਤੁਸੀਂ ਜ਼ਿਆਦਾ ਤਾਂ ਕੀ ਦੱਸਣਾ ਹੈ। ਇਹੋ ਹੀ ਦੱਸ ਦੇਵੋ ਕਿ ਗ੍ਰਹਿ ਕਿੰਨੇ ਹੁੰਦੇ ਹਨ ਤੇ ਕਿਹੜੇ-ਕਿਹੜੇ ਹਨ ਤਾਂ ਉੱਲੂ ਪੰਡਿਤ ਜੀ ਝੱਟ-ਪਟ ਬੋਲੇ ਨੌਂ ਗ੍ਰਹਿ ਹੁੰਦੇ ਹਨ ਮੈਂ ਕਿਹਾ ਹਾਂ ਠੀਕ ਨੌ ਹੀ ਹੁੰਦੇ ਹਨ ਪਰ ਦੱਸਣ ਦੀ ਖੇਚਲ ਕਰੋ ਅਤੇ ਗ੍ਰਹਿਆਂ ਦੇ ਨਾਮ ਦੱਸੋ ਤਾਂ ਪੰਡਿਤ ਜੀ ਝੱਟ ਕਹਿੰਦੇ ਕਿ ਚੰਦਰਮਾ, ਬੁੱਧ, ਰਾਹੂ, ਕੇਤੂ ਇਸ ਤੋਂ ਅੱਗੇ ਪੰਡਿਤ ਕੁੱਝ ਬੋਲੇ ਮੈਂ ਕਿਹਾ ਸ੍ਰੀ ਮਾਨ ਜੀ ਬਹੁਤ ਹੋ ਗਿਆ। ਚਾਰ ਵਿਚੋਂ ਤਿੰਨ ਗਲਤ ਹਨ। ਚੰਦਰਮਾ ਉਪਗ੍ਰਹਿ ਹੈ ਅਤੇ ਰਾਹੂ-ਕੇਤੂ ਤਾਂ ਕੁੱਝ ਵੀ ਨਹੀਂ ਹੈ। ਪਰ ਜਿਸ ਜਗ੍ਹਾ ਉੱਪਰ ਤੁਸੀਂ ਬੈਠ ਕੇ ਬੋਲ ਰਹੇ ਹੋ। ਇਹ ਤੁਹਾਡੀ ਮਾਂ ਜ਼ਰੂਰ ਗ੍ਰਹਿ ਹੈ ਜਿਸ ਗ੍ਰਹਿ ਨੂੰ ਧਰਤੀ ਕਹਿੰਦੇ ਹਨ ਅਤੇ ਚੰਦਰਮਾ ਧਰਤੀ ਦਾ ਉਪਗ੍ਰਹਿ ਹੈ।

ਉਸ ਦਿਨ ਤੋਂ ਅਗਲੇ ਦਿਨ ਜਦ ਮੈਂ ਘਰੋਂ ਦੁਕਾਨ ਤੇ ਆਉਂਦੇ ਸਮੇਂ ਉਸ ਰਸਤੇ ਵੱਲ ਦੀ ਆਇਆ ਤਾਂ ਪੰਡਿਤ ਜੀ ਆਪਣੀ ਦੁਕਾਨਦਾਰੀ ਬੰਦ ਕਰ ਗਏ ਸਨ। ਉਸ ਦਿਨ ਤੋਂ ਬਾਅਦ ਮੈਂ ਹਫ਼ਤੇ ਵਿਚ 2-3 ਵਾਰ ਉਪਰਲੇ ਰਸਤੇ ਵੱਲ ਪਾ ਕੇ ਦੁਕਾਨ ਤੇ ਆਉਣ ਲੱਗਾ। 2 ਮਹੀਨੇ ਪੂਰਾ ਟਾਈਮ ਬਦਲ-ਬਦਲ ਕੇ ਚੈਕ ਕੀਤਾ ਗਿਆ ਲਗਾਤਾਰ ਵਾਰ-ਵਾਰ ਚੈਕ ਕਰਨ ਤੇ ਦੁਕਾਨ ਬੰਦ ਪਾਈ ਗਈ।

*- ਸਵਰਨ ਸਿੰਘ ਭੁੱਲਰ ਪੱਟੀ, ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) (ਇਕਾਈ ਤਰਨਤਾਰਨ)*, ਫ਼ੋਨ ਨੰ : 99156-13498

## ਰੂਹ ਕੰਬਦੀ ਹੈ ! / *ਸੋਨੀ ਸਿੰਗਲਾ,* ਮੋਬਾ : 94653-84271

ਅੱਜ ਗਣਿਤ ਅਤੇ ਵਿਗਿਆਨ ਕਾਰਨ ਦੁਨੀਆ ਜਿਸ ਮੁਕਾਮ ਤੇ ਪਹੁੰਚੀ ਹੈ, ਸ਼ਾਇਦ ਪਿਛਲੇ 40 ਸਾਲ ਪਹਿਲਾਂ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ। ਅੱਜ ਪੱਛਮ ਦੇ ਦੇਸ਼ ਜਿਸ ਤਰ੍ਹਾ ਤਰੱਕੀ ਕਰ ਰਹੇ ਹਨ ਅਤੇ ਹਰ ਰੋਜ਼ ਬ੍ਰਹਿਮੰਡ ਦੀਆਂ ਪਰਤਾਂ ਲਾਹ ਰਹੇ ਹਨ ਉਸ ਵੇਲੇ ਅਸੀਂ ਭਾਰਤੀ ਸਿਰਫ ਬੈਠੇ ਹੀ ਝਾਕ ਰਹੇ ਹਾਂ। ਪ੍ਰੰਤੂ ਕੀ ਕਦੇ ਸੋਚਿਆ ਹੈ ਕਿ ਇਸਦਾ ਕੀ ਕਾਰਨ ਹੈ? ਯਾਦ ਕਰੋ ਇਕ ਸਮਾਂ ਸੀ ਜਦੋਂ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ ਅਤੇ 'ਰਾਜਾ ਭਰਤ' ਸ਼ੇਰਾਂ ਨਾਲ ਖੇਡਦਾ ਸੀ। ਭਾਰਤ ਦੀ ਸੰਸਕ੍ਰਿਤੀ ਅਤੇ ਵਿਗਿਆਨ ਦੂਰ-ਦੂਰ ਤੱਕ ਪ੍ਰਸਿੱਧ ਸਨ। ਕੋਲੰਬਸ ਦੇ ਸਮੇਂ ਭਾਰਤ ਨੂੰ ਜਾਣ ਦਾ ਸਮੁੰਦਰੀ ਰਸਤੇ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ ਸੀ, ਫੇਰ ਵੀ ਹਜ਼ਾਰਾਂ ਕਿਲੋਮੀਟਰ ਦੂਰ ਉਸਨੇ ਭਾਰਤ ਦਾ ਨਾਂ ਸੁਣ ਰੱਖਿਆ ਸੀ। ਭਾਰਤ ਦੇ ਦੁਨੀਆ ਭਰ ਵਿਚ ਮਸ਼ਹੂਰ ਵਿਸ਼ਵਵਿਦਿਆਲੇ ਤਕਸ਼ਿਲਾ ਅਤੇ ਨਾਲੰਦਾ ਵਿਚ ਦੁਨੀਆ ਭਰ ਦੇ ਵਿਦਿਆਰਥੀ ਪੜ੍ਹਦੇ ਸਨ। ਚੀਨੀ ਯਾਤਰੀ ਫਾਹੀਆਨ ਅਤੇ ਹਿਊਨਸਾਂਗ ਭਾਰਤ ਨੂੰ ਜਾਨਣ ਲਈ ਆਏ ਸਨ ਅਤੇ ਭਾਰਤੀ ਗ੍ਰੰਥਾਂ ਦਾ ਤਾਂ ਹੁਣ ਤੱਕ ਕੋਈ ਸੁਮੇਲ ਹੀ ਨਹੀਂ ਹੈ। ਭਾਰਤੀ ਜੋਤਿਸ਼, ਪੁਲਾੜ ਵਿਗਿਆਨ ਅਤੇ ਗਣਿਤ ਦੀਆਂ ਤਾਂ ਕੋਈ ਰੀਸਾਂ ਹੀ ਨਹੀਂ ਕਰ ਸਕਦਾ ਸੀ। ਅਸ਼ਵਨੀ ਕੁਮਾਰ, ਚਰਕ, ਭਾਰਦਵਾਜ, ਕਪਿਲ, ਪੰਤਜਲੀ, ਆਰੀਆ ਭੱਟ, ਬ੍ਰਹਿਮਗੁਪਤ ਅਤੇ ਹੋਰ ਸਾਰੇ ਪ੍ਰਾਚੀਨ ਭਾਰਤੀ ਵਿਗਿਆਨੀਆਂ ਦੇ ਲਿਖੇ ਗ੍ਰੰਥਾਂ ਦੀਆਂ ਕਈ ਗੱਲਾਂ ਅੱਜ ਦੇ ਵਿਗਿਆਨੀਆਂ ਦੇ ਸਮਝ ਵਿਚ ਨਹੀਂ ਆਉਂਦੀਆਂ। ਪ੍ਰੰਤੂ ਸਾਡਾ ਇਹ ਹਜ਼ਾਰਾਂ ਸਾਲਾਂ ਦਾ ਸੱਭਿਅਤਾ ਤੇ ਸੰਸਕ੍ਰਿਤੀ ਦਾ ਖਜ਼ਾਨਾ ਅਸੀਂ ਆਪ ਹੀ ਗਵਾ ਦਿੱਤਾ। ਪਹਿਲਾਂ ਅਰਬੀਆਂ ਤੇ ਫੇਰ ਯੂਨਾਨੀਆਂ ਦੇ ਹਮਲਿਆਂ ਵਿਚ ਅਸੀਂ ਆਪਦੇ ਲੱਖਾਂ ਗ੍ਰੰਥਾਂ ਨੂੰ ਗਵਾਇਆ ਅਤੇ ਜਿਹੜੇ ਥੋੜੇ-ਬਹੁਤ ਬਚੇ, ਉਹ ਵੀ ਇਕ ਸਾਜ਼ਿਸ਼ ਰਾਹੀ ਆਪਣੇ ਨਹੀਂ ਰਹੇ। ਅੱਜ ਪੱਛਮੀ ਵਿਗਿਆਨੀ ਅਤੇ ਗਣਿਤਕਾ ਦੇ ਜਿੰਨੇ ਵੀ ਸਿਧਾਂਤ ਪੜ੍ਹਾਏ ਜਾਂਦੇ ਹਨ ਉਸ ਵਿਚ ਅੱਧ ਕੁਝ ਆਪਣੇ ਹਨ। ਪੰਡਿਤ ਜਵਾਹਰ ਲਾਲ ਨਹਿਰੂ ਨੇ 'ਡਿਸਕਵਰੀ ਆਫ ਇੰਡੀਆ' ਵਿਚ ਲਿਖਿਆ ਹੈ ਕਿ ਕਿਸ ਤਰ੍ਹਾਂ ਪਾਇਥਾਗੋਰਸ ਭਾਰਤ ਆਇਆ ਸੀ ਅਤੇ ਆਪਣੇ ਨਾਲ ਗ੍ਰੰਥਾਂ ਨੂੰ ਲੈ ਗਿਆ ਸੀ। ਉਥੇ ਜਾ ਕੇ ਉਸਨੇ ਉਨ੍ਹਾਂ ਨੂੰ ਆਪਣੀ ਭਾਸ਼ਾ ਵਿਚ ਬਦਲਿਆ ਅਤੇ ਉਹੀ ਥਿਊਰਮ ਜੋ ਭਾਸਕਰ ਅਚਾਰੀਆ ਦੀ ਹਜ਼ਾਰਾਂ ਸਾਲ ਪਹਿਲਾਂ ਕੱਢੀ ਹੋਈ ਹੈ ਅੱਜ ਸਾਡੀਆਂ ਕਿਤਾਬਾਂ ਵਿਚ ਵੀ ਪਾਇਥਾਗੋਰਸ ਦੇ ਨਾਂ ਤੇ ਪੜ੍ਹਾਈ ਜਾਂਦੀ ਹੈ। ਵਿਗਿਆਨਿਕ ਕਿਤਾਬਾਂ ਲਿਖਣ ਵਾਲੇ ਮਹਾਨ ਲੇਖਕ ਗੁਨਾਕਰ ਮੂਲੇ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਕਿਵੇਂ ਪਹਿਲਾਂ ਰਿਸ਼ੀ ਕਨਾਡ ਨੇ ਪ੍ਰਮਾਣੂ ਦੀ ਖੋਜ ਕੀਤੀ ਪ੍ਰੰਤੂ ਅੱਜ ਅਸੀਂ ਡਾਲਟਨ ਦੇ ਨਾਂ ਤੇ ਪੜ੍ਹਦੇ ਹਾਂ, ਸਾਡੀ ਦਸ਼ਮਲਵ ਪ੍ਰਣਾਲੀ ਅਤੇ ਸੂਰਜ ਦੁਆਲੇ ਧਰਤੀ ਦਾ ਘੁੰਮਣਾ ਆਰੀਆ ਭੱਟ ਨੇ ਦੱਸਿਆ ਪਰ ਫੇਰ ਵੀ ਕਾਪਰਨਿਕਸ ਦੇ ਨਾਂ ਉਤੇ ਪੜ੍ਹਾਇਆ ਜਾਂਦਾ ਹੈ। ਭਾਸ਼ਕਰ ਅਚਾਰਿਆ ਨੇ ਨਿਊਟਨ ਤੋਂ 500 ਸਾਲ ਪਹਿਲਾਂ ਗੁਰੂਤਾ ਆਕਰਸ਼ਣ ਬਾਰੇ ਦੱਸ ਦਿੱਤਾ ਸੀ ਫੇਰ ਵੀ ਅਸੀਂ ਉਸਨੂੰ ਨਿਊਟਨ ਦੇ ਨਾਂ ਉਤੇ ਪੜ੍ਹਦੇ ਹਾਂ, ਤਾਂ ਹੀ ਤਾਂ ਮੈਂ ਲਿਖਿਆ ਸੀ ਕਿ ਆਪਣੇ ਗ੍ਰੰਥ ਵੀ ਆਪਣੇ ਨਹੀਂ ਰਹੇ। ਮੈਥ ਵਿਚ ਵਰਤਿਆ ਜਾਣ ਵਾਲਾ ਸ਼ਬਦ Sine ਵੀ ਸੰਸਕ੍ਰਿਤ ਦੇ ਸ਼ਬਦ ਤੋਂ ਲਿਆ ਗਿਆ ਅਤੇ ਪਾਈ ਦੀ ਖੋਜ ਵੀ ਆਰੀਆ ਭੱਟ ਨੇ ਹੀ ਕੀਤੀ। ਪ੍ਰੰਤੂ ਇਸਦਾ ਸਿਹਰਾ ਵੀ ਪਾਇਥਾਗੋਰਸ ਨੂੰ ਹੀ ਜਾਂਦਾ ਹੈ। ਭਾਸਕਰ ਨੇ ਆਪਣੇ ਗ੍ਰੰਥਾਂ ਵਿਚ ਦਸ ਦੀ ਘਾਤ 50 ਤੱਕ ਦੇ ਮੁੱਲਾਂ ਦੇ ਨਾਂ ਦਿੱਤੇ ਹੋਏ ਹਨ ਪ੍ਰੰਤੂ ਪੱਛਮੀ ਵਿਗਿਆਨ ਅੱਜ ਤੱਕ ਮੈਗਾ, ਗੀਗਾ ਉਤੇ ਹੀ ਫਿਰਦਾ ਹੈ। ਅਜਿਹਾ ਹੋਰ ਬਹੁਤ ਕੁਝ ਹੈ ਜੋ ਸਾਡਾ ਹੈ ਪ੍ਰੰਤੂ ਅਸੀਂ ਆਪ ਹੀ ਪੱਛਮ ਦੇ ਨਾਂ ਉਤੇ ਪੜ੍ਹਦੇ ਹਾਂ। ਕੀ ਤੁਹਾਡਾ ਦਿਲ ਨਹੀਂ ਦੁਖਦਾ ਇਹ ਗੱਲਾਂ ਸੋਚ ਕੇ? ਕੀ ਤੁਹਾਡੀ ਰੂਹ ਨਹੀਂ ਕੰਬਦੀ? ਕੀ ਤੁਹਾਨੂੰ ਨਹੀਂ ਲੱਗਦਾ ਕਿ ਕਿਸੇ ਨਾ ਕਿਸੇ ਢੰਗ ਨਾਲ ਅਸੀਂ ਅੱਜ ਵੀ ਗੁਲਾਮ ਹਾਂ?

ਇਹ ਹਰ ਭਾਰਤੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਸੰਸਕ੍ਰਿਤੀ ਅਤੇ ਸੱਭਿਅਤਾ ਨੂੰ ਜਾਣੇ ਅਤੇ ਉਸ ਉਤੇ ਮਾਨ ਕਰੇ। ਪਤਾ ਨਹੀਂ ਕਿਉਂ ਭਾਰਤ ਸਰਕਾਰ ਆਪਣੇ ਇਨ੍ਹਾਂ ਹੱਕਾਂ ਲਈ ਪੱਛਮ ਦੀ ਵਿਰੋਧਤਾ ਨਹੀਂ ਕਰਦੀ? ਪਤਾ ਨਹੀਂ ਕਿਉਂ ਚੰਗੇ ਚੰਗੇ ਵਿਗਿਆਨੀਆਂ ਨੂੰ ਇਹ ਨਹੀਂ ਦਿਸਦਾ? ਜੇਕਰ ਮੇਰੇ ਬਸ ਵਿਚ ਹੁੰਦਾ ਤਾਂ ਮੈਂ ਆਪਣੇ ਇਨ੍ਹਾਂ ਹੱਕਾਂ ਲਈ ਪੱਛਮ ਨਾਲ ਲੜਦਾ ਅਤੇ ਆਪਣੀਆਂ ਪਾਠ ਪੁਸਤਕਾਂ ਵਿਚ ਨਿਊਟਨ, ਗੈਲੀਲੀਉ, ਦੀ ਜਗ੍ਹਾ ਆਪਣੇ ਵਿਗਿਆਨੀਆਂ ਦੇ ਨਾਂ ਪੜ੍ਹਦਾ। ਪਰ ਮੈਨੂੰ ਉਮੀਦ ਹੈ ਕਿ ਉਹ ਦਿਨ ਵੀ ਆਵੇਗਾ ਜਿਸ ਦਿਨ ਮੇਰਾ ਭਾਰਤ ਫੇਰ ਦੁਨੀਆਂ ਦਾ ਕੇਂਦਰ ਬਣੇਗਾ।

## ਦੇਸ਼ ਵਿੱਚ ਵਧ ਰਿਹਾ ਹੈ ਡੇਰਾਵਾਦ

# ਢੌਂਗੀ, ਪਾਖੰਡੀ ਅਤੇ ਅਖੌਤੀ ਬਾਬਿਆਂ ਤੋਂ ਸਾਵਧਾਨ ਰਹਿਣ ਦੀ ਲੋੜ

ਭਾਰਤ ਦੇਸ਼ ਇਕ ਬਹੁ-ਧਰਮੀ ਦੇਸ਼ ਹੈ ਇੱਥੇ ਹਰ ਨਾਗਰਿਕ ਨੂੰ ਆਪਣੇ ਧਰਮ ਨੂੰ ਮੰਨਣ ਦੀ ਪੂਰੀ ਪੂਰੀ ਅਜ਼ਾਦੀ ਹੈ, ਪਰ ਧਰਮ ਦੀ ਆੜ ਵਿੱਚ ਅਖੌਤੀ ਅਤੇ ਪਾਖੰਡੀ ਬਾਬਿਆਂ ਨੇ ਥਾਂ ਬਣਾ ਲਈ ਹੈ। ਇਹ ਢੌਂਗੀ ਬਾਬੇ ਆਪਣੇ ਬਹੁਰੂਪੀਆ ਜੀਵਨ ਦੀ ਸ਼ੁਰੂਆਤ ਆਮ ਤੌਰ ਤੇ ਪਿੰਡ ਦੀਆਂ ਸਮਾਧਾਂ, ਮਟੀਆਂ, ਕੁਟੀਆਂ ਜਾਂ ਸ਼ਮਸ਼ਾਨ ਘਾਟਾਂ ਦੇ ਨੇੜੇ ਤੇੜੇ ਤੋਂ ਕਰਦੇ ਹਨ ਇਹ ਪਖੰਡੀ ਬਾਬੇ ਆਪਣੇ ਆਪ ਵਿਚ ਬਹੁਤ ਹੀ ਗ਼ਰੀਬ ਅਤੇ ਰੱਬ ਦੀ ਭਗਤੀ ਵਿਚ ਮਸਤ ਹੋਣ ਦੇ ਡਰਾਮੇ ਕਰਨ ਤੋਂ ਇਲਾਵਾ ਬਹੁਤ ਸਾਦੇ ਸੁਭਾਅ ਹੋਣ ਦਾ ਭਰਮ ਲੋਕਾਂ ਵਿੱਚ ਪੈਦਾ ਕਰ ਲੈਂਦੇ ਹਨ। ਹੌਲੀ-ਹੌਲੀ ਇਨ੍ਹਾਂ ਦੀ ਮਾਨਤਾ ਵੀ ਵਧ ਜਾਂਦੀ ਹੈ। ਪਿੰਡਾਂ ਵਿੱਚੋਂ ਸੰਗਤਾਂ ਦੇ ਰੂਪ ਵਿੱਚ ਪਹਿਲਾਂ ਔਰਤਾਂ ਤੋਂ ਹੀ ਸ਼ੁਰੂਆਤ ਹੁੰਦੀ ਹੈ। ਬੇ-ਔਲਾਦ ਨੂੰ ਸੰਤਾਨ ਦਾ ਸੁੱਖ, ਘਰ ਦੇ ਕਲੇਸ਼ ਨੂੰ ਖ਼ਤਮ ਕਰਨ ਦਾ ਬਾਬੇ ਪ੍ਰਵਚਨ ਕਰਦੇ ਹਨ ਇਹ ਜਵਾਨ ਬੀਬੀਆਂ ਤੋਂ ਆਪਣੇ ਡੇਰੇ ਤੇ ਪੂਰੀ-ਪੂਰੀ ਰਾਤ ਚੌਂਕੀਆਂ ਭਰਾਉਣ ਲੱਗਦੇ ਹਨ।

ਫਿਰ ਵਾਰੀ ਆਉਂਦੀ ਹੈ ਨਸ਼ਾ ਮੁਕਤੀ ਦੀ, ਆਪਣੇ ਪਤੀ ਦੇ ਨਸ਼ੇ ਤੋਂ ਦੁਖੀ ਹੋਈਆਂ ਇਹ ਅੰਧ-ਵਿਸ਼ਵਾਸੀ ਬੀਬੀਆਂ ਬਾਬਿਆਂ ਦੇ ਚਰਨੀਂ ਲੱਗਦੀਆਂ ਹਨ, ਕਿਉਂਕਿ ਅੱਜ ਕੱਲ੍ਹ ਸ਼ਾਇਦ ਹੀ ਪੰਜਾਬ ਦਾ ਐਸਾ ਕੋਈ ਘਰ ਹੋਵੇ ਜਿਥੇ ਗ਼ਰੀਬੀ ਜਾਂ ਨਸ਼ੇ ਕਾਰਨ ਕਲੇਸ਼ ਨਹੀਂ ਹੁੰਦਾ ਤੇ ਇਨ੍ਹਾਂ ਗੱਲਾਂ ਦਾ ਇਹ ਅਖੌਤੀ ਬਾਬੇ ਫ਼ਾਇਦਾ ਉਠਾਉਂਦੇ ਹਨ। ਬੱਸ ਫਿਰ ਸ਼ੁਰੂ ਹੋ ਜਾਂਦੀ ਹੈ ਬਾਬੇ ਦੀ ਮਾਨਤਾ ਦੀ ਭੇਡਚਾਲ। ਫਿਰ ਕੀ ਨਿਆਣੇ, ਕੀ ਸਿਆਣੇ ਸਭ ਬਾਬੇ ਦੇ ਸ਼ਰਧਾਲੂ ਬਣ ਜਾਂਦੇ ਹਨ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਅਨਪੜ੍ਹ ਲੋਕਾਂ ਦੇ ਨਾਲ-ਨਾਲ ਪੜ੍ਹੇ-ਲਿਖੇ ਉੱਚੇ ਅਹੁਦਿਆਂ ਤੇ ਬਿਰਾਜਮਾਨ ਲੋਕ ਵੀ ਬਾਬਿਆਂ ਦੇ ਅੱਗੇ ਨੱਕ ਰਗੜਦੇ ਹਨ ਹੁਣ ਬਾਬੇ ਦੀ ਸਮਝੋਂ ਆਪਣੀ ਗ਼ਰੀਬੀ ਦੂਰ ਹੋ ਜਾਂਦੀ ਹੈ। ਸਿੱਧੇ ਸਾਧੇ ਤੇ ਸ਼ਰੀਫ਼ ਦਿਖਣ ਵਾਲੇ ਬਾਬੇ ਦੇ ਤੇਵਰ ਬਦਲਣ ਲੱਗਦੇ ਹਨ। ਰਹਿੰਦੀ ਕਸਰ ਸਾਡੇ ਨੇਤਾ ਪੂਰੀ ਕਰ ਦਿੰਦੇ ਹਨ।

ਜਦੋਂ ਉਹ ਆਪਣੀ ਜਿੱਤ ਨੂੰ ਯਕੀਨੀ ਬਣਾਉਣ ਲਈ ਬਾਬੇ ਦੇ ਡੇਰੇ ਜਾ ਕੇ ਉਨ੍ਹਾਂ ਦੇ ਗੋਡੀਂ ਹੱਥ ਲਾਉਂਦੇ ਹਨ ਬੱਸ ਫਿਰ ਬਾਬੇ ਦੀ ਬੱਲੇ-ਬੱਲੇ ਹੋ ਜਾਂਦੀ ਹੈ ਅਤੇ ਉਲਟਾ ਬਾਬੇ ਨੇਤਾਵਾਂ ਨੂੰ ਜਿੱਤਣ ਦਾ ਆਸ਼ੀਰਵਾਦ ਦੇਣਾ ਸ਼ੁਰੂ ਕਰ ਦਿੰਦੇ ਹਨ ਤੇ ਬਦਲੇ ਵਿੱਚ ਨੇਤਾ ਲੋਕ ਬਾਬੇ ਤੇ ਮਾਇਆ ਦੀ ਬਰਸਾਤ ਕਰ ਦਿੰਦੇ ਹਨ ਤੇ ਬਾਬਾ ਜੀ ਉਨ੍ਹਾਂ ਦੇ ਹੱਕ ਵਿੱਚ ਆਪਣੇ ਚੇਲਿਆਂ ਦੇ ਵਿਸ਼ੇਸ਼ ਵਰਗ ਨੂੰ ਭੁਗਤਣ ਦਾ ਫਰਮਾਨ ਜਾਰੀ ਕਰਦੇ ਹਨ।

ਬੱਸ ਫਿਰ ਬਾਬੇ ਦੀ ਸਰਕਾਰੀ ਦਰਬਾਰੇ ਚੌਧਰ ਸ਼ੁਰੂ ਹੋ ਜਾਂਦੀ ਹੈ, ਹੁਣ ਬਾਬਾ ਜੀ ਸਾਰੇ ਫ਼ੈਸਲੇ ਆਪਣੇ ਹੱਥ ਵਿੱਚ ਲੈ ਲੈਂਦਾ ਹੈ, ਕੁਦਰਤੀ ਵੀ ਤੇ ਸਰਕਾਰੀ ਵੀ। ਸਾਊ ਸੁਭਾਅ ਦਾ ਮਾਲਕ ਦਿਸਣ ਵਾਲਾ ਬਾਬਾ ਹੁਣ ਹਿੰਸਕ ਵੀ ਹੋ ਜਾਂਦਾ ਹੈ ਤੇ ਭੋਲੇ-ਭਾਲੇ ਲੋਕ ਸਮਝਦੇ ਹਨ ਕਿ ਇਹ ਤਾਂ ਬਾਬਾ ਜੀ ਕਿਸੇ ਦੇਵੀ ਸ਼ਕਤੀ ਦਾ ਮਾਲਕ ਹੈ, ਉਸ ਸਮੇਂ ਰਾਜਸੀ ਸ਼ਕਤੀ ਦੇ ਮਾਲਕ ਬਾਬੇ ਦੀ ਸ਼ਕਤੀ ਵਿੱਚ ਹੋਰ ਵੀ ਵਾਧਾ ਕਰ ਦਿੰਦੇ ਹਨ। ਜਦੋਂ ਕੁਝ ਆਪਣੇ ਧਰਮ ਵਿੱਚ ਪੱਕਾ ਵਿਸ਼ਵਾਸ ਰੱਖਣ ਵਾਲੇ ਲੋਕ ਵੀ ਅਖੌਤੀ ਬਾਬੇ ਨਾਲ ਜੁੜ ਜਾਂਦੇ ਹਨ।

ਸ਼ਾਇਦ ਇਹੋ ਅਜਿਹੇ ਬਾਬੇ ਧਾਰਮਿਕ ਸਥਾਨਾਂ ਦੀ ਵੀ ਪ੍ਰਵਾਹ ਨਹੀਂ ਕਰਦੇ। ਮੈਨੂੰ ਅਜਿਹੇ ਲੋਕਾਂ ਨੂੰ ਇੱਧਰ-ਉੱਧਰ ਅਖੌਤੀ ਬਾਬਿਆਂ ਦੇ ਡੇਰਿਆਂ ਤੇ ਨੱਕ ਰਗੜਦੇ ਦੇਖ ਕੇ ਹੈਰਾਨੀ ਘੱਟ ਦੁੱਖ ਵੱਧ ਲੱਗਦਾ ਹੈ ਕਿ ਇਹ ਸਮਝਦਾਰ ਲੋਕ ਵੀ ਕਿਹੜੇ ਰਾਹ ਤੁਰੇ



ਹਨ। ਇਨ੍ਹਾਂ ਬਾਬਿਆਂ ਦੇ ਡੇਰਿਆਂ ਵਿੱਚ ਬਾਬਾ ਆਪਣੇ ਆਪ ਨੂੰ ਸ਼ਕਤੀਸ਼ਾਲੀ ਸਮਝਦਾ ਹੈ ਅਤੇ ਸਾਰੀ ਲੁਕਾਈ ਦੇ ਕਸ਼ਟ ਨਿਵਾਰਨ ਦਾ ਢੌਂਗ ਕਰਦਾ ਹੈ। ਫਿਰ ਬਾਬੇ ਕੋਲ ਹਥਿਆਰ ਤੇ ਲਗਜ਼ਰੀ ਗੱਡੀਆਂ ਦੀ ਘਾਟ ਨਹੀਂ ਰਹਿੰਦੀ। ਕਿਸੇ ਦੀ ਕੀ ਹਿੰਮਤ ਹੈ ਕਿ ਬਾਬੇ ਨੂੰ ਸਵਾਲ ਕਰੇ ਜਾਂ ਪੁੱਛੇ। ਬੱਸ ਫਿਰ ਹੁੰਦੀ ਹੈ ਬਾਬਿਆਂ ਦੇ ਅਪਰਾਧਿਕ ਜੀਵਨ ਦੀ ਸ਼ੁਰੂਆਤ। ਅਪਰਾਧ ਫਿਰ ਬਾਬਾ ਕੋਈ ਛੋਟਾ ਮੋਟਾ ਵੀ ਨਹੀਂ ਕਰਦਾ ਕਤਲ, ਬਲਾਤਕਾਰ, ਚੜ੍ਹਾਵੇ ਦੇ ਪੈਸੇ ਦਾ ਗ਼ਲਤ ਇਸਤੇਮਾਲ ਕਰਨਾ ਉਸ ਲਈ ਕੋਈ ਵੱਡੀ ਗੱਲ ਨਹੀਂ ਰਹਿ ਜਾਂਦੀ। ਹੁਣ ਆਲੀਸ਼ਾਨ ਬਣਾਏ ਡੇਰੇ ਵਿੱਚ ਇੱਕ ਪਾਸੇ ਆਪਣੇ ਖਾਸ ਸ਼ਰਧਾਲੂਆਂ ਲਈ ਵਧੀਆ ਤੇ ਮਹਿੰਗੇ ਨਸ਼ੇ ਮੁਫ਼ਤ ਵਿੱਚ ਪ੍ਰਸ਼ਾਦ ਦੇ ਤੌਰ ਤੇ ਵੰਡਦਾ ਹੈ ਤਾਂ ਕਿ ਉਸਦੀਆਂ ਕਾਲੀਆਂ ਕਰਤੂਤਾਂ ਵਿੱਚ ਉਸਦੇ ਚੇਲੇ ਚਪਟੇ ਉਸਦਾ ਇਮਾਨਦਾਰੀ ਨਾਲ ਸਹਿਯੋਗ ਕਰਨ ਤੇ ਆਮ ਅੰਧਵਿਸ਼ਵਾਸੀ ਲੋਕਾਂ ਦਾ ਮੂੰਹ ਬੰਦ ਕਰਨ ਵਿਚ ਵੀ ਸਹਾਈ ਹੋਣ। ਪੈਸਾ ਤੇ ਸ਼ੋਹਰਤ ਕਿਸੇ ਦਾ ਵੀ ਦਿਮਾਗ਼ ਖ਼ਰਾਬ ਕਰ ਦਿੰਦੀ ਹੈ ਤੇ ਢੌਂਗੀ ਬਾਬਾ ਆਪ ਗ਼ਰੀਬੀ ਵਿੱਚੋਂ ਉਠ ਕੇ ਸੰਗਤ ਦੇ ਚੜ੍ਹਾਵੇ ਨਾਲ ਅਮੀਰ ਬਣਿਆ ਹੁੰਦਾ ਹੈ ਪਰ ਜੇਕਰ ਕਈ ਵਾਰ ਬਾਬੇ ਦੀਆਂ ਕਰਤੂਤਾਂ ਦਾ ਵਿਰੋਧ ਭਾਵ ਪੂਰੇ ਪਿੰਡ ਪੱਧਰ ਤੇ ਪੈ ਜਾਵੇ ਤਾਂ ਵੀ ਜਿੱਤ ਬਾਬੇ ਦੀ ਹੀ ਹੁੰਦੀ ਹੈ ਕਿਉਂਕਿ ਹੁਣ ਉਹ ਗ਼ਰੀਬ ਨਹੀਂ। ਉਸ ਕੋਲ ਪੈਸਾ ਹੈ ਰਾਜਸੀ ਲੋਕਾਂ ਦਾ ਹੱਥ ਉਸਦੇ ਸਿਰ 'ਤੇ ਹੈ, ਉਹ ਆਧੁਨਿਕ ਹਥਿਆਰਾਂ ਦਾ ਮਾਲਕ ਹੋ ਚੁੱਕਾ ਹੁੰਦਾ ਹੈ ਤਾਂ ਉਹ ਪਿੰਡ ਤਾਂ ਕੀ ਸਿੱਧੀ ਸਰਕਾਰ ਨਾਲ ਟੱਕਰ ਲੈਣ ਦੀ ਜੁਰਤ ਵੀ ਕਰ ਲੈਂਦਾ ਹੈ। ਉਹ ਅਦਾਲਤਾਂ ਦੇ ਕੇਸਾਂ ਦੀ ਵੀ ਪ੍ਰਵਾਹ ਨਹੀਂ ਕਰਦਾ।

ਇਹ ਹੀ ਕਾਰਨ ਹੈ ਕਿ ਡਾਕਟਰੀ ਦਾ ਧੰਦਾ ਕਰਨ ਵਾਲਾ ਡਾ. ਅਸ਼ੋਕ ਜਨੇਜਾ ਆਪਣਾ ਡਾਕਟਰੀ ਦਾ ਧੰਦਾ ਛੱਡ ਕੇ ਪਹਿਲਾਂ ਬਾਬਾ ਬਣਿਆਂ ਕੁਝ ਚੇਲੇ ਚਪਟੇ ਤਿਆਰ ਕੀਤੇ ਫਿਰ ਭੋਲੇ ਭਾਲੇ ਲੋਕਾਂ ਨੂੰ ਬੇਵਕੂਫ਼ ਬਣਾ ਕੇ ਅਨਪੜ੍ਹ ਅਤੇ ਗ਼ਰੀਬ ਤਪਕੇ ਨੂੰ ਮਾਤਾ ਦਾ ਚਮਤਕਾਰ ਅਤੇ ਆਪਣੇ ਆਪ ਨੂੰ ਮਾਤਾ ਦਾ ਅਵਤਾਰ ਦੱਸਦਾ ਹੈ ਅਤੇ ਭਾਰਤ ਦੇ ਕਈ ਰਾਜਾਂ ਤੋਂ 1500 ਕਰੋੜ ਰੁਪਏ ਇਕੱਠੇ ਕਰਕੇ ਰਫੂ ਚੱਕਰ ਹੋਣ ਹੀ ਵਾਲਾ ਸੀ ਪਰ ਉਹ ਪੁਲਿਸ ਦੇ ਅੜਿੱਕੇ ਆ ਗਿਆ। ਇਸ ਕਾਲੇ ਧੰਦੇ ਵਿਚ ਉਸਦੀ ਪਤਨੀ ਵੀ ਉਸਦਾ ਸਾਥ ਦਿੰਦੀ ਸੀ, ਉਸਨੂੰ ਪਤਾ ਹੈ ਕਿ ਅਦਾਲਤ ਵੀ ਉਸਦਾ ਕੁਝ ਵਿਗਾੜ ਨਹੀਂ ਸਕਦੀ। ਗਵਾਹੀ ਕੌਣ ਦੇਵੇਗਾ, ਸਬੂਤ ਕੌਣ ਪੇਸ਼ ਕਰੇਗਾ। ਜੇਕਰ ਹਿੰਮਤ ਵੀ ਕਰੇਗਾ ਤਾਂ ਉਸਦੇ ਚੇਲੇ ਚਪਟੇ ਕਦੋਂ ਕੰਮ ਆਉਣਗੇ। ਇਸ ਤਰ੍ਹਾਂ ਸਮਾਜ ਵਿਚ ਚਰਚਾ ਦਾ ਵਿਸ਼ਾ ਬਣੇ ਪੰਜਾਬ ਅਤੇ ਹੋਰ ਸੂਬਿਆਂ ਵਿੱਚ ਹਜ਼ਾਰਾਂ ਹੀ ਅਖੌਤੀ ਬਾਬੇ ਹਨ, ਜਿਨ੍ਹਾਂ ਕਾਰਨ ਜਿੱਥੇ ਸਮਾਜ ਪੰਜਾਬ ਅਤੇ ਦੇਸ਼ ਦਾ ਮਾਹੌਲ ਖ਼ਰਾਬ ਹੁੰਦਾ ਹੈ। ਇਨ੍ਹਾਂ ਉੱਤੇ ਆਪਣੇ ਸੇਵਾਦਾਰਾਂ ਦੇ ਕਤਲ, ਆਰਥਿਕ ਅਤੇ ਸਰੀਰਕ ਸ਼ੋਸਣ ਤੇ ਕੇਸ ਅਦਾਲਤਾਂ ਵਿੱਚ ਵੀ ਚੱਲ ਰਹੇ ਹੁੰਦੇ ਹਨ ਹੋਰ ਕਿੰਨੀਆਂ ਕੁ ਐਸੀਆਂ ਘਟਨਾਵਾਂ ਹਨ, ਜਿਨ੍ਹਾਂ ਦਾ ਕੋਈ ਸਬੂਤ ਹੀ ਨਹੀਂ, ਕੋਈ ਗਵਾਹ ਨਹੀਂ। ਜਿਸ ਕਾਰਨ ਅਖੌਤੀ ਬਾਬਿਆਂ ਦੀਆਂ ਘਨੌਣੀਆਂ ਤੇ ਕਾਲੀਆਂ ਕਰਤੂਤਾਂ ਦਾ ਆਮ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ।

ਇਨ੍ਹਾਂ ਅਖੌਤੀ ਬਾਬਿਆਂ ਦੀਆਂ ਗ਼ਲਤ ਕਾਰਵਾਈਆਂ ਦਾ ਸ਼ਿਕਾਰ ਹੋਣ ਤੋਂ ਬਚਿਆ ਜਾਵੇ। ਜਦੋਂ ਆਮ ਜਨਤਾ ਇਨ੍ਹਾਂ ਦੇ ਡੇਰਿਆਂ ਵੱਲ ਮੂੰਹ ਕਰਦੀ ਹੈ ਤਾਂ ਬਾਬਿਆਂ ਦਾ ਹੌਂਸਲਾ ਬੁਲੰਦ ਹੋ ਜਾਂਦਾ ਹੈ। ਮੈਂ ਸਮਾਜ ਦੇ ਆਮ ਲੋਕਾਂ ਨੂੰ ਅਤੇ ਖਾਸ ਕਰਕੇ ਔਰਤਾਂ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਇਨ੍ਹਾਂ ਅਖੌਤੀ ਬਾਬਿਆਂ ਦੇ ਡੇਰੇ ਤੇ ਨਾ ਜਾਣ। ਅਖ਼ੀਰ ਵਿੱਚ ਮੈਂ ਇਨ੍ਹਾਂ ਪਾਖੰਡੀਆਂ ਅਖੌਤੀਆਂ ਪੁੱਛਾਂ ਦੇਣ ਵਾਲੇ ਬਾਬਿਆਂ ਨੂੰ ਜੋਤਸ਼ੀਆਂ ਨੂੰ, ਤਾਂਤਰਿਕਾਂ ਨੂੰ ਅਤੇ ਗੈਬੀ ਸ਼ਕਤੀ ਦੇ ਮਾਲਕਾਂ ਨੂੰ ਖੁੱਲ੍ਹਾ ਚੈਲੰਜ ਕਰਦਾ ਹਾਂ ਕਿ ਸੁਸਾਇਟੀ ਦੀਆਂ ਸ਼ਰਤਾਂ ਅਨੁਸਾਰ ਕੋਈ ਵੀ ਪਾਖੰਡੀ ਬਾਬਾ ਸਾਡੀਆਂ 23 ਸ਼ਰਤਾਂ ਵਿੱਚੋਂ ਕਿਸੇ ਇੱਕ ਵੀ ਜਵਾਬ ਦੇ ਦੇਵੇ ਤਾਂ ਤਰਕਸ਼ੀਲ ਸੁਸਾਇਟੀ ਭਾਰਤ ਉਸ ਪਾਖੰਡੀ ਸਾਧ ਨੂੰ ਇੱਕ ਕਰੋੜ ਰੁਪਏ ਦਾ ਨਗਦ ਇਨਾਮ ਦੇਵੇਗੀ।

**– ਪ੍ਰੇਮਜੀਤ ਸਿੰਘ ਬਰਾੜ**
ਚੱਕ ਕਲਿਆਣ
ਪ੍ਰਧਾਨ ਤਰਕਸ਼ੀਲ ਸੁਸਾਇਟੀ ਭਾਰਤ ਰਜਿ.
ਜ਼ਿਲ੍ਹਾ : ਮੁਕਤਸਰ
ਮੋਬਾ : 98785-78450

ਗਿਆਨ ਦਾ ਖ਼ਜ਼ਾਨਾ **ਵਿਗਿਆਨ ਜੋਤ**

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/- ✪ ਦੋ ਸਾਲ ਲਈ 150/- ✪ ਉਮਰ ਭਰ (15 ਸਾਲ ਲਈ) 1000/-



ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

ਪਤਾ: ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101
Email : tarksheel@yahoo.com Web site : www.tarksheel.com

# ਯਾਦਾਂ ਦੇ ਝਰੋਖੇ 'ਚੋਂ.....

## ✪ ਲੈਟਰ ਬਾਕਸ ਦੇਵਤਾ

ਅੱਜ ਮੈਂ ਟੀ. ਵੀ. ਤੇ ਦੇਖ ਰਿਹਾ ਸਾਂ ਕਿ ਕਿਵੇਂ ਮੱਧ ਪ੍ਰਦੇਸ਼ ਦੇ ਇੱਕ ਸ਼ਹਿਰ ਹੋਸ਼ੰਗਾਬਾਦ ਵਿਖੇ ਇਕ ਲੈਟਰ ਬਾਕਸ ਵਿਚੋਂ ਪਾਣੀ ਹੀ ਨਿਕਲਣ ਲੱਗ ਪਿਆ। ਅੰਧ ਵਿਸ਼ਵਾਸੀ ਸ਼ਰਧਾਲੂਆਂ ਦੀ ਵੱਡੀ ਭੀੜ ਉੱਥੇ ਇਕੱਠੀ ਹੋ ਗਈ। ਕੁਝ ਵਿਅਕਤੀਆਂ ਨੇ ਲੈਟਰ ਬਾਕਸ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਕੁਝ ਨੇ ਗੇਂਦੇ ਦੇ ਫੁੱਲਾਂ ਦੇ ਹਾਰ ਹੀ ਉਸ ਲੈਟਰ ਬਾਕਸ ਨੂੰ ਪਾ ਦਿੱਤੇ। ਕੁਝ ਹੋਰ ਨਾਰੀਅਲ ਹੀ ਖਰੀਦ ਲਿਆਏ। ਪਾਠ ਪੂਜਾ ਸ਼ੁਰੂ ਹੋ ਗਈ। ਕੁਝ ਵਿਅਕਤੀਆਂ ਨੇ ਮਹਿਸੂਸ ਕੀਤਾ ਕਿ ਜਦੋਂ ਸ਼ਹਿਰ ਦਾ ਪਾਣੀ ਬੰਦ ਹੋਣ ਦਾ ਸਮਾਂ ਹੋ ਗਿਆ ਤਾਂ ਲੈਟਰ ਬਾਕਸ ਵਿਚੋਂ ਪਾਣੀ ਵੀ ਨਿਕਲਣਾ ਬੰਦ ਹੋ ਗਿਆ। ਇਕ ਦੋ ਨੇ ਹਿੰਮਤ ਕਰਕੇ ਉਸ ਲੈਟਰ ਬਾਕਸ ਨੂੰ ਹੇਠਾਂ ਤੋਂ ਖੋਲ੍ਹ ਲਿਆ ਤਾਂ ਵੇਖਿਆ ਕਿ ਇੱਕ ਬੰਦ ਪਈ ਵਾਟਰ ਵਰਕਸ ਦੀ ਪਾਈਪ ਹੀ ਲੀਕ ਕਰ ਰਹੀ ਸੀ। ਇਹ ਰਾਜ ਖੁੱਲਣ ਦੀ ਦੇਰ ਸੀ ਕਿ ਅੰਧ ਵਿਸ਼ਵਾਸੀਆਂ ਦੇ ਚਿਹਰਿਆਂ ਤੇ ਨਮੋਸ਼ੀ ਛਾ ਗਈ। ਤਰਕਸ਼ੀਲ ਲੋਕ ਉਨ੍ਹਾਂ ਦੀ ਹਾਸੋਹੀਣੀ ਸ਼ਕਲ ਵੇਖ ਕੇ ਤਾੜੀਆਂ ਮਾਰ ਰਹੇ ਸਨ।




## ✪ ਡਾਇਣ

ਟੀ. ਵੀ. ਤੇ ਇਹ ਵੀ ਵਿਖਾਇਆ ਜਾ ਰਿਹਾ ਸੀ ਕਿਵੇਂ ਇੱਕ ਪਰਿਵਾਰ ਦੇ ਦੋ ਬੱਚੇ ਬਿਮਾਰ ਸਨ ਤੇ ਉਨ੍ਹਾਂ ਵਿਚੋਂ ਇੱਕ ਦੀ ਮੌਤ ਵੀ ਹੋ ਗਈ। ਪਰਿਵਾਰ ਕਿਸੇ ਸਾਧ ਕੋਲ ਚਲਿਆ ਗਿਆ। ਉਸਨੇ ਦੱਸਿਆ ਕਿ ਤੁਹਾਡੇ ਗੁਆਂਢ ਵਿਚ ਰਹਿੰਦੀ ਇੱਕ ਔਰਤ ਡਾਇਣ ਹੈ। ਉਸ ਨੇ ਤੁਹਾਡੇ ਇੱਕ ਬੱਚੇ ਨੂੰ ਤਾਂ ਖਾ ਲਿਆ ਹੈ ਹੁਣ ਦੂਜੇ ਬੱਚੇ ਨੂੰ ਖਾਣ ਦੀ ਤਿਆਰੀ ਕਰ ਰਹੀ ਹੈ। ਬੱਸ ਉਹਦੇ ਇਹ ਕਹਿਣ ਦੇਰ ਸੀ ਕਿ ਉਨ੍ਹਾਂ ਨੇ ਆਉਣ ਸਾਰ ਆਪਣੀ ਗੁਆਂਢਣ ਇਸਤਰੀ ਨੂੰ ਪੰਚਾਇਤੀ ਇਕੱਠ ਵਿਚ ਸੱਦ ਕੇ ਉਸ ਇਸਤਰੀ ਦੀ ਜੀਭ ਹੀ ਕੱਟ ਦਿੱਤੀ ਤਾਂ ਜੋ ਉਹ ਮੰਤਰਾਂ ਦੇ ਜਾਪ ਨਾਲ ਉਨ੍ਹਾਂ ਦੇ ਦੂਜੇ ਮੁੰਡੇ ਨੂੰ ਮਾਰ ਨਾ ਸਕੇ। ਅੱਜ ਕੱਲ੍ਹ ਉਹ ਇਸਤਰੀ ਹਸਪਤਾਲ ਵਿਚ ਆਪਣਾ ਇਲਾਜ ਕਰਾ ਰਹੀ ਹੈ।

ਧਿਆਨ ਰੱਖੋ ਕਿ ਤੁਹਾਡੇ ਗੁਆਂਢ ਵਿਚ ਵੀ ਕੋਈ ਅੰਧਵਿਸ਼ਵਾਸੀ ਪਰਿਵਾਰ ਤਾਂ ਨਹੀਂ ਵਸਦਾ। ਜੇ ਅਜਿਹਾ ਹੈ ਤਾਂ ਅੱਜ ਹੀ ਉਸ ਪਰਿਵਾਰ ਨੂੰ ਤਰਕਸ਼ੀਲ ਕਿਤਾਬਾਂ ਪੜ੍ਹਾ ਕੇ ਅੰਧ ਵਿਸ਼ਵਾਸਾਂ ਵਿਚੋਂ ਬਾਹਰ ਕੱਢਣ ਦਾ ਯਤਨ ਕਰੋ। ਅਜਿਹੇ ਪਰਿਵਾਰ ਦੇ ਕਿਸੇ ਵੀ ਪੜ੍ਹੇ ਲਿਖੇ ਜੀਅ ਨੂੰ ਪੜ੍ਹਾਈਆਂ ਦੋ ਚਾਰ ਮੁੱਢਲੀਆਂ ਕਿਤਾਬਾਂ ਹੀ ਉਸ ਪਰਿਵਾਰ ਵਿਚ ਇਹ ਬਹਿਸ ਤੋਰ ਸਕਦੀਆਂ ਹਨ। ਕੁਝ ਸਮੇਂ ਵਿਚ ਹੀ ਅਜਿਹਾ ਪਰਿਵਾਰ ਅੰਧਵਿਸ਼ਵਾਸਾਂ ਵਿਚੋਂ ਬਾਹਰ ਆ ਜਾਵੇਗਾ। ਨਾਲੇ ਤਾਂ ਤੁਸੀਂ ਅੰਧਵਿਸ਼ਵਾਸੀ ਦੇ ਸ਼ਿਕਾਰ ਦਾ ਸ਼ਿਕਾਰ ਹੋਣੋਂ ਬਚ ਜਾਵੋਂਗੇ ਨਾਲੇ ਪਰਿਵਾਰ ਵੀ ਅੰਧਵਿਸ਼ਵਾਸਾਂ ਵਿਚੋਂ ਬਾਹਰ ਕੱਢਣ ਲਈ ਤੁਹਾਡਾ ਧੰਨਵਾਦੀ ਹੋਵੇਗਾ।

## ✪ ਲੀਡਰ ਬਣੀਏ

ਚਾਰ ਕੁ ਚੈਨਲ ਅਜਿਹੇ ਵੀ ਹਨ ਜਿਨ੍ਹਾਂ ਤੇ ਕੁਝ ਗਿਆਨ ਵਰਧਕ ਸਮੱਗਰੀ ਵਿਖਾਈ ਜਾਂਦੀ ਹੈ। ਇਨ੍ਹਾਂ ਵਿਚ ਡਿਸਕਵਰੀ, ਨੈਸ਼ਨਲ ਜਿਓਗ੍ਰਾਫੀਕਲ, ਐਨੀਮਲ ਵਰਲਡ ਤੇ ਫਾਕਸ ਹਿਸਟਰੀ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਨ੍ਹਾਂ ਵਿਚ ਵੀ ਕਈ ਵਾਰ ਅਜਿਹੀਆਂ ਘਟਨਾਵਾਂ ਦਾ ਵਰਨਣ ਹੁੰਦਾ ਹੈ ਜਿਨ੍ਹਾਂ ਦੇ ਵਾਪਰਨ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਸੋ ਇਨ੍ਹਾਂ ਚੈਨਲਾਂ ਨੂੰ ਜ਼ਰੂਰ ਵੇਖਦੇ ਰਹਿਣਾ ਚਾਹੀਦਾ ਪਰ ਵੇਖਣ ਸਮੇਂ ਆਪਣੇ ਦਿਮਾਗਾਂ ਨੂੰ ਜ਼ਰੂਰ ਖੋਲ੍ਹ ਲੈਣਾ ਚਾਹੀਦਾ ਹੈ।

ਅੱਜ ਮੈਂ ਟੀ. ਵੀ. ਤੇ ਵੇਖ ਰਿਹਾ ਸਾਂ ਕਿ ਕਿਵੇਂ ਅੱਜ ਤੋਂ ਪੰਜਾਹ ਸੱਠ ਹਜ਼ਾਰ ਸਾਲ ਪਹਿਲਾਂ ਧਰਤੀ ਤੇ ਮਨੁੱਖਾਂ ਦੀ ਇਕ ਅਜਿਹੀ ਨਸਲ ਮੌਜੂਦ ਸੀ ਜਿਸਦੇ ਹੱਡੀਆਂ ਦੇ ਢਾਂਚੇ ਪਹਿਲਾਂ ਪਹਿਲ ਨੀਂਡਰਥਲ ਦੇ ਸਥਾਨ ਤੋਂ ਮਿਲੇ ਹਨ। ਇਸ ਲਈ ਮਨੁੱਖਾਂ ਦੀ ਇਸ ਜਾਤੀ ਨੂੰ ਨੀਂਡਰਥਲੀਏ ਕਿਹਾ ਜਾਂਦਾ ਹੈ। ਭਾਵੇਂ ਮਨੁੱਖਾਂ ਦੀ ਇਹ ਜਾਤੀ ਧਰਤੀ ਤੋਂ ਸਦਾ ਲਈ ਖਤਮ ਹੋ ਗਈ ਹੈ ਕਿਉਂਕਿ ਸਾਡੇ ਵੱਡ ਵਡੇਰਿਆਂ ਜਿਨ੍ਹਾਂ ਨੂੰ ਕਰੋਮੈਗਨਾਨ ਕਿਹਾ ਜਾਂਦਾ ਸੀ ਉਨ੍ਹਾਂ ਨੇ ਖ਼ੂਨੀ ਲੜਾਈਆਂ ਵਿੱਚ ਇਸ ਜਾਤੀ ਦਾ ਖੁਰਾ ਖੋਜ ਸਦਾ ਲਈ ਮਿਟਾ ਦਿੱਤਾ ਸੀ।

ਨੀਂਡਰਥਲੀਏ ਮਨੁੱਖਾਂ ਦੀ ਖ਼ੁਰਾਕ ਵਿੱਚ 85% ਮਾਸ ਹੀ ਹੁੰਦਾ ਸੀ ਅਤੇ ਇਨ੍ਹਾਂ ਦੀ ਖ਼ੁਰਾਕ ਵੀ ਅੱਜ ਦੇ ਮਨੁੱਖ ਤੋਂ ਤਿੰਨ ਗੁਣਾ ਜ਼ਿਆਦਾ ਹੁੰਦੀ ਸੀ ਕਿਉਂਕਿ ਵਿਗਿਆਨਕਾਂ ਨੂੰ ਇਨ੍ਹਾਂ ਦੀਆਂ ਹੱਡੀਆਂ ਤੇ ਪਿੰਜਰ ਅਜਿਹੇ ਸਥਾਨਾਂ ਤੋਂ ਵੀ ਮਿਲੇ ਸਨ ਜਿੱਥੇ ਬੈਕਟੀਰੀਆ ਨਹੀਂ ਪਹੁੰਚ ਸਕਦਾ ਸੀ। ਜਿਵੇਂ ਜਵਾਲਾਮੁਖੀ ਦੇ ਪਿਘਲੇ ਲਾਵੇ ਵਿੱਚ ਪੱਥਰ ਹੋਵੇ ਅਜਿਹੇ ਮਨੁੱਖਾਂ ਦੇ ਪਿੰਜਰ ਜਾਂ ਬਰਫ਼ ਵਿਚ ਦੱਬੇ ਪਿੰਜਰ। ਇਨ੍ਹਾਂ ਪਿੰਜਰਾਂ ਦਾ ਨਿਰੀਖਣ ਕਰਨ ਤੇ ਵਿਗਿਆਨਕਾਂ ਨੇ ਵੇਖਿਆ ਹੈ ਕਿ ਇਨ੍ਹਾਂ ਦਾ ਮਲ ਮਨੁੱਖ ਨਾਲੋਂ ਤਿੰਨ ਗੁਣਾ ਵੱਡਾ ਸੀ ਤੇ ਇਸ ਮਲ ਵਿਚ ਕਾਰਬਨ ਤੇ ਨਾਈਟ੍ਰੋਜਨ ਦੀ ਭਾਰੀ ਮਾਤਰਾ ਵਿਚ ਮੌਜੂਦਗੀ ਇਨ੍ਹਾਂ ਦੇ ਮਾਸਾਹਾਰੀ ਹੋਣ ਦੀ ਪੁਸ਼ਟੀ ਕਰਦੀ ਹੈ। ਇਨ੍ਹਾਂ ਦੇ ਪੇਟ ਵਿਚੋਂ ਮਿਲੇ ਕੁਝ ਰਸ ਵੀ ਇਸ ਗੱਲ ਦਾ ਪ੍ਰਮਾਣ ਹਨ।

ਸ਼ਿਕਾਰ ਕਰਨ ਲਈ ਇਹ ਮਨੁੱਖ ਜਾਤੀ ਜਾਨਵਰਾਂ ਨੂੰ ਪਹਾੜਾਂ ਦੀਆਂ ਉਚਾਈਆਂ ਉਪਰ ਘੇਰ ਕੇ ਲੈ ਜਾਂਦੀ ਸੀ ਤੇ ਉਥੋਂ ਹੇਠਾਂ ਸੁੱਟ ਦਿੱਤਾ ਜਾਂਦਾ ਸੀ। ਜਾਂ ਲੱਕੜ ਦੇ ਡੰਡਿਆਂ ਮੂਹਰੇ ਪੱਥਰ ਦੀਆਂ ਤਿੱਖੀਆਂ ਨੋਕਾਂ ਫਸਾ ਲਈਆਂ ਜਾਂਦੀਆਂ ਸਨ। ਇਸ ਤਰ੍ਹਾਂ ਕਈ ਵਾਰ ਇਹ ਵੱਡੇ ਵੱਡੇ ਝੁੰਡ ਹਾਥੀ ਵਰਗੇ ਜਾਨਵਰਾਂ ਦਾ ਸ਼ਿਕਾਰ ਕਰਨ ਵਿਚ ਕਾਮਯਾਬ ਹੋ ਜਾਂਦੇ ਸਨ। ਪੱਥਰਾਂ ਨੂੰ ਘਸਾ ਕੇ ਇਹ ਅੱਗ ਪੈਦਾ ਕਰਨੀ ਸਿੱਖ ਗਏ ਸਨ ਤੇ ਇਸ ਲਈ ਸ਼ਿਕਾਰ ਨੂੰ ਅੱਗ ਤੇ ਭੁੰਨ ਕੇ ਹੀ ਇਹ ਖਾਂਦੇ ਸਨ। ਇਸਦੇ ਨਾਲ ਹੀ ਜਾਨਵਰਾਂ ਦੇ ਆਲ੍ਹਣਿਆਂ ਵਿਚੋਂ ਵੀ ਆਂਡੇ ਇਹ ਲੱਭ ਲੈਂਦੇ ਸਨ। ਇਨ੍ਹਾਂ ਦੀਆਂ ਹੱਡੀਆਂ ਤੇ ਮਿਲੇ ਸੱਟਾਂ ਦੇ ਨਿਸ਼ਾਨ ਇਸ ਗੱਲ ਦਾ ਪ੍ਰਤੀਕ ਹਨ ਕਿ ਇਨ੍ਹਾਂ ਦੀ ਜ਼ਿੰਦਗੀ ਬਹੁਤ ਹੀ ਜਦੋ ਜਹਿਦ ਵਾਲੀ ਸੀ। ਮਿਲੇ ਪਿੰਜਰਾਂ ਦੀਆਂ ਟੁੱਟੀਆਂ ਤੇ ਗਲਤ ਢੰਗ ਨਾਲ ਜੁੜੀਆਂ ਹੱਡੀਆਂ ਵੀ ਇਨ੍ਹਾਂ ਦੀਆਂ ਦਰਦਨਾਕ ਹਾਲਤਾਂ ਦੀਆਂ ਕਹਾਣੀਆਂ ਵਰਨਣ ਕਰਦੀਆਂ ਹਨ। ਕਈ ਪਿੰਜਰਾਂ ਦੇ ਆਲੇ ਦੁਆਲੇ ਲਿਪਟੀਆਂ ਜਾਨਵਰਾਂ ਦੀਆਂ ਖੱਲਾਂ ਦੇ ਅਵਸ਼ੇਸ਼ ਹੀ ਇਨ੍ਹਾਂ ਦੀਆਂ ਪੁਸ਼ਾਕਾਂ ਦੀ ਕਹਾਣੀ ਦਰਸਾਉਂਦੇ ਹਨ।

## ✪ ਜਾਪਾਨੀ ਲਾਕਟ



ਕੁਝ ਦਿਨ ਪਹਿਲਾਂ ਮੈਨੂੰ ਇੱਕ ਵਿਅਕਤੀ ਦਾ ਫੋਨ ਆਇਆ ਕਹਿਣ ਲੱਗਿਆ, "ਮੈਂ ਇਕ ਤਰਕਸ਼ੀਲ ਬੋਲ ਰਿਹਾ ਹਾਂ। ਅੱਜ ਕਲ ਮਾਰਕੀਟ ਵਿੱਚ ਇੱਕ ਜਾਪਾਨੀ ਲਾਕਟ ਆਇਆ ਹੋਇਆ ਹੈ ਜੋ 3500 ਰੁਪਏ ਦਾ ਆਉਂਦਾ ਹੈ। ਜਦੋਂ ਕਿਸੇ ਆਦਮੀ ਨੂੰ ਇਹ ਪਹਿਨਾਇਆ ਜਾਂਦਾ ਹੈ ਤਾਂ ਉਸਦਾ ਭਾਰ ਹਲਕਾ ਹੋ ਜਾਂਦਾ ਹੈ। ਅਸੀਂ ਖੁਦ ਇਹ ਕਰਕੇ ਵੇਖਿਆ ਹੈ ਲਾਕਟ ਪਹਿਨਾਉਣ ਤੋਂ ਪਹਿਲਾਂ ਜਦੋਂ ਅਸੀਂ ਚਾਰ ਵਿਅਕਤੀਆਂ ਨੇ ਆਪਣੀਆਂ ਦੋ ਦੋ ਉਂਗਲਾਂ ਨਾਲ ਉਸ ਵਿਅਕਤੀ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਚੁੱਕਿਆ ਨਾ ਜਾ ਸਕਿਆ ਪਰ ਜਦੋਂ ਅਸੀਂ ਉਸਦੇ ਗਲ ਵਿਚ ਉਹ ਲਾਕਟ ਪਾ ਦਿੱਤਾ ਤਾਂ ਅਸੀਂ ਚਾਰ ਵਿਅਕਤੀਆਂ ਨੇ ਦੋ ਦੋ ਉਂਗਲਾਂ ਨਾਲ ਉਸ ਵਿਅਕਤੀ ਨੂੰ ਆਰਾਮ ਨਾਲ ਚੁੱਕ ਦਿੱਤਾ।

ਮੈਂ ਉਸਨੂੰ ਸਮਝਾਉਣ ਦਾ ਯਤਨ ਕੀਤਾ ਕਿ ਲਾਕਟ ਪਹਿਨਣ ਨਾਲ ਉਸ ਵਿਅਕਤੀ ਦਾ ਭਾਰ ਕਿਵੇਂ ਘੱਟ ਸਕਦਾ ਹੈ, ਪਰ ਜਦੋਂ ਉਹ ਨਾ ਮੰਨਿਆ ਤਾਂ ਮੈਂ ਕਿਹਾ ਕਿ ਇਹ ਪ੍ਰਯੋਗ ਕਰਕੇ ਵੇਖ। ਲਾਕਟ ਪਹਿਨਣ ਤੋਂ ਪਹਿਲਾਂ ਉਸ ਵਿਅਕਤੀ ਦਾ ਭਾਰ ਤੋਲ ਲੈ ਤੇ ਲਾਕਟ ਪਹਿਨਣ ਤੋਂ ਬਾਅਦ ਉਸ ਵਿਅਕਤੀ ਦਾ ਭਾਰ ਤੋਲ ਲੈ। ਜੇ ਇਸ ਭਾਰ ਵਿਚ ਕੋਈ ਤਬਦੀਲੀ ਨਹੀਂ ਹੁੰਦੀ, ਤਾਂ ਜ਼ਰੂਰ ਇਹ ਤਬਦੀਲੀ ਉਸਨੂੰ ਚੁੱਕਣ ਵਾਲਿਆਂ ਦੇ ਦਿਮਾਗ ਵਿਚ ਹੁੰਦੀ ਹੈ। ਲਾਕਟ ਪਹਿਨਣ ਵਾਲੇ ਵਿਅਕਤੀ ਨੂੰ ਚੁੱਕਣ ਵਾਲੇ ਮਾਨਸਿਕ ਤੌਰ ਤੇ ਵੱਧ ਸੁਚੇਤ ਹੋ ਜਾਂਦੇ ਹਨ ਤੇ ਵੱਧ ਤਰਤੀਬ ਤੇ ਵੱਧ ਜ਼ੋਰ ਨਾਲ ਉਹ ਉਸ ਵਿਅਕਤੀ ਨੂੰ ਚੁੱਕਣ ਲਈ ਯਤਨਸ਼ੀਲ ਹੁੰਦੇ ਹਨ। ਇਸ ਲਈ ਇਹ ਸਾਰਾ ਕੁਝ ਸਾਈਕੋਲੋਜੀ ਨਾਲ ਸੰਬੰਧਿਤ ਹੁੰਦਾ ਹੈ।

## ✪ ਕੁੱਤੇ ਦੀ ਪੂਛ

ਇਕ ਵਿਅਕਤੀ ਕਹਿਣ ਲੱਗਿਆ ਕਿ ਕੀ ਕਦੇ ਕਿਸੇ ਨੇ ਇਹ ਪ੍ਰਯੋਗ ਕਰਕੇ ਵੀ ਵੇਖਿਆ ਕਿ ਕੁੱਤੇ ਦੀ ਪੂਛ ਬਾਰਾਂ ਵਰ੍ਹੇ ਵਿਚ ਵੀ ਸਿੱਧੀ ਨਹੀਂ ਹੁੰਦੀ। ਅਜਿਹਾ ਕਿਉਂ ਹੁੰਦਾ ਹੈ? ਮੈਂ ਉਸਨੂੰ ਕਿਹਾ ਕਿ ਦੁਨੀਆਂ ਵਿਚ ਬੜੇ ਖੋਜੀ ਵਿਅਕਤੀ ਹੋਏ ਨੇ ਕਿਸੇ ਨਾ ਕਿਸੇ ਨੇ ਇਹ ਪ੍ਰਯੋਗ ਕਰਕੇ ਵੀ ਵੇਖਿਆ ਹੋਵੇਗਾ ਤਾਂਹੀਓ ਤਾਂ ਇਸ ਕਹਾਵਤ ਨੇ ਜਨਮ ਲਿਆ ਹੈ। ਕੁੱਤੇ ਦੀ ਪੂਛ ਦੇ ਮਾਸਪੇਸ਼ੀ ਸੈੱਲ ਇਸ ਢੰਗ ਨਾਲ ਤਰਤੀਬਵੱਧ ਹੋਏ ਹੁੰਦੇ ਹਨ ਕਿ ਉਨ੍ਹਾਂ ਨੇ ਮੁੜ ਆਪਣੀ ਤਰਤੀਬ ਵਿਚ ਹੀ ਆਉਣਾ ਹੁੰਦਾ ਹੈ। ਸੋ ਕੁੱਤੇ ਦੀ ਪੂਛ ਨੂੰ ਸਿੱਧੀ ਕਰਨ ਲਈ ਜ਼ਰੂਰ ਹੀ ਉਸਦੇ ਡੀ. ਐਨ. ਏ. ਵਿਚ ਤਬਦੀਲੀਆਂ ਕਰਨੀਆਂ ਪੈਣਗੀਆਂ। ਜਿਵੇਂ ਵਿਗਿਆਨਕਾਂ ਨੇ ਅੱਜ ਕੱਲ੍ਹ ਬੈਂਗਣਾਂ ਦੀਆਂ ਕਿਸਮਾਂ ਦਾ ਡੀ. ਐਨ. ਏ. ਬਦਲ ਦਿੱਤਾ ਹੈ।

## ✪ ਬੱਦਲ ਦਾ ਫਟਣਾ

ਅਸਲ ਵਿਚ ਬੱਦਲ ਕਦੇ ਫੱਟਦੇ ਨਹੀਂ ਹੁੰਦੇ ਪਰ ਪਾਣੀ ਐਨੀ ਤੇਜ਼ੀ ਨਾਲ ਵਰਸਾਉਂਦੇ ਹੁੰਦੇ ਹਨ ਕਿ ਪਹਾੜਾਂ ਦੀਆਂ ਢਲਾਨਾਂ ਤੇ ਇੰਝ ਨਜ਼ਰ ਆਉਂਦਾ ਹੈ ਕਿ ਬੱਦਲ ਫਟ ਗਿਆ ਹੈ। ਜਿਵੇਂ ਅੱਜ ਕੱਲ੍ਹ ਲੇਹ ਵਿਚ ਹੋਇਆ ਹੈ ਜਿਸ ਵਿਚ ਲਗਭਗ 150 ਲੋਕ ਰੁੜ ਗਏ ਹਨ। ਕਈ ਵਾਰ ਬਰਸਾਤ ਐਨੀ ਤੇਜ਼ ਹੁੰਦੀ ਹੈ ਕਿ ਜਿਵੇਂ ਰੋਮਾਨੀਆ ਦੇ ਇੱਕ ਸਥਾਨ ਕਰਦੀ ਡੀ ਅਰਗਸ ਵਿਖੇ 20 ਮਿੰਟਾਂ ਵਿੱਚ ਹੀ 8 ਇੰਚ ਮੀਂਹ ਵਰ ਗਿਆ। ਜੇ ਪਹਾੜਾਂ ਵਿਚ ਕਿਸੇ ਸਥਾਨ ਇੱਕ ਘੰਟੇ ਵਿੱਚ 4 ਇੰਚ ਬਰਸਾਤ ਹੀ ਹੋ ਜਾਵੇ ਤਾਂ ਇਹ ਆਪਣੇ ਨਾਲ ਮਿੱਟੀ ਘੱਟਾ ਐਨਾ ਬਹਾ ਲਿਆਉਂਦੀ ਹੈ ਕਿ ਰਸਤੇ ਵਿਚ ਪੈਂਦਾ ਹਰ ਮਕਾਨ ਜਾਂ ਗੱਡੀ ਨਾਲ ਹੀ ਬਹਿ ਤੁਰਦੀ ਹੈ।

*-ਮੇਘ ਰਾਜ ਮਿੱਤਰ*


# ਵਿਗਿਆਨ ਜੋਤ

**ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।**

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ** ਬਣਾਉਣ ਵਾਲੇ ਨੂੰ
70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ
160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ
340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ
1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

**ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :**

**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

**ਨੋਟ** ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਹੱਠ ਯੋਗ ਇਕ ਵੱਡਾ ਗੱਪ

ਪ੍ਰਾਚੀਨ ਕਾਲ ਤੋਂ ਹੀ ਹੱਠ ਯੋਗ ਦਾ ਬੋਲਬਾਲਾ ਰਿਹਾ ਹੈ। ਵਿਗਿਆਨ ਦੀ ਘਾਟ ਕਾਰਨ ਹੀ ਇਹ ਪ੍ਰਫੁੱਲਿਤ ਸੀ ਪਰ ਅੱਜ ਦੇ ਸਮੇਂ 'ਚੋਂ ਵਿਗਿਆਨ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਇਸਨੇ ਕੁਦਰਤ ਦੇ ਬਹੁਤ ਸਾਰੇ ਰਹੱਸਾਂ ਪਿੱਛੇ ਕਾਰਨਾਂ ਨੂੰ ਜਾਣ ਲਿਆ ਹੈ। ਵਿਗਿਆਨ ਦਿਨ ਰਾਤ ਤਰੱਕੀ ਕਰ ਰਹੀ ਹੈ ਪਰ ਸਾਡੀ ਸੋਚ ਨੇ ਤਰੱਕੀ ਨਹੀਂ ਕੀਤੀ, ਇਹ ਅੱਜ ਵੀ ਹਜ਼ਾਰਾਂ ਸਾਲ ਪਿੱਛੇ ਹੈ। ਅਸੀਂ ਅੰਧ-ਵਿਸ਼ਵਾਸਾਂ ਅਤੇ ਝੂਠੇ ਕਰਮਾਂ-ਕਾਡਾਂ ਦੇ ਸਮੁੰਦਰ ਵਿਚ ਇੰਨੇ ਡੁੱਬੇ ਹੋਏ ਹਾਂ ਕਿ ਸਾਨੂੰ ਇਸ ਸਮੁੰਦਰ ਵਿਚੋਂ ਕੱਢਣ ਲਈ ਕੋਈ ਵੀ ਕਿਸਤੀ ਨਹੀਂ ਨਜ਼ਰ ਆ ਰਹੀ। ਬਦਲਾਵ ਸ੍ਰਿਸ਼ਟੀ ਦਾ ਨਿਯਮ ਹੈ ਇਸ ਬ੍ਰਹਿਮੰਡ ਦੀ ਹਰ ਚੀਜ਼ ਵਿਚ ਬਦਲਾਵ ਆਉਂਦਾ ਹੈ। ਜੋ ਆਪਨੇ ਆਪ ਨੂੰ ਸਮੇਂ ਦੇ ਨਾਲ ਨਹੀਂ ਬਦਲਦਾ, ਉਹ ਬਹੁਤ ਪਿੱਛੇ ਰਹਿ ਜਾਂਦਾ ਹੈ। ਸਾਡੀ ਸੋਚ ਵੀ ਨਹੀਂ ਬਦਲੀ। ਅਸੀਂ ਅੱਜ ਵੀ ਆਪਨੇ ਪੁਰਖਿਆਂ ਦੀ ਸੋਚ ਲੈ ਕੇ ਚੱਲ ਰਹੇ ਹਾਂ ਜੋ ਕਿ ਬਹੁਤ ਪੁਰਾਣੀ ਹੈ, ਜਿਸ ਕਾਰਨ ਸਾਡੀ ਸੋਚ ਬਹੁਤ ਪਛੜ ਗਈ ਹੈ।

ਅੱਜ ਅਸੀਂ ਵਿਗਿਆਨਕ ਸੋਚ ਵਿਕਸਤ ਨਹੀਂ ਕਰ ਪਾਏ ਸਗੋਂ ਭੇਡਾਂ ਵਾਲੀ ਸੋਚ ਵਿਕਸਤ ਕਰ ਲਈ ਹੈ। ਹੱਠ ਯੋਗ ਦੀ ਵਿਗਿਆਨ ਯੁੱਗ ਵਿਚ ਹੋਂਦ, ਸਾਡੀ ਇਸ ਸੋਚ ਕਾਰਨ ਹੀ ਹੈ। ਅੱਜ ਕੱਲ ਟੀ. ਵੀ. ਚੈਨਲਾਂ ਤੇ ਬੇਧੜਕ ਅੰਧ ਵਿਸ਼ਵਾਸ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਲੋਕਾਂ ਦੀ ਸੋਚ ਪਿਛਾਂਹ ਖਿੱਚੂ ਬਣਾਉਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਿਆਸਤ ਧਰਮ ਨਾਲ ਮਿਲ ਕੇ ਲੋਕਾਂ ਨੂੰ ਕਠ-ਪੁਤਲੀ ਦੀ ਤਰ੍ਹਾਂ ਵਰਤ ਰਹੀ ਹੈ। ਹੱਠ ਯੋਗ ਵੀ ਇਕ ਅਜਿਹਾ ਵੱਡਾ ਗੱਪ ਹੈ ਜਿਸਦਾ ਪ੍ਰਚਾਰ ਦਿਨ-ਰਾਤ ਚੈਨਲਾਂ ਤੇ ਕੀਤਾ ਜਾ ਰਿਹਾ ਹੈ। ਅਜਿਹਾ ਹੀ ਇਕ ਦਿਨ ਜੀ ਨਿਊਜ਼ ਚੈਨਲ ਤੇ ਕੀਤਾ ਜਾ ਰਿਹਾ ਸੀ ਕਿ ਇਕ ਹੱਠ ਯੋਗੀ, ਜਿਸਦਾ ਨਾਂ ਸੁਰਿੰਦਰ ਜਿਆਨੀ ਸੀ ਜਿਸਨੇ ਪਿਛਲੇ 65 ਸਾਲਾਂ ਤੋਂ ਕੁਝ ਵੀ ਖਾਧਾ-ਪੀਤਾ ਨਹੀਂ ਹੈ ਅਤੇ ਉਸਨੇ ਆਪਨੇ ਕੁੰਡਲਿਨੀ ਜਾਗਰੂਕ ਕਰ ਲਈ ਹੈ ਜਿਸਦੇ ਕਾਰਨ ਉਸਨੂੰ ਭੁੱਖ ਨਹੀਂ ਲੱਗਦੀ ਤੇ ਉਹ ਜਿਉਂਦੇ ਰਹਿਣ ਵਾਸਤੇ ਉਰਜਾ, ਪੇੜ ਪੌਦਿਆਂ ਤੋਂ ਲੈਂਦਾ ਹੈ। ਕੁਝ ਡਾਕਟਰ ਅਤੇ ਵਿਗਿਆਨੀਆਂ ਦੀ ਟੀਮ ਉਸਦਾ ਨਿਰੀਖਣ ਕਰ ਰਹੀ ਸੀ ਤੇ ਉਹ 24 ਘੰਟੇ ਡਾਕਟਰਾਂ ਦੀ ਨਿਗਰਾਨੀ ਵਿਚ ਰਹਿ ਰਿਹਾ ਸੀ।

ਜਦ 15-20 ਦਿਨ ਦੀ ਨਿਗਰਾਨੀ ਤੋਂ ਬਾਅਦ ਡਾਕਟਰਾਂ ਨੇ ਆਪਨੀ ਰਿਪੋਟ ਵਿਚ ਕਿਹਾ ਕਿ ਉਹਨੇ ਕਈ ਟੈਸਟ ਕੀਤੇ ਤੇ ਇਹ ਪਾਇਆ ਕਿ ਉਸਨੇ ਸੱਚਮੁੱਚ ਹੀ 65 ਸਾਲਾਂ ਤੋਂ ਕੁਝ ਨਹੀਂ ਖਾਧਾ ਪੀਤਾ। ਟੀ. ਵੀ. ਵਾਲੇ ਇਸ ਗੱਲ ਨੂੰ ਬੜੀ ਵਧਾ ਚੜ੍ਹਾ ਕੇ ਦੱਸ ਰਹੇ ਸਨ ਕਿ ਇਸ ਹੱਠ ਯੋਗ ਅੱਗੇ ਤਾਂ ਸਾਇੰਸ ਵੀ ਫੇਲ ਹੋ ਗਈ ਹੈ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਦੇਖਿਆ ਕਿ ਜੋ ਡਾਕਟਰ ਅਤੇ ਵਿਗਿਆਨੀ ਉਸਦਾ ਨਿਰੀਖਣ ਕਰ ਰਹੇ ਸਨ ਉਹ ਉਸਦੇ ਪੈਰੀਂ ਹੱਥ ਲਾ ਕੇ ਤੇ ਹੱਥ ਜੋੜ ਕੇ ਆਸ਼ੀਰਵਾਦ ਲੈ ਰਹੇ ਸਨ। ਉਹ ਡਾਕਟਰ ਉਸਦਾ ਕੀ ਨਿਰੀਖਣ ਕਰਨਗੇ ਜਿਨ੍ਹਾਂ ਨੇ ਪਹਿਲਾਂ ਹੀ ਆਪਨੇ ਮਨ ਵਿਚ ਵਿਸ਼ਵਾਸ ਕਰ ਲਿਆ ਹੈ ਕਿ ਉਸਨੇ (ਹੱਠਯੋਗੀ) 65 ਸਾਲਾ ਤੋਂ ਕੁਝ ਨਹੀਂ ਖਾਧਾ-ਪੀਤਾ ਤੇ ਉਹ ਆਪਨੀ ਆਸਥਾ ਕਾਰਨ ਉਸਤੋਂ (ਹੱਠਯੋਗੀ) ਆਸ਼ੀਰਵਾਦ ਲੈ ਰਹੇ ਸਨ। ਸਾਡੇ ਦੇਸ਼ ਵਿਚ, ਬਹੁਤ ਵਿਗਿਆਨਕ ਸੋਚ ਦੀ ਘਾਟ ਵਾਲੇ ਬਹੁਤ ਸਾਰੇ ਡਾਕਟਰ ਅਤੇ ਵਿਗਿਆਨੀ ਮਿਲ ਜਾਣਗੇ, ਜੋ ਆਪਨੇ ਧਰਮ ਵਿਚ ਅੰਨ੍ਹਾ ਵਿਸ਼ਵਾਸ ਰੱਖਦੇ ਹਨ। ਕਿਸੇ ਦਾ ਨਿਰੀਖਣ ਕਰਨ ਲਈ ਇਕ ਵਿਗਿਆਨਕ ਸੋਚ ਹੋਣੀ ਬਹੁਤ ਜ਼ਰੂਰੀ ਹੈ। ਬਿਨ੍ਹਾਂ ਵਿਗਿਆਨਕ ਸੋਚ, ਅਸੀਂ ਕਿਸੇ ਵੀ ਘਟਨਾ ਪਿੱਛੇ ਕਾਰਨ ਲੱਭਣ ਦੀ ਕੋਸ਼ਿਸ਼ ਨਹੀਂ ਕਰਾਂਗੇ ਅਗਰ ਉਸਨੇ ਸੱਚਮੁੱਚ ਹੀ 65 ਸਾਲਾਂ ਤੋਂ ਕੁਝ ਨਹੀਂ ਖਾਧਾ ਤਾਂ ਉਸਨੇ ਅੱਜ ਤੋਂ 50 ਸਾਲ ਪਹਿਲਾਂ ਇਹ ਦਾਵਾ ਕਿਉਂ ਨਹੀਂ ਕੀਤਾ ਕਿ ਉਸਨੇ ਪਿਛਲੇ 15 ਸਾਲਾਂ ਤੋਂ ਕੁਝ ਨਹੀਂ ਖਾਧਾ-ਪੀਤਾ ਸੀ। ਉਸਨੇ 65 ਸਾਲ ਬਾਅਦ ਹੀ ਇਹ ਦਾਵਾ ਕਰਨ ਦਾ ਚੇਤਾ ਕਿਉਂ ਆਇਆ। ਅਗਰ ਕੋਈ ਵਿਅਕਤੀ ਇਕ ਸਾਲ ਹੀ ਕੁਝ ਨਾ ਖਾਵੇ ਤਾਂ ਉਹ ਕੋਠੇ ਚੜ੍ਹਕੇ ਢਿੰਡੋਰਾ ਪਿੱਟੇਗਾ ਕਿ ਉਸਨੇ ਕੁੰਡਲਿਨੀ ਜਾਗਰੂਕ ਕਰ ਲਈ ਹੈ ਉਸਨੇ ਇਕ ਸਾਲ ਤੋਂ ਕੁਝ ਨਹੀਂ ਖਾਧਾ-ਪੀਤਾ। ਇਹ ਹੱਠ-ਯੁੱਗੀ ਫਿਰ ਇੰਨੇ ਸਾਲ ਖਾਮੋਸ਼ ਕਿਉਂ ਰਿਹਾ। ਵਿਗਿਆਨ ਦੇ ਮੁਤਾਬਿਕ ਕੋਈ ਵੀ ਵਿਅਕਤੀ ਬਿਨ੍ਹਾਂ ਖਾਧੇ-ਪੀਤੇ 15-20 ਦਿਨਾਂ ਤੋਂ ਜ਼ਿਆਦਾ ਦਿਨ ਤੱਕ ਜ਼ਿੰਦਾ ਨਹੀਂ ਰਹਿ ਸਕਦਾ ਹੈ ਤਾਂ ਇਹ ਹਠਯੁੱਗੀ, ਬਿਨ੍ਹਾਂ ਕੁਝ ਖਾਧੇ-ਪੀਤੇ ਕਿਵੇਂ ਜ਼ਿੰਦਾ ਹੈ, ਉਹ ਵੀ 65 ਸਾਲ ਤੱਕ। ਉਹ ਜਿਉਂਦੇ ਰਹਿਣ ਅਤੇ ਕੰਮ-ਕਾਜ ਕਰਨ ਲਈ ਊਰਜਾ ਕਿਥੋਂ ਲੈ ਰਿਹਾ ਹੈ। ਅਸੀਂ ਜੋ ਭੋਜਨ ਖਾਂਦੇ ਹਾਂ, ਉਹ ਭੋਜਨ ਪਾਚਨ-ਪ੍ਰਣਾਲੀ, ਵਿਚੋਂ ਪਚ ਕੇ ਖੂਨ ਵਿਚ ਰਲ ਜਾਂਦਾ ਹੈ, ਜਿਥੋਂ ਖੂਨ ਇਸਨੂੰ ਸਰੀਰ ਦੇ ਵੱਖ ਵੱਖ ਭਾਗਾਂ ਅਤੇ ਸੈੱਲਾਂ ਵਿਚ ਪਹੁੰਚਾ ਦਿੰਦਾ ਹੈ ਅਤੇ ਸਾਹ-ਕਿਰਿਆ ਦੌਰਾਨ ਜੋ ਅਸੀਂ ਆਕਸੀਜਨ ਗੈਸ ਲੈਂਦੇ ਹਾਂ ਉਹ ਵੀ ਫੇਫੜਿਆਂ ਤੋਂ ਹੁੰਦੀ ਹੋਈ, ਖੂਨ ਵਿਚ ਮਿਲ ਜਾਂਦੀ ਹੈ ਅਤੇ ਖੂਨ ਇਸਨੂੰ ਸੈਲਾਂ ਅਤੇ ਟਿਸ਼ੂਆਂ ਤੱਕ ਪਹੁੰਚਾ ਦਿੰਦਾ ਹੈ। ਸੈਲਾਂ ਵਿਚ ਭੋਜਨ ਅਤੇ ਆਕਸੀਜਨ ਮਿਲ ਕੇ, ਜੈਵ-ਰਸਾਇਣਕ ਕਿਰਿਆ ਰਾਹੀਂ ਕਾਰਬਨ ਡਾਈਆਕਸਾਈਡ ਪਾਣੀ ਅਤੇ ਊਰਜਾ ਪੈਦਾ ਕਰਦੇ ਹਨ। ਜਿੰਨਾ ਨੂੰ ਅਸੀਂ ਅੰਦਰੂਨੀ ਸਾਹ ਕਿਰਿਆ ਕਹਿੰਦੇ ਹਾਂ। ਇਹੀ ਊਰਜਾ ਅਸੀਂ ਲਿਖਣ, ਸੋਚਣ, ਪੜ੍ਹਨ, ਬੋਲਣ, ਕੰਮ ਕਰਨ, ਯਾਦ ਕਰਨ, ਭੱਜਣ-ਦੌੜਨ ਲਈ ਵਰਤਦੇ ਹਾਂ।

ਪਾਣੀ ਸਾਡਾ ਸਰੀਰ ਵਰਤ ਲੈਂਦਾ ਹੈ ਅਤੇ ਕਾਰਬਨ ਡਾਈਆਕਸਾਈਡ ਗੈਸ ਅਸੀਂ ਨੱਕ ਰਾਹੀਂ ਬਾਹਰ ਕੱਢ ਦਿੰਦੇ ਹਾਂ। ਅਗਰ ਉਹ ਹੱਠ-ਯੋਗੀ ਸੱਚ-ਮੁੱਚ ਹੀ ਭੋਜਨ ਨਹੀਂ ਖਾ ਰਿਹਾ ਹੈ ਤਾਂ ਸਾਨੂੰ ਉਸਦਾ ਨੱਕ ਅਤੇ ਮੂੰਹ ਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਅਗਰ ਉਸਨੂੰ ਭੋਜਨ ਦੀ ਨਹੀਂ ਲੋੜ ਤਾਂ ਆਕਸੀਜਨ ਉਸਦੇ ਸਰੀਰ ਨੇ ਕੀ ਕਰਨੀ ਹੈ ਕਿਉਂਕਿ ਉਹ ਊਰਜਾ ਤਾਂ ਬਾਹਰੋਂ ਪੇੜ੍ਹ-ਪੌਦਿਆਂ ਤੋਂ ਲੈ ਰਿਹਾ ਹੈ ਤੇ ਦੂਜਾ ਅਸੀਂ ਇਕ ਸਾਧਾਰਨ ਪ੍ਰਯੋਗ ਰਾਹੀਂ ਵੀ ਪਤਾ ਲਗਾ ਸਕਦੇ ਹਾਂ ਕਿ ਉਹ ਕੁਝ ਖਾਂਦਾ ਹੈ ਜਾਂ ਨਹੀਂ। ਇਸ ਪ੍ਰਯੋਗ ਵਿਚ ਸਿਰਫ ਇਕ ਬੀਕਰ ਵਿਚ ਥੋੜ੍ਹਾ ਜਿਹਾ ਚੂਨੇ ਦਾ ਪਾਣੀ ਤੇ ਇਕ ਕੋਲਡ ਡਰਿੰਕ ਪੀਣ ਵਾਲਾ ਸਟਰਾਅ ਚਾਹੀਦਾ ਹੈ। ਸਟਰਾਅ ਨੂੰ ਬੀਕਰ ਵਿਚ ਪਾ ਕੇ ਉਸ ਹੱਠ-ਯੋਗੀ ਦੇ ਮੂੰਹ ਵਿਚ ਜਾਂ ਨੱਕ ਕੋਲ ਕਰਕੇ, ਉਸ ਹੱਠ ਯੋਗੀ ਨੂੰ ਉਸ ਸਾਹ ਛੱਡਣ ਲਈ ਕਹਿਣਾ ਚਾਹੀਦਾ ਹੈ।

ਕੁਝ ਦੇਰ ਬਾਅਦ ਅਗਰ ਚੂਨੇ ਦਾ ਪਾਣੀ ਦੁਧੀਆ ਹੋ ਜਾਂਦਾ ਹੈ ਤਾਂ ਉਹ ਕਾਰਬਨ ਡਾਈਆਕਸਾਈਡ ਗੈਸ ਬਾਹਰ ਕੱਢ ਰਿਹਾ ਹੈ ਕਿਉਂਕਿ ਕਾਰਬਨ ਡਾਈਆਕਸਾਈਡ ਗੈਸ ਕਾਰਨ ਹੀ ਚੂਨੇ ਦਾ ਪਾਣੀ ਦੁਧੀਆ ਹੋ ਜਾਂਦਾ ਹੈ। ਜਿਸ ਤੋਂ ਇਹ ਸਾਬਿਤ ਹੋ ਜਾਵੇਗਾ ਕਿ ਉਹ ਆਕਸੀਜਨ ਗੈਸ ਅਤੇ ਭੋਜਨ ਦੋਵੇਂ ਲੈ ਰਿਹਾ ਹੈ ਜਿਸਦੇ ਕਾਰਨ ਹੀ ਉਸਦੇ ਸਰੀਰ ਵਿਚ ਕਾਰਬਨ ਡਾਈਆਕਸਾਈਡ ਗੈਸ ਪੈਦਾ ਹੋ ਰਹੀ ਹੈ ਜੋ ਉਹ ਸਾਹ ਕਿਰਿਆ ਦੌਰਾਨ ਬਾਹਰ ਕੱਢ ਰਿਹਾ ਹੈ। ਅਗਰ ਇਹ ਪ੍ਰਯੋਗ ਕੀਤਾ ਹੁੰਦਾ ਤਾਂ ਮੈਂ ਦਾਵੇ ਨਾਲ ਇਹ ਕਹਿ ਸਕਦਾ ਹਾਂ ਕਿ ਇਸ ਪ੍ਰਯੋਗ ਵਿਚ ਉਸਦਾ ਦਾਅਵਾ ਗਲਤ ਸਾਬਿਤ ਹੋ ਜਾਂਦਾ ਕਿਉਂਕਿ ਇਸ ਦੁਨੀਆ ਵਿਚ ਅਜਿਹਾ ਕੋਈ ਵੀ ਪ੍ਰਾਣੀ ਨਹੀਂ ਜੋ ਭੋਜਨ ਅਤੇ ਪਾਣੀ ਤੋਂ ਬਗੈਰ ਕੁਝ ਦਿਨ ਜਿੰਦਾ ਰਹਿ ਸਕੇ। ਇੰਨੇ ਵੱਡੇ-ਵੱਡੇ ਪ੍ਰਯੋਗ ਕਰਕੇ ਉਨ੍ਹਾਂ ਡਾਕਟਰਾਂ ਅਤੇ ਵਿਗਿਆਨੀਆਂ ਨੇ ਆਪਣਾ ਸਮਾਂ ਹੀ ਬਰਬਾਦ ਕੀਤਾ ਹੈ ਜਾਂ ਉਹ ਉਸ (ਹੱਠ-ਯੋਗੀ) ਨਾਲ ਹੀ ਮਿਲੇ ਹੋਏ ਹਨ ਤਾਂ ਕਿ ਹੱਠ-ਯੋਗ ਪ੍ਰਚਾਰ ਹੋ ਸਕੇ ਤੇ ਲੋਕਾਂ ਦੀ ਸੋਚ ਪਿਛਲੱਗੂ ਬਣੀ ਰਹੇ।

– *ਅੰਗਰੇਜ਼ ਸਿੰਘ,* ਤਰਕਸ਼ੀਲ ਸੋਸਾਇਟੀ (ਭਾਰਤ) ਜੋਨ-ਫਾਜ਼ਿਲਕਾ।
ਮੋਬਾਇਲ ਨੰ: 98159-75831

# ਚਮਤਕਾਰੀ ਬਾਬਿਆਂ ਦਾ ਸੱਚ ਅੰਧਵਿਸ਼ਵਾਸ

*ਮੂਲ – ਵ੍ਰਿਹਸਪਤਿ ਕੁਮਾਰ ਪਾਂਡੇ * ਅਨੁਵਾਦਕ : ਪਵਨ ਕੁਮਾਰ ਰੱਤੋਂ*

ਭਾਰਤ ਵਿਚ ਅੰਧਵਿਸ਼ਵਾਸ ਅਤੇ ਧਰਮ ਦੇ ਨਾਂ ਉੱਤੇ ਅਨਪੜ੍ਹ ਹੀ ਨਹੀਂ, ਸਗੋਂ ਪੜ੍ਹੀ ਲਿਖੀ ਜਨਤਾ ਵੀ ਮੂਰਖ ਬਣਾ ਕੇ ਰੋਜ਼ਾਨਾ ਠੱਗੀ ਜਾਂਦੀ ਰਹਿੰਦੀ ਹੈ। ਤਥਾਕਥਿਤ ਚਮਤਕਾਰਾਂ ਅਤੇ ਚਮਤਕਾਰੀਆਂ ਨੂੰ ਭਾਰਤ ਵਰਗੇ ਅੰਧਵਿਸ਼ਵਾਸੀ ਦੇਸ਼ ਵਿਚ ਹਮੇਸ਼ਾ ਤੋਂ ਨਮਸਕਾਰ ਕੀਤਾ ਜਾਂਦਾ ਹੈ।

ਜਦ ਵੀ ਕੋਈ ਢੋਂਗੀ ਜਾਂ ਪਾਖੰਡੀ ਕੁਝ ਅਜਿਹੇ ਕਾਰਨਾਮੇ ਦਿਖਾਉਂਦਾ ਹੈ, ਤਾਂ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਲੋਕ ਉਸ ਢੋਂਗੀ ਦੇ ਭਗਤ ਬਣ ਜਾਂਦੇ ਹਨ ਅਤੇ ਫੇਰ ਸ਼ੁਰੂ ਹੁੰਦਾ ਹੈ ਚੜ੍ਹਾਵਿਆਂ ਅਤੇ ਦਾਨਪੁੰਨ ਦਾ ਖੇਲ।

ਇਹ ਕਿਹੋ ਜਿਹੇ ਚਮਤਕਾਰ ਹਨ: ਅਜਿਹੇ ਕਈ ਚਮਤਕਾਰ ਹਨ, ਜਿਹੜੇ ਸਾਨੂੰ ਹੈਰਾਨੀ ਦੇ ਨਾਲ ਨਾਲ ਠੱਗੀ ਦਾ ਸ਼ਿਕਾਰ ਬਣਾ ਦੇਂਦੇ ਹਨ। ਕਈ ਚਮਤਕਾਰੀ ਤਾਂ ਖਾਲੀ ਹੱਥ ਹਵਾ ਵਿਚ ਲਹਿਰਾਉਂਦੇ ਹਨ ਅਤੇ ਰਾਖ ਆ ਜਾਂਦੀ ਹੈ। ਇਸੇ ਤਰ੍ਹਾਂ ਅੰਗੂਠਾ ਕੱਟਣਾ, ਨਾਰੀਅਲ ਵਿਚ ਭੂਤ ਦਾ ਦਾਹ ਸੰਸਕਾਰ, ਮੂੰਹ ਵਿਚੋਂ ਸ਼ਿਵਲਿੰਗ ਕੱਢਣਾ, ਦਹਿਕਦੇ ਅੰਗਾਰਿਆਂ ਉਤੇ ਚੱਲਣਾ, ਖਾਲੀ ਹੱਥ ਵਿਚ ਅੰਗੂਠੀ ਆ ਜਾਣਾ ਵਰਗੇ ਚਮਤਕਾਰ ਚਮਤਕਾਰੀਆਂ ਦੁਆਰਾ ਕੀਤੇ ਜਾਂਦੇ ਹਨ।

ਦੱਖਣ ਭਾਰਤ ਵਿਚ ਸੱਤਿਆ ਨਾਰਾਇਣ ਰਾਜੂ ਨਾਂ ਦੇ ਇਕ ਸ਼ਖ਼ਸ ਨੇ ਇਸੇ ਤਰ੍ਹਾਂ ਦੇ ਚਮਤਕਾਰ ਕਰਨੇ ਸ਼ੁਰੂ ਕੀਤੇ। ਉਸਨੇ ਹਵਾ ਵਿਚ ਹੱਥ ਲਹਿਰਾ ਕੇ ਭਭੂਤ ਪੈਦਾ ਕਰਨਾ, ਮੂੰਹ ਤੋਂ ਸ਼ਿਵਲਿੰਗ ਕੱਢਣਾ, ਹਵਾ ਵਿਚ ਹੱਥ ਘੁਮਾ ਕੇ ਚਮਤਕਾਰੀ ਅੰਗੂਠੀ ਪੈਦਾ ਕਰਨਾ ਵਗੈਰਾ ਦਿਖਾਉਣਾ ਸ਼ੁਰੂ ਕੀਤਾ। ਦੇਖਦੇ ਹੀ ਦੇਖਦੇ ਉਹ ਸ਼ਖ਼ਸ ਸਤਿਆ ਸਾਈ ਬਾਬਾ ਦੇ ਨਾਂ ਨਾਲ ਮਸ਼ਹੂਰ ਹੋ ਗਿਆ।

ਫੇਰ ਸ਼ੁਰੂ ਹੋਇਆ ਚੜ੍ਹਾਵਿਆਂ ਦਾ ਖੇਲ। ਹਰ ਰੋਜ਼ ਲੱਖਾਂ ਰੁਪਏ ਚੜ੍ਹਾਵੇ ਵਿਚ ਆਉਣ ਲੱਗੇ। ਆਮ ਜਨਤਾ ਤਾਂ ਉਸ ਦੀ ਭਗਤ ਬਣੀ ਹੀ, ਭਾਰਤ ਦੇ ਮੁੱਖ ਚੋਣ ਕਮਿਸ਼ਨਰ ਰਹਿ ਚੁੱਕੇ ਟੀਏਨ ਸ਼ੇਸ਼ਨ ਵੀ ਉਸ ਦੇ ਚਮਤਕਾਰਾਂ ਦੇ ਜਾਲ ਵਿਚ ਫਸ ਗਏ, ਪਰੰਤੂ ਕੁਝ ਜਾਗਰੂਕ ਲੋਕਾਂ ਦੀ ਕੋਸ਼ਿਸ਼ ਨਾਲ ਸੱਤਿਆ ਸਾਈਂ ਬਾਬਾ ਦੇ ਚਮਤਕਾਰਾਂ ਦਾ ਭੇਤ ਖੋਲ੍ਹ ਦਿੱਤਾ। ਸੱਚਾਈ ਜਾਣ ਕੇ ਭਗਤਾਂ ਨੂੰ ਤਕੜਾ ਝਟਕਾ ਲੱਗਾ।

ਕੁਝ ਇਸੀ ਤਰ੍ਹਾਂ ਦੇ ਚਮਤਕਾਰ ਉਤਰ ਪ੍ਰਦੇਸ਼ ਦੇ ਪੂਰਬੀ ਜ਼ਿਲ੍ਹਿਆਂ ਵਿਚ ਗੰਵਈ ਸਮੂਹ ਵਿਚ ਹੁੰਦੇ ਰਹਿੰਦੇ ਹਨ। ਨਰਾਤਿਆਂਅਤੇ ਧਾਰਮਿਕ ਤਿਉਹਾਰਾਂ ਉਤੇ ਕੁਝ ਗਿਣੇ ਚੁਣੇ ਲੋਕਾਂ ਦੇ ਸਿਰ ਉਤੇ ਕਾਲੀ ਮਾਂ ਆਉਂਦੀ ਹੈ। ਕਾਲੀ ਮਾਂ ਨੂੰ ਸ਼ਾਂਤ ਕਰਨ ਦੇ ਲਈ ਲੋਕ ਮਘਦੇ ਹੋਏ ਕੋਲਿਆਂ ਉਤੇ ਨੰਗੇ ਪੈਰ ਚਲਦੇ ਹਨ ਅਤੇ ਜਲਦਾ ਹੋਇਆ ਕਪੂਰ ਆਪਣੀ ਜੀਭ ਉਤੇ ਰੱਖ ਲੈਂਦੇ ਹਨ। ਦੇਖਦੇ ਹੀ ਦੇਖਦੇ ਉਹ ਆਦਮੀ ਅੱਗ ਨਿਗਲ ਜਾਂਦਾ ਹੈ, ਫੇਰ ਕਾਲੀ ਮਾਂ ਦੇ ਸ਼ਾਂਤ ਹੁੰਦੇ ਸਾਰ ਉਹ ਚੜ੍ਹਾਵਾ ਲੈ ਕੇ ਆਪਣੇ ਘਰ ਚਲਿਆ ਜਾਂਦਾ ਹੈ।

ਇਸ ਦੀ ਅਸਲੀਅਤ : 35 ਸਾਲਾਂ ਤੋਂ ਅੰਧਵਿਸ਼ਵਾਸ ਵਧਾਉਣ ਵਾਲੇ ਚਮਤਕਾਰਾਂ ਦੇ ਵਿਰੁੱਧ ਮੁਹਿੰਮ ਚਲਾ ਰਹੇ ਮੰਗਲੌਰ ਯੂਨੀਵਰਸਿਟੀ ਵਿਚ ਬਾਇਓਕੈਮਿਸਟੀ ਦੇ ਪ੍ਰੋਫੈਸਰ ਰਹਿ ਚੁੱਕੇ ਡਾਕਟਰ ਨਰੇਂਦਰ ਨਾਇਕ ਜੀਭ ਉਤੇ ਕਪੂਰ ਜਲਾਉਣ ਅਤੇ ਅੱਗ ਖਾਣ ਦੇ ਸਵਾਲ ਉਤੇ ਕਹਿੰਦੇ ਹਨ ਕਿ ਅੱਗ ਦੀ ਲੋਅ ਕਪੂਰ ਦੇ ਹੇਠਲੇ ਹਿੱਸੇ ਤੱਕ ਨਹੀਂ ਪਹੁੰਚਦੀ ਹੈ। ਗੈਸ ਬਣਨ ਦੇ ਕਾਰਨ ਕਪੂਰ ਜੀਭ ਉਤੇ ਪਿਘਲ ਕੇ ਨਹੀਂ ਆਉਂਦੀ ਹੈ। ਗਿੱਲੀ ਜੀਭ ਹੋਣ ਤੇ ਕਾਰਨ ਤੋਂ ਵੀ ਆਂਚ ਨਹੀਂ ਲਗਦੀ। ਮੂੰਹ ਬੰਦ ਕਰਕੇ ਸਾਰ ਆਕਸੀਜਨ ਦੀ ਘਾਟ ਵਿਚ



ਅੱਗ ਆਪਣੇ ਆਪ ਬੁੱਝ ਜਾਂਦੀ ਹੈ।

ਪਿੰਡ ਵਿਚ ਆਮ ਤੌਰ ਉਤੇ ਝਾੜਫੂਕ (ਝਾੜਾ ਦੇਣਾ, ਮੰਤਰ ਨਾਲ ਰਾਜ਼ੀ ਕਰਨਾ) ਕਰ ਕੇ ਭੂਤ ਦੀ (ਕਿਰਿਆ-ਕਰਮ, ਦਾਹ-ਸੰਸਕਾਰ) ਕਰਨ ਦੀ ਦੁਕਾਨ ਸਜ਼ਾ ਕੇ ਕਈ ਲੋਕ ਮੋਟੀ ਰਕਮ ਠੱਗਦੇ ਹਨ। ਤਾਂਤਰਿਕ ਇਕ ਥਾਂ ਉਤੇ ਮਰੀਜ਼ਾਂ ਨੂੰ ਬੁਲਾਉਂਦੇ ਹਨ, ਫੇਰ ਨਬਜ਼ ਦੇਖਣ ਦੇ ਬਹਾਨੇ ਉਨ੍ਹਾਂ ਦੀ ਹਥੇਲੀ ਉਤੇ ਫਿਨੋਲਫਥੇਲੀਨ ਨਾਂ ਦਾ ਪਾਊਡਰ ਲਗਾ ਦੇਂਦੇ ਹਨ। ਫੇਰ ਚੂਨਾ ਲਗਾਉਂਦੇ ਸਾਰ ਉਸ ਵਿਅਕਤੀ ਦਾ ਹੱਥ ਲਾਲ ਹੋ ਜਾਂਦਾ ਹੈ।

ਇਸ ਦੌਰਾਨ ਜੇਕਰ ਕੋਈ ਪੀੜਿਤ ਘੱਟ ਬੀਮਾਰ ਹੋਵੇ, ਤਾਂ ਉਸ ਨੂੰ ਦਿਮਾਗੀ ਰੂਪ ਤੋਂ ਬੀਮਾਰ ਬਣਾ ਕੇ ਭੂਤ ਦੀ ਅੰਤਯੇਸ਼ਟੀ (ਕਿਰਿਆ-ਕਰਮ) ਦੇ ਲਈ ਧਾਰਮਿਕ ਪੂਜਨ ਅਤੇ ਪੂਜਾ ਪਾਠ ਦੇ ਨਾਂ ਉਤੇ ਮੋਟੀ ਰਕਮ ਵਸੂਲ ਕੀਤੀ ਜਾਂਦੀ ਹੈ। ਇਸ ਦੇ ਬਾਦ ਚਮਤਕਾਰੀ ਭੂਤ ਨੂੰ ਪਕੜ ਕੇ ਜਟਾਧਾਰੀ ਨਾਰੀਅਲ ਵਿਚ ਰੱਖ ਕੇ ਮੰਤਰ ਪੜ੍ਹ ਕੇ ਪਾਣੀ ਛਿੜਕਦੇ ਹਨ।

ਪਾਣੀ ਦੀਆਂ ਬੂੰਦਾਂ ਪੈਂਦੇ ਸਾਰ ਇਕ ਧਮਾਕਾ ਹੁੰਦਾ ਹੈ ਅਤੇ ਧੂੰਏਂ ਦੇ ਨਾਲ ਅੱਗ ਲੱਗ ਜਾਂਦੀ ਹੈ। ਇਸ ਦੇ ਨਾਲ ਹੀ ਨਾਰੀਅਲ ਨੂੰ ਜ਼ਮੀਨ ਉੱਤੇ ਪਟਕਣ ਨਾਲ ਭੂਤ ਦਾ ਖੂਨ ਉਸ ਵਿਚੋਂ ਬਾਹਰ ਨਿਕਲਣ ਲੱਗਦਾ ਹੈ। ਇਸ ਨਾਲ ਲੋਕ ਸਮਝਦੇ ਹਨ ਕਿ ਨਾਰੀਅਲ ਵਿਚ ਆਏ ਭੂਤ ਦੀ ਅੰਤਯੇਸ਼ਟੀ (ਦਾਹ ਸੰਸਕਾਰ) ਹੋ ਗਈ ਹੈ।

ਗੰਵਈਂ (ਛੋਟਾ ਪਿੰਡ; ਮਾਜਰਾ) ਸਮਾਜ ਵਿਚ ਅੰਧਵਿਸ਼ਵਾਸ ਦੇ ਖਿਲਾਫ਼ ਕੰਮ ਕਰ ਰਹੀ ਸਵੈਇੱਛਿਕ ਸੰਸਥਾ 'ਯੁਵਾ ਵਿਕਾਸ ਸਮਿਤੀ' ਦੇ ਮੁਖੀ ਰਾਮਮਨੀ ਪਾਂਡੇ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਕਾਰਨਾਮਿਆਂ ਵਿਚ ਕੋਈ ਚਮਤਕਾਰ ਨਹੀਂ ਹੁੰਦਾ ਹੈ, ਸਗੋਂ ਨਾਰੀਅਲ

ਵਿਚ ਪਹਿਲਾਂ ਤੋਂ ਹੀ ਸੋਡੀਅਮ ਮੈਟਲ ਨਾਂ ਦਾ ਕੈਮੀਕਲ ਛਿਪਾ ਕੇ ਰੱਖ ਦਿੱਤਾ ਜਾਂਦਾ ਹੈ, ਜੋ ਪਾਣੀ ਵਿਚ ਮਿਲਦੇ ਸਾਰ ਧਮਾਕਾ ਕਰਦਾ ਹੈ ਅਤੇ ਅੱਗ ਲੱਗ ਜਾਂਦੀ ਹੈ।

ਖੜੇ ਨਾਰੀਅਲ ਤੋਂ ਖ਼ੂਨ ਕੱਢਣਾ ਕੋਈ ਚਮਤਕਾਰ ਨਹੀਂ ਹੁੰਦਾ ਹੈ, ਸਗੋਂ ਨਾਰੀਅਲ ਦੀ ਅੱਖ ਵਿਚ ਛੋਟਾ ਜਿਹਾ ਛੇਕ ਕਰ ਕੇ ਪੋਟੈਸ਼ੀਅਮ ਪਰਮੈਂਗਨੇਟ, ਜਿਸਨੂੰ ਅਸੀਂ ਲਾਲ ਦਵਾਈ ਦੇ ਨਾਂ ਨਾਲ ਜਾਣਦੇ ਹਾਂ, ਕੁਝ ਟੁਕੜੇ ਪਾ ਦੇਂਦੇ ਹਾਂ, ਜਿਹੜਾ ਨਾਰੀਅਲ ਦੇ ਪਾਣੀ ਨੂੰ ਲਾਲ ਕਰ ਦੇਂਦਾ ਹੈ।

ਚਮਤਕਾਰ ਮਹਜ (ਸਿਰਫ) ਭਰਮ ਹੈ : ਗੱਲਬਾਤ ਡਾਕਟਰ ਨਾਇਕ, ਸਮਾਜਿਕ ਕਾਮਾ ਨਾਲ ਜੋ ਕਰਨਾਟਕ ਦੇ ਮੰਗਲੌਰ ਦੇ ਬੀ. ਪ੍ਰੇਮਾਨੰਦ ਦੇ ਚੇਲਾ ਰਹਿ ਚੁੱਕਾ ਹੈ। ਉਹ ਵਿਦੇਸ਼ਾਂ ਵਿਚ ਸਿਖਲਾਈ ਕੇਂਦਰ ਚਲਾ ਕੇ ਲੋਕਾਂ ਨੂੰ ਚਮਤਕਾਰਾਂ ਦੇ ਖਿਲਾਫ਼ ਜਾਗਰੂਕ ਕਰ ਰਹੇ ਹਨ। ਉਹ ਚਮਤਕਾਰਾਂ ਦੀ ਪੋਲ ਖੋਲ੍ਹ ਰਹੇ ਹਨ। ਪੇਸ਼ ਹਨ, ਉਨ੍ਹਾਂ ਨਾਲ ਹੋਈ ਗੱਲਬਾਤ ਦੇ ਕੁਝ ਖਾਸ ਅੰਸ਼ :

* ਕੀ ਸੱਚਮੁੱਖ ਚਮਤਕਾਰ ਹੁੰਦੇ ਹਨ?

– ਨਹੀਂ, ਇਹ ਸਾਡੇ ਦੇਖਣ ਦਾ ਨਜ਼ਰੀਆਂ ਹੁੰਦਾ ਹੈ। ਚਮਤਕਾਰ ਵਿਖਾ ਕੇ ਮਨ ਵਿਚ ਮਹਜ ਭਰਮ ਪੈਦਾ ਕਰਨਾ ਹੁੰਦਾ ਹੈ ਹੋਰ ਕੁੱਝ ਨਹੀਂ। ਅਸੀਂ ਉਸਨੂੰ ਜਿਸ ਰੂਪ ਵਿਚ ਦੇਖਾਂਗੇ, ਉਹੀ ਸਾਨੂੰ ਦਿਖਾਈ ਦੇਵੇਗਾ। ਚਮਤਕਾਰਾਂ ਦਾ ਸੱਚ ਜਾਨਣ ਦੇ ਲਈ ਸਾਨੂੰ ਚਮਤਕਾਰਾਂ ਦੇ ਅੰਦਰ ਝਾਂਕਣਾ ਹੋਵੇਗਾ।

* ਅੱਗ ਉਤੇ ਨੰਗੇ ਪੈਰ ਚੱਲਣਾ ਕਿਵੇਂ ਸੰਭਵ ਹੁੰਦਾ ਹੈ?

– ਇਹ ਅੱਗ ਦੇ ਨਾਲ ਕੀਤੇ ਜਾਣ ਵਾਲੇ ਚਮਤਕਾਰਾਂ ਦਾ ਇਕ ਭਾਗ ਹੈ। ਜਿਵੇਂ ਖੌਲਦੇ ਤੇਲ ਵਿਚ ਹੱਥ ਪਾਉਣਾ, ਸਿਰ ਉਤੇ ਚਾਹ ਬਣਾਉਣਾ, ਅਗਨੀ ਇਸ਼ਨਾਨ, ਇਸ ਵਿਚ ਰਾਖ ਸਹਿਤ ਦਹਿਕਦੇ ਅੰਗਾਰਿਆਂ ਨੂੰ ਬਰਾਬਰ ਵਿਛਾ ਕੇ ਉਸੇ 4 ਸੈਕਿੰਡ ਦੇ ਅੰਦਰ ਨੰਗੇ ਪੈਰ ਪਾਰ ਕੀਤਾ ਜਾਂਦਾ ਹੈ। ਇਸ ਦੌਰਾਨ ਪੈਰਾਂ ਦੇ ਤਲਵਿਆਂ ਦੀ ਨਮੀ ਦੇ ਭਾਫ਼ ਬਣਨ ਨਾਲ ਸਾਡੇ ਪੈਰ ਨਹੀਂ ਜਲਦੇ ਹਨ।

* ਸੱਤਿਆ ਸਾਈਂ ਬਾਬੇ ਦੁਆਰਾ ਖਾਲੀ ਹੱਥ ਤੋਂ ਭਭੂਤ ਪੈਦਾ ਕਰਨਾ ਚਮਤਕਾਰ ਹੈ ਜਾਂ ਕੁਝ ਹੋਰ?

– ਸੱਤਿਆ ਸਾਈਂ ਬਾਬੇ ਵਰਗੇ ਜਿਹੜੇ ਵੀ ਲੋਕ ਇਸ ਤਰ੍ਹਾਂ ਦੇ ਚਮਤਕਾਰ ਕਰਦੇ ਹਨ, ਉਹ ਪਹਿਲਾਂ ਤੋਂ ਹੀ ਅੰਗੂਠੇ ਦੇ ਵਿਚ ਭਭੂਤ ਦੀ ਗੋਲੀ, ਜਿਹੜੀ ਚੌਲਾਂ ਦੀ ਪਿੱਛ ਅਤੇ ਗੋਹੇ ਦੀ ਪਾਥੀ ਦੀ ਰਾਖ ਨਾਲ ਬਣੀ ਹੁੰਦੀ ਹੈ, ਛਿਪਾ ਕੇ ਰੱਖਦੇ ਹਨ ਅਤੇ ਹਵਾ ਵਿਚ ਹੱਥ ਲਹਿਰਾਉਂਦੇ ਸਮੇਂ ਉਂਗਲੀਆਂ ਵਿਚ ਪਕੜ ਕੇ ਭਭੂਤ ਕੱਢਣਾ ਸ਼ੁਰੂ ਕਰ ਦੇਂਦੇ ਹਨ। ਉਨ੍ਹਾਂ ਨੂੰ ਕਹੋ ਕਿ ਭਭੂਤ ਹੀ ਕਿਉਂ, ਕੱਦੂ, ਘੀਆ ਵਰਗੀ ਵੱਡੀਆਂ ਚੀਜ਼ਾਂ ਕੱਢੋ। ਇਸ ਨਾਲ ਇਨ੍ਹਾਂ ਚਮਤਕਾਰੀਆਂ ਦੀ ਪੋਲ ਆਪਣੇ ਆਪ ਖ਼ੁਦ ਖੁੱਲ੍ਹ ਜਾਵੇਗੀ।

* ਚਮਤਕਾਰਾਂ ਨੂੰ ਲੈ ਕੇ ਆਮ ਆਦਮੀ ਨੂੰ ਕੀ ਕਹੋਗੇ?

ਅਸੀਂ ਤਾਂ ਇਹੀ ਕਹਾਂਗੇ ਕਿ ਅਜਿਹੇ ਕਿਸੇ ਚਮਤਕਾਰ ਦੇ ਚੱਕਰ ਵਿਚ ਨਾ ਪਵੋ।

## ਜ਼ਰੂਰੀ ਸੂਚਨਾ

'ਤਰਕਭਾਰਤੀ ਪ੍ਰਕਾਸ਼ਨ ਬਰਨਾਲਾ' ਦਾ ਆਨਲਾਈਨ ਬੈਂਕ ਖ਼ਾਤਾ ਨੰਬਰ **658 020 110 000 010** ਹੈ। **ਬੈਂਕ ਆਫ਼ ਇੰਡੀਆ** ਦੇ ਇਸ ਖ਼ਾਤਾ ਨੰਬਰ ਵਿੱਚ ਤੁਸੀਂ ਪੈਸੇ ਜਮ੍ਹਾ ਕਰਵਾਕੇ ਵੀ ਵਿਗਿਆਨ ਜੋਤ ਆਪਣੇ ਘਰ ਲਗਵਾ ਸਕਦੇ ਹੋ ਜਾਂ ਕਿਤਾਬਾਂ ਮੰਗਵਾ ਸਕਦੇ ਹੋ। ਤੁਸੀਂ ਸਾਨੂੰ ਟੈਲੀਫੋਨ ਰਾਹੀਂ ਜਾਂ ਲਿਖਤੀ ਇਹ ਸੂਚਨਾ ਦੇਣੀ ਹੈ ਕਿ ਅਸੀਂ ਪੈਸੇ ਜਮ੍ਹਾ ਕਰਵਾ ਦਿੱਤੇ ਹਨ।

## तर्कभारती प्रकाशन, बरनाला की हिन्दी व अंग्रेजी में प्रकाशित पुस्तकें

| | | |
|---|---|---|
| 1. | और देव पुरुष हार गये | 25/- |
| 2. | देव और दानव | 40/- |
| 3. | भुतों का शिकार | 40/- |
| 4. | विज्ञान और पराविज्ञान | 40/- |
| 5. | रौशनी | 20/- |
| 6. | प्रमात्मा कब, कहां, और कैसे ? | 20/- |
| 7. | हिप्नोटिजम क्या, क्यों और कैसे ? | 15/- |
| 8. | कण-कण में विज्ञान | 15/- |
| 9. | ज्योतिष झुठ बोलता है ! | 30/- |
| 10. | तर्कशील जादुगर | 20/- |
| 11. | वैज्ञानिक जादुगर | 20/- |
| 12. | रजनीश बेनकाब | 30/- |
| 13. | मैं कौन हूं | 20/- |
| 14. | अतीत के साये में | 40/- |
| 15. | लेकिन ये सच है | 40/- |
| 16. | जीवन संग्राम | 30/- |
| 17. | समय का इतिहास | 20/- |
| 18. | दिमागी विकास कैसे करें | 20/- |
| 19. | **शहीद भगत सिंह की कुछ चुनिंदा रचनाऐं** | 50/- |
| 20. | **धर्म के नाम पर दरिन्दगी** | 30/- |
| 21. | **झुठ की पुजा** | 40/- |
| 22. | **तर्कशील संदेश** | 30/- |
| 23. | **तर्कशील वार्ता** | 40/- |
| 24. | **सिक्ख भाईयों से कुछ बातें** | 40/- |
| 25. | Fortune Telling Exposed | 70/- |

## ਵਿਗਿਆਨ ਜੋਤ ਦੇ ਲਾਈਫ਼ ਮੈਂਬਰ

344. ਸੁਦਰਸ਼ਨ ਕੁਮਾਰ S/o ਸ੍ਰੀ ਜੀਵਨ ਰਾਮ
ਪਿੰਡ : ਸੂਲਾਂ
ਡਾਕ : ਅਮੀਰ ਖਾਂ
ਤਹਿ : ਜਲਾਲਾਬਾਦ, ਜ਼ਿਲ੍ਹਾ : ਫਿਰੋਜ਼ਪੁਰ
ਮੋਬਾ : 94176-23732

345. ਰਘਵੀਰ ਸਿੰਘ S/o ਸ੍ਰ. ਚੇਤੰਨ ਸਿੰਘ
ਗੌਰਮਿੰਟ ਐਲੀਮੈਂਟਰੀ ਸਕੂਲ
ਹੀਰੇਵਾਲਾ
P.O : ਖਾਰਾ
Teh : ਮਾਨਸਾ
Distt : ਮਾਨਸਾ -151505

# ਕੰਪਿਊਟਰ ਦੀ ਦੁਨੀਆਂ 'ਚੋਂ.....

- ਅਮਿੱਤ ਮਿੱਤਰ

## ● ਸਾਈਬਰ ਕ੍ਰਾਈਮ ਦਾ ਸ਼ਿਕਾਰ ਹੋਣ ਵਾਲਿਆਂ 'ਚ ਨੰਬਰ 2 ਹਾਂ ਅਸੀਂ

ਜਿਵੇਂ ਜਿਵੇਂ ਦੁਨੀਆਂ 'ਚ ਇੰਟਰਨੈਟ ਦਾ ਫੈਲਾਅ ਹੋ ਰਿਹਾ ਹੈ, ਇਸ ਨਾਲ ਜੁੜੇ ਕ੍ਰਾਈਮ ਵੀ ਵਧਦੇ ਜਾ ਰਹੇ ਹਨ। ਇਕ ਕੰਪਿਊਟਰਸਕਿਊਰਿਟੀ ਕੰਪਨੀ ਨੇ ਨਵੇਂ ਅੰਕੜੇ ਪੇਸ਼ ਕੀਤੇ ਹਨ। ਇਸਦਾ ਕਹਿਣਾ ਹੈ ਕਿ ਦੁਨੀਆਂ ਭਰ ਦੇ ਦੋ ਤਿਹਾਈ ਇੰਟਰਨੈਟ ਵਰਤਣ ਵਾਲੇ ਸਾਈਬਰ ਕ੍ਰਾਈਮ ਦਾ ਸ਼ਿਕਾਰ ਬਣ ਰਹੇ ਹਨ। ਖਾਸ ਗੱਲ ਇਹ ਹੈ ਕਿ ਬਹੁਤ ਘੱਟ ਵਰਤਣ ਵਾਲੇ ਅਜਿਹੇ ਹਨ ਜਿਨ੍ਹਾਂ ਨੂੰ ਪਤਾ ਹੈ ਕਿ ਸਾਈਬਰ ਕ੍ਰਾਈਮਾਂ ਨੂੰ ਅੰਜਾਮ ਦੇਣ ਵਾਲੇ ਫੜੇ ਜਾਣਗੇ।

ਸਕਿਊਰਿਟੀ ਫਰਮ ਸਾਈਮਨਟੇਕ ਨੇ ਬੁੱਧਵਾਰ ਨੂੰ ਇਸ ਸਿਲਸਿਲੇ ਦੇ ਅੰਕੜੇ ਜਾਰੀ ਕੀਤੇ ਹਨ। ਜਿੱਥੋਂ ਤੱਕ ਓਨਲਾਈਨ ਕ੍ਰਾਈਮ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦਾ ਸਵਾਲ ਹੈ, ਇਸ 'ਚ ਚੀਨ ਸਭ ਤੋਂ ਅੱਗੇ ਹੈ। ਚੀਨ ਦੇ ਕਰੀਬ 83 ਫੀਸਦੀ ਇੰਟਰਨੈਟ ਯੂਜ਼ਰ ਕੰਪਿਊਟਰ ਵਾਇਰਸ, ਆਈਡੈਂਟਿਟੀ ਦੀ ਚੋਰੀ, ਕ੍ਰੈਡਿਟ ਕਾਰਡ ਨਾਲ ਜੁੜੀ ਧੋਖੇਧੜੀ ਦਾ ਸ਼ਿਕਾਰ ਹੁੰਦੇ ਹਨ। ਸਾਈਮਨਟੇਕ ਕੰਪਨੀ ਨੇ ਕੰਜਿਊਮਰ ਡਿਵੀਜਨ ਨਾਰਟਨ ਦੀ ਸਾਈਬਰ ਕ੍ਰਾਈਮ ਦੀ ਰਿਪੋਰਟ ਦੇ ਅਨੁਸਾਰ, ਸਾਈਬਰ ਕ੍ਰਾਈਮ ਦਾ ਸ਼ਿਕਾਰ ਹੋਣ ਵਾਲੇ ਦੇਸ਼ਾਂ 'ਚ ਚੀਨ ਤੋਂ ਬਾਅਦ ਭਾਰਤ ਅਤੇ ਬ੍ਰਾਜੀਲ ਸੰਯੁਕਤ ਰੂਪ 'ਚ ਦੂਸਰੇ ਨੰਬਰ ਤੇ ਹੈ। ਇਨ੍ਹਾਂ ਦੋਨਾਂ ਦੇਸ਼ਾਂ ਦੇ 76 ਪ੍ਰਤੀਸ਼ਤ ਇੰਟਰਨੈਟ ਯੂਜਰ ਸਾਈਬਰ ਕ੍ਰਾਈਮਾਂ ਦਾ ਟਾਰਗੇਟ ਬਣਦੇ ਹਨ। ਤੀਸਰੇ ਨੰਬਰ 'ਤੇ ਅਮਰੀਕਾ ਹੈ ਜਿੱਥੇ ਸ਼ਿਕਾਰ ਬਣਨ ਵਾਲੇ ਲੋਕ 73 ਪ੍ਰਤੀਸ਼ਤ ਹੈ।

ਸਾਈਬਰ ਕ੍ਰਾਈਮ ਦੇ ਸ਼ਿਕਾਰ ਲੋਕਾਂ ਨੇ ਮੰਨਿਆ ਹੈ ਕਿ ਉਨ੍ਹਾਂ ਨੂੰ ਇਸ ਨਾਲ ਕਾਫ਼ੀ ਗੁੱਸਾ ਆਉਂਦਾ ਹੈ ਅਤੇ ਉਹ ਠੱਗਿਆ ਹੋਇਆ ਮਹਿਸੂਸ ਕਰਦੇ ਹਨ। ਪਰ ਉਹ ਕੋਈ ਐਕਸ਼ਨ ਲੈਣ ਨੂੰ ਤਿਆਰ ਨਹੀਂ, ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅਜਿਹੀਆਂ ਕੋਸ਼ਿਸ਼ਾਂ ਬੇਕਾਰ ਸਾਬਿਤ ਹੋਣਗੀਆਂ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸਾਈਬਰ ਕ੍ਰਾਈਮ ਦੀ ਰਿਪੋਰਟ ਕਰਨਾ ਬੇਹਦ ਅਹਿਮ ਹੈ, ਕਿਉਂਕਿ ਕਈ ਵਾਰ ਜੋ ਮਾਮਲੇ ਵਿਅਕਤੀਗਤ ਤੌਰ 'ਤੇ ਛੋਟੇ ਲੱਗਦੇ ਹਨ, ਉਹ ਵੱਡੇ ਵੀ ਹੋ ਸਕਦੇ ਹਨ।

## ● ਬਸ 'ਟੱਚ' ਕਰੋ

ਬਦਲਦੇ ਜ਼ਮਾਨੇ ਦੇ ਨੌਜਵਾਨਾਂ 'ਚ ਟੱਚ ਸਕਰੀਨ ਕਾਫ਼ੀ ਦਿਲਚਸਪ ਹੈ। ਯੂਜਰ ਫ੍ਰੈਂਡਲੀ ਅਪਰੋਚ ਦੀ ਵਜ੍ਹਾ ਨਾਲ ਬੇਹੱਦ ਤੇਜੀ ਨਾਲ ਨੌਜਵਾਨਾਂ ਦੇ ਦਿਲਾਂ ਤੇ ਛਾ ਜਾਣ ਵਾਲੀ ਟੱਚ ਸਕਰੀਨ ਨੇ ਹਰੇਕ ਫੀਲਡ 'ਚ ਦਸਤਕ ਦਿੱਤੀ ਹੈ।

ਨੌਜਵਾਨਾਂ 'ਚ ਟੱਚ ਸਕਰੀਨ ਦਾ ਸੌਂਕ ਕਾਫ਼ੀ ਵਧਦਾ ਜਾ ਰਿਹਾ ਹੈ। ਫਿਰ ਇਹ ਚਾਹੇ ਟੱਚ ਸਕਰੀਨ ਦੇ ਮੋਬਾਇਲ ਹੋਣ, ਟੱਚ ਸਕਰੀਨ ਦੇ ਕੰਪਿਊਟਰ ਤੇ ਮਨੀਟਰ, ਐਮਪੀ3, ਜਾਂ ਟੀ. ਵੀ. ਲੋਕ ਟੱਚ ਸਕਰੀਨ ਦੇ ਕਾਫ਼ੀ ਦੀਵਾਨੇ ਹੋ ਗਏ ਹਨ। ਦਰਅਸਲ, ਟੱਚ ਸਕਰੀਨ ਗੈਜੇਟਰਸ ਨੇ ਆਪਣੀਆਂ ਸਹੂਲਤਾਂ ਦੇ ਕਾਰਨ ਅਤੇ ਯੂਜਰ ਫ੍ਰੈਂਡਲੀ ਅਪਰੋਚ ਦੀ ਵਜ੍ਹਾ ਨਾਲ ਨਵੀਂ ਨੌਜਵਾਨ ਪੀੜ੍ਹੀ ਵਿੱਚ ਕਾਫ਼ੀ ਤੇਜੀ ਨਾਲ ਆਪਣੀ ਜਗ੍ਹਾ ਬਣਾਈ ਹੈ।

ਗੌਰਤਲਬ ਹੈ ਕਿ ਟੱਚ ਸਕਰੀਨ ਦਾ ਦਾਇਰਾ ਕਾਫ਼ੀ ਤੇਜੀ ਨਾਲ ਫੈਲ ਰਿਹਾ ਹੈ। ਅੱਜਕਲ ਤਾਂ ਹਰ ਫੀਲਡ 'ਚ ਇਸ ਟੈਕਨੋਲੋਜੀ ਦਾ ਇਸਤੇਮਾਲ ਹੋ ਰਿਹਾ ਹੈ। ਹੁਣ ਐਲ. ਸੀ. ਡੀ., ਥਰਮਲ ਪ੍ਰਿੰਟਰ, ਗੇਮਾਂ, ਇੰਡਸਟਰੀ, ਸਮਾਰਟਕਾਰਡ ਰੀਡਰ ਅਤੇ ਏ. ਟੀ. ਐਮ. ਟਚ ਸਕਰੀਨ ਦਾ ਇਸਤੇਮਾਲ ਆਮ ਹੋ ਗਿਆ ਹੈ। ਹਾਲਾਂਕਿ ਸ਼ੁਰੂਆਤ 'ਚ ਟੱਚ ਸਕਰੀਨ ਵਾਲੇ ਗੈਜਟਰਸ ਕਾਫ਼ੀ ਮਹਿੰਗੇ ਸੀ, ਪਰ ਹੁਣ ਇਹ ਟੈਕਨੋਲੋਜੀ ਇੰਨੀ ਸਸਤੀ ਹੋ ਗਈ ਹੈ ਕਿ ਇਸਦੇ ਗੈਜਟਰਸ ਖਰੀਦਣਾ ਲੋਕਾਂ ਦੇ ਲਈ ਆਮ ਹੋ ਗਿਆ ਹੈ। ਖਾਸ ਤੌਰ 'ਤੇ ਮੋਬਾਇਲ, ਲੈਪਟਾਪ, ਆਈਪੈਡ ਅਤੇ ਐਚ. ਡੀ. ਟੀ. ਵੀ. ਦੇ ਫੀਲਡ 'ਚ ਟੱਚ ਸਕਰੀਨ ਮੌਜੂਦ ਹੈ।

## ● ਗੁਗਲ ਦਾ ਹੋਰ ਨਵਾਂ ਤੇ ਤੇਜ਼ ਸਰਚ ਇੰਜਣ




ਗੁਗਲ ਇਨਸਟੈਂਟ ਨੂੰ ਅਮਰੀਕਾ 'ਚ ਸ਼ੁਰੂ ਕੀਤਾ ਗਿਆ ਹੈ ਅਤੇ ਹੁਣ ਇਹ ਬ੍ਰਿਟੇਨ, ਫਰਾਂਸ, ਜਰਮਨੀ, ਰੂਸ ਦੇ ਨਾਲ ਨਾਲ ਦੂਸਰੇ ਦੇਸ਼ਾਂ 'ਚ ਵੀ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਗੁਗਲ ਇਨਸਟੈਂਟ ਕ੍ਰੋਮ, ਫਾਇਰਫਾਕਸ, ਸਫ਼ਾਰੀ ਅਤੇ ਇੰਟਰਨੈਟ ਐਕਸਪਲੋਰਰ ਇਸ ਦੇ ਕੰਮ 'ਚ ਸਹਾਇਕ ਹਨ। ਮਾਅਰ ਨੇ ਕਿਹਾ ਕਿ ਗੁਗਲ ਇਸਟੈਂਟ ਖੋਜ ਦੀ ਦੁਨੀਆਂ 'ਚ ਇਕ ਵੱਡੀ ਉਪਲਬਧੀ ਹੈ। ਸਮਾਰਟ ਫੋਨਾਂ ਦੇ ਲਈ ਗੁਗਲ ਇਨਸਟੈਂਟ ਨੂੰ ਲਾਨਚ ਕਰਨ ਲਈ ਤਿਆਰੀ ਚਲ ਰਹੀ ਹੈ।

ਗੁਗਲ ਦੇ ਸੰਸਥਾਪਕਾਂ 'ਚ ਬ੍ਰਿਨ ਦਾ ਕਹਿਣਾ ਹੈ ਕਿ ਹੁਣ ਕੁਝ ਦੂਸਰੀਆਂ ਕੰਪਨੀਆਂ ਕੁਝ ਅਜਿਹਾਂ ਕਰਨ ਵਾਲੀਆਂ ਹਨ ਜਿਸ ਨਾਲ ਕੰਪਿਊਟਰ ਦੀ ਪਰਿਭਾਸ਼ਾ ਹੀ ਬਦਲ ਜਾਵੇਗੀ। ਮਜ਼ਾਕ ਕਰਦੇ ਹੋਏ ਬ੍ਰਿਨ ਨੇ ਕਿਹਾ ਕਿ ਗੁਗਲ ਇਸ ਕੋਸ਼ਿਸ਼ 'ਚ ਹੈ ਕਿ ਉਹ ਇਨਸਾਨ ਦੇ ਦਿਮਾਗ ਦਾ ਤੀਜਾ ਅੱਧਾ ਹਿੱਸਾ ਬਣ ਜਾਵੇ, ਹੁਣ ਤੱਕ ਤਾਂ ਦਿਮਾਗ ਦੇ ਦੋ ਹੀ ਹਿੱਸੇ ਸਨ ਪਰ ਤੀਸਰਾ ਹਿੱਸਾ ਗੁਗਲ ਹੋਵੇਗਾ ਮਤਲਬ ਕਿ ਇਸ ਤਰ੍ਹਾਂ ਉਹ ਇਨਸਾਨ ਦੀ ਜ਼ਿੰਦਗੀ 'ਚ ਵਸ ਜਾਵੇਗਾ।

ਗੁਗਲ ਨੇ ਆਪਣੇ ਸਰਚ ਇੰਜਣ 'ਚ ਇਕ ਨਵੀਂ ਤਕਨੀਕ ਪਾਈ ਹੈ ਕਿ ਇਹ ਟਾਈਪ ਕੀਤੇ ਜਾਣ ਵਾਲੇ ਅੱਖਰਾਂ ਦੇ ਵਿਸ਼ੇ ਨੂੰ ਪਹਿਚਾਣ ਲਵੇਗਾ, ਇੰਨਾ ਹੀ ਨਹੀਂ ਗੁਗਲ ਇੰਸਟੈਂਟ 'ਚ ਅੱਖਰਾਂ ਨੂੰ ਟਾਈਪ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਇੰਸਟੈਂਟ 'ਚ ਪਹਿਲੇ ਟਰਮ ਨੂੰ ਫੜਨ ਦੇ ਲਈ ਗੁਗਲ 9 ਸੈਕਿੰਡ ਦਾ ਸਮਾਂ ਲੈਂਦਾ ਹੈ ਅਤੇ ਕਈ ਵਾਰ ਤਾਂ ਇਹ 30-40 ਸੈਕਿੰਡ ਤੱਕ ਪਹੁੰਚ ਜਾਂਦਾ ਹੈ ਪਰ ਹੁਣ ਇਹ ਸਰਚ ਘੱਟ ਤੋਂ ਘੱਟ 3 ਸੈਕਿੰਡ 'ਚ ਹੀ ਪੂਰੀ ਹੋ ਜਾਵੇਗੀ। ਇਸ ਸਮੇਂ ਇਕ ਅਰਬ ਤੋਂ ਜ਼ਿਆਦਾ ਲੋਕ ਗੁਗਲ ਦਾ ਇਸਤੇਮਾਲ ਕਰਦੇ ਹਨ, ਇਸਦਾ ਮਤਲਬ ਹੈ ਕਿ ਹਰ ਰੋਜ਼ ਹਜ਼ਾਰਾਂ ਘੰਟੇ ਸਮੇਂ ਦੀ ਬੱਚਤ।



## ● ਈ-ਮੇਲ ਦੇ ਰਸਤੇ ਮੁਫ਼ਤ ਫੋਨ

ਗੂਗਲ ਹੁਣ ਆਪਣੇ ਗਾਹਕਾਂ ਨੂੰ ਈ-ਮੇਲ ਅਕਾਊਂਟ ਦੇ ਜ਼ਰੀਏ ਮੁਫ਼ਤ ਫੋਨ ਕਰਨ ਦੀ ਸੇਵਾ ਵੀ ਦੇਵੇਗਾ।

ਇੰਟਰਨੈੱਟ ਦੇ ਜ਼ਰੀਏ ਮੁਫ਼ਤ ਫੋਨ ਕਰਨ ਦੀ ਇਹ ਸੇਵਾ 'ਸਕਾਇਪ' ਵਰਗੀਆਂ ਕੰਪਨੀਆਂ ਦੀ ਮਦਦ ਨਾਲ ਦਿੱਤੀ ਜਾਵੇਗੀ।

ਫਿਲਹਾਲ ਇਹ ਸੇਵਾ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਲਈ ਉਪਲਬਧ ਕਰਵਾਈ ਜਾ ਰਹੀ ਹੈ।

ਇਸ ਸੁਵਿਧਾ ਦੇ ਜ਼ਰੀਏ ਦੁਨੀਆ ਭਰ ਵਿਚ ਗੂਗਲ ਦੇ ਈ-ਮੇਲ ਅਕਾਊਟ ਦਾ ਇਸਤੇਮਾਲ ਕਰਨ ਵਾਲੇ ਲੋਕ ਅਮਰੀਕਾ ਅਤੇ ਕੈਨੇਡਾ ਵਿਚ ਮੁਫ਼ਤ ਫੋਨ ਕਰ ਸਕਦੇ ਹਨ। ਗੂਗਲ ਉਪਰ ਇੰਟਰਨੈੱਟ ਦੇ ਜ਼ਰੀਏ ਇਕ ਕੰਪਿਊਟਰ ਤੋਂ ਦੂਜੇ ਕੰਪਿਊਟਰ ਉਪਰ ਫੋਨ ਅਤੇ ਵੀਡੀਓ ਚੈਟ ਦੀ ਸੁਵਿਧਾ ਪਹਿਲਾਂ ਤੋਂ ਹੀ ਉਪਲਬਧ ਹੈ।

ਫਿਲਹਾਲ ਇਹ ਨਵੀਂ ਸੇਵਾ ਇਸ ਸਾਲ ਦੇ ਅੰਤ ਤੱਕ ਜਾਰੀ ਰਹੇਗੀ।

ਗੂਗਲ ਦੇ ਸੰਚਾਰ ਵਿਭਾਗ ਦੇ ਪ੍ਰਬੰਧਕ ਕਰੇਗ ਬਾਕਰ ਨੇ ਬੀ ਬੀ ਸੀ ਨੂੰ ਦੱਸਿਆ ਕਿ, "ਇਹ ਇਕ ਵੱਡਾ ਫੈਸਲਾ ਹੈ ਕਿਉਂਕਿ ਇਸਦੇ ਨਾਲ ਗੂਗਲ ਦੇ ਕਈ ਹਜ਼ਾਰ ਗਾਹਕ ਆਪਣੇ ਈ-ਮੇਲ ਦੇ ਖਾਤੇ ਦੁਆਰਾ ਫੋਨ ਵੀ ਕਰ ਸਕਦੇ ਹਨ। ਇਸਦੇ ਲਈ ਉਨ੍ਹਾਂ ਨੂੰ ਕੋਈ ਨਵੀਂ ਤਕਨੀਕ ਵੀ ਨਹੀਂ ਅਪਨਾਉਣੀ ਪਵੇਗੀ। ਇਹ ਸੁਵਿਧਾ ਸੌਖੀ ਵੀ ਹੈ ਅਤੇ ਫਾਇਦੇਮੰਦ ਵੀ।

ਗੂਗਲ ਦਾ ਮੰਨਣਾ ਹੈ ਕਿ ਇਸ ਨਵੀਂ ਸਹੂਲਤ ਉਪਰ ਹੋਣ ਵਾਲਾ ਖਰਚ ਅਮਰੀਕਾ ਅਤੇ ਕੈਨੇਡਾ ਤੋਂ ਦੇਸ਼ ਵਿਚ ਕੀਤੀ ਜਾਣ ਵਾਲੀ ਫੋਨ ਕਾਲ ਤੋਂ ਕੱਢਿਆ ਜਾਵੇਗਾ।

'ਸਰਚਇਜ਼ਨਲੈਂਡ' ਨਾਂ ਦੀ ਤਕਨੀਕ ਲਿਖਣ ਵਾਲੇ ਡੈਨੀ ਸਲੀਵਰ ਦਾ ਕਹਿਣਾ ਹੈ, "ਮੈਂ ਇਸ ਗੱਲ ਤੋਂ ਹੈਰਾਨ ਨਹੀਂ ਹਾਂ ਕਿ ਗੂਗਲ ਨੇ ਸਵੀਕਾਰ ਕਰ ਲਿਆ ਹੈ ਕਿ ਉਹ ਇਸ ਮੁਫ਼ਤ ਸੇਵਾ ਦੇ ਤਹਿਤ ਪੈਸਾ ਕਮਾਉਣਾ ਚਹੁੰਦਾ ਹੈ।"

ਕਿਸੇ ਵੀ ਨਵੀਂ ਸੁਵਿਧਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਉਸ ਸੁਵਿਧਾ 'ਤੇ ਹੋਣ ਵਾਲਾ ਖਰਚ ਕਿੱਥੋਂ ਨਿਕਲੇਗਾ, ਇਸਦੇ ਬਾਰੇ ਵਿਚ ਉਸ ਨੇ ਕੋਈ ਪਹਿਲਾਂ ਵਿਚਾਰ ਵੀ ਨਹੀਂ ਕੀਤਾ ਸੀ, ਪਰ ਸਮੇਂ ਦੇ ਨਾਲ ਉਸਨੂੰ ਕਾਫੀ ਮੁਨਾਫ਼ਾ ਵੀ ਹੋ ਰਿਹਾ ਹੈ।

ਫਿਲਹਾਲ 'ਸਕਾਈਪ' ਵਰਗੀਆਂ ਕਈ ਕੰਪਨੀਆਂ ਹੀ ਇੰਟਰਨੈਟ ਦੇ ਦੁਆਰਾ ਮੁਫ਼ਤ ਗੱਲਬਾਤ ਦੀ ਸੁਵਿਧਾ ਦਿੰਦੀਆਂ ਹਨ। ਇਸਦੇ ਗਾਹਕਾਂ ਦੀ ਸੰਖਿਆ ਲਗਭਗ 5 ਕਰੋੜ 60 ਲੱਖ ਹੈ। ਇਨ੍ਹਾਂ ਵਿਚੋਂ ਲਗਭਗ 80 ਲੱਖ ਲੋਕ ਬੇਹਤਰ ਸੇਵਾਵਾਂ ਨਾਲ ਜੁੜ ਜਾਂਦੇ ਹਨ।

ਗੂਗਲ ਦੀ ਇਹ ਸੁਵਿਧਾ 'ਸਕਾਈਪ' ਦੇ ਬਾਜ਼ਾਰ ਉਪਰ ਕਬਜ਼ਾ ਕਰ ਸਕਦੀ ਹੈ। ਬਲਕਿ 'ਸਕਾਈਪ' ਲਈ ਇਹ ਕੋਈ ਵੱਡਾ ਖਤਰਾ ਨਹੀਂ ਹੈ ਕਿਉਂਕਿ ਗੂਗਲ ਦੀ ਇਸ ਸੁਵਿਧਾ ਦੇ ਦੁਆਰਾ ਫਿਲਹਾਲ ਮੋਬਾਇਲ 'ਤੇ ਫੋਨ ਨਹੀਂ ਕੀਤਾ ਜਾ ਸਕਦਾ।

ਇਸ ਨਵੀਂ ਸੁਵਿਧਾ ਦੇ ਦੁਆਰਾ ਗੂਗਲ ਉਨ੍ਹਾਂ ਲੋਕਾਂ ਨੂੰ ਵੀ ਲੱਭਣਾ ਚਾਹੁੰਦਾ ਹੈ ਜਿਨ੍ਹਾਂ ਦੇ ਕੋਲ ਗੂਗਲ ਦਾ ਈ-ਮੇਲ ਖਾਤਾ ਨੰਬਰ ਨਹੀਂ ਹੈ। ਇਸਦੇ ਲਈ ਉਹ ਥਾਂ-ਥਾਂ 'ਤੇ ਲਾਲ ਰੰਗ ਦੇ ਫੋਨ ਬੂਥ ਲਗਾਉਣ ਦੀ ਤਿਆਰੀ ਵਿਚ ਹੈ।

## ● ਇੰਟਰਨੈਟ ਤਸਵੀਰ ਤੋਂ ਕਿਸੇ ਵਿਅਕਤੀ ਦੀ ਪਹਿਚਾਣ ਸਾਫ਼ਟਵੇਅਰ

ਲੰਦਨ - ਜਲਦੀ ਹੀ ਇਕ ਅਜਿਹਾ ਸਾਫ਼ਟਵੇਅਰ ਆਉਣ ਵਾਲਾ ਹੈ, ਜੋ ਇੰਟਰਨੈਟ 'ਤੇ ਲੋਕਾਂ ਦੀ ਤਸਵੀਰ ਤੋਂ ਉਨ੍ਹਾਂ ਨੂੰ ਪਹਿਚਾਣ ਲਵੇਗਾ। ਇਸਨੂੰ ਬਣਾਉਣ ਵਾਲੀ ਕੰਪਨੀ ਦਾ ਦਾਅਵਾ ਹੈ ਕਿ ਉਹ ਇਕ ਅਜਿਹੀ ਕ੍ਰਾਂਤੀਕਾਰੀ ਤਕਨੀਕ 'ਤੇ ਕੰਮ ਕਰ ਰਹੀ ਹੈ, ਜਿਸ ਨਾਲ ਇੰਟਰਨੈਟ ਦੀ ਹਰ ਤਸਵੀਰ ਨੂੰ ਇਕ ਨਾਮ ਮਿਲ ਜਾਵੇਗਾ।

face.com ਨਾਮ ਦੀ ਇਸ ਵੈਬਸਾਈਟ ਦਾ ਕਹਿਣਾ ਹੈ ਕਿ ਇਸ ਸਾਫਟਵੇਅਰ ਨਾਲ ਲੋਕਾਂ ਨੂੰ ਸੋਸ਼ਲ ਨੈਟਵਰਕਿੰਗ ਸਾਈਟ ਅਤੇ ਓਨਲਾਈਨ ਗੈਲਰੀਆਂ 'ਚ ਵਿਅਕਤੀਆਂ ਦੀਆਂ ਤਸਵੀਰਾਂ ਨੂੰ ਪਹਿਚਾਣਨ 'ਚ ਮਦਦ ਮਿਲੇਗੀ।

'ਦ ਡੇਲੀ ਮੇਲ' ਦੀ ਖ਼ਬਰ 'ਚ ਦੱਸਿਆ ਗਿਆ ਕਿ ਇਸ ਦੇ ਡਿਵੈਲਪਰਾਂ ਦਾ ਕਹਿਣਾ ਹੈ ਕਿ ਸਾਫ਼ਟਵੇਅਰ ਹਰ ਚਿਹਰੇ ਦੀ ਅਲਗੋਰਿਦਮ ਤਿਆਰ ਕਰੇਗਾ, ਜਿਸ 'ਚ ਅੱਖਾਂ, ਨੱਕ ਅਤੇ ਮੂੰਹ ਦਾ ਮਾਪ ਲਿਆ ਜਾਵੇਗਾ।

ਕੰਪਨੀ ਦਾ ਦਾਅਵਾ ਹੈ ਕਿ ਸੋਸ਼ਲ ਨੈਟਵਰਕਿੰਗ ਸਾਈਟ ਨਾਲ ਤਸਵੀਰਾਂ ਨੂੰ ਸਕੈਨ ਕਰਦੇ ਸਮੇਂ ਇਹ ਸਾਫ਼ਟਵੇਅਰ 90 ਫੀਸਦੀ ਤੱਕ ਸਹੀ ਰਹਿੰਦਾ ਹੈ।

## ● ਹੈਰੀ ਪਾਟਰ ਦੀ ਤਰ੍ਹਾਂ ਛੂ ਮੰਤਰ ਕਰਨ ਵਾਲਾ ਗਾਊਨ ਤਿਆਰ

ਨਵੀਂ ਦਿੱਲੀ - ਸੋਨੇ ਦੀ ਕਢਾਈ ਵਾਲੇ ਸਿਲਕ ਦੇ ਕੱਪੜਿਆਂ ਨੂੰ ਹੁਣ ਤੱਕ ਲੋਕ ਖਾਸ ਮੌਕਿਆਂ 'ਤੇ ਭੀੜ ਤੋਂ ਅਲੱਗ ਦਿਸਣ ਲਈ ਪਾਉਂਦੇ ਸਨ। ਪਰ ਹੁਣ ਸੋਨੇ ਨਾਲ ਕੱਢਿਆ ਹੋਇਆ ਰੇਸ਼ਮ ਦਾ ਚਮਕਦਾਰ ਕੱਪੜਾ ਭੀੜ 'ਚੋਂ ਤੁਹਾਨੂੰ ਗਾਇਬ ਕਰਨ ਆ ਰਿਹਾ ਹੈ। ਬਿਲਕੁਲ ਹੈਰੀ ਪਾਟਰ ਦੀਆਂ ਜਾਦੂਈ ਫਿਲਮਾਂ ਦੀ ਤਰ੍ਹਾਂ। ਪਹਿਲੀ ਵਾਰ ਸਾਇੰਸਦਾਨਾਂ ਨੇ ਸੋਨੇ ਦੀ ਕਢਾਈ ਵਾਲਾ ਸਿਲਕ ਤੋਂ ਬਣਿਆ ਗਾਇਬ ਹੋਣ ਵਾਲਾ ਮਟੀਰੀਅਲ ਤਿਆਰ ਕੀਤਾ ਹੈ।

ਬਾਸਟਨ ਯੂਨੀਵਰਸਿਟੀ ਦੇ ਸਾਇੰਸਦਾਨਾਂ ਨੇ ਇਸਨੂੰ ਸਿਲਕ ਦੇ ਮੇਟਾਮਟੀਰੀਅਲ ਨਾਲ ਇਸ ਨੂੰ ਤਿਆਰ ਕੀਤਾ ਗਿਆ ਹੈ। ਹਾਲਾਂਕਿ ਇਹ ਤੁਹਾਨੂੰ ਪੂਰੀ ਤਰ੍ਹਾਂ ਹੈਰੀ ਪਾਟਰ ਨਹੀਂ ਬਣਾ ਸਕਦਾ ਕਿਉਂਕਿ ਇਸ ਮੇਟਾਮਟੀਰੀਅਲ ਦਾ ਅਸਰ ਇਕ ਖਾਸ ਇਲਾਕੇ 'ਚ ਹੁੰਦਾ ਹੈ। ਇਸ ਨੂੰ ਟੇਰਾਹਰਟਜ਼ ਰੇਂਜ ਕਹਿੰਦੇ ਹਨ। ਨਵਾਂ ਮੈਟਰੀਅਲ ਰੇਡੀਓ

ਅਤੇ ਇਨਫਰਾਰੈੱਡ ਰੇਜ ਦੇ ਲੰਬੇ ਵੇਵਲੈਂਥ ਵਾਲੇ ਇਲਾਕੇ 'ਚ ਵੀ ਆਪਣਾ ਜਾਦੂ ਦਿਖਾਉਂਦਾ ਹੈ।

ਇਸ ਮਟੀਰੀਅਲ ਨੂੰ ਸਾਇੰਸਦਾਨਾਂ ਨੇ ਸਿਲਕ ਵਰਮ ਦੇ ਇਕ ਸੈਂਟੀਮੀਟਰ ਸਕੇਅਰ ਟੁਕੜੇ ਦੇ ਬਰਾਬਰ ਸਿਲਕ ਨਾਲ ਤਿਆਰ ਕਰਨਾ ਸ਼ੁਰੂ ਕੀਤਾ। ਉਸ ਛੋਟੇ ਜਿਹੇ ਰੇਸ਼ਮ ਦੇ ਟੁਕੜੇ ਨੂੰ ਸੋਨੇ ਦੀ ਪਾਲਿਸ਼ ਦਿੱਤੀ ਗਈ।

ਆਮ ਤੌਰ 'ਤੇ ਜਦੋਂ ਸਿਲਕ ਨੂੰ ਟੇਰਾਹਰਟਜ਼ ਤਰੰਗਾਂ 'ਚ ਰੱਖਿਆ ਜਾਂਦਾ ਹੈ ਤਾਂ ਉਹ ਇਸ ਦੇ ਆਰ ਪਾਰ ਹੋ ਜਾਂਦੀਆਂ ਹਨ। ਪਰ ਜਦੋਂ ਇਸ ਨਵੇਂ ਸਿਲਕ ਮੇਟਾਮਟੀਰੀਅਲ ਨੂੰ ਟੇਰਾਹਰਟਜ਼ ਤਰੰਗਾਂ ਦੇ ਵਿਚਕਾਰ ਰੱਖਿਆ ਗਿਆ ਤਾਂ ਵਿਗਿਆਨੀਆਂ ਨੇ ਦੇਖਿਆ ਕਿ ਇਹ ਆਰ ਪਾਰ ਹੋਣ ਦੀ ਜਗ੍ਹਾ ਟਕਰਾ ਕੇ ਵਾਪਿਸ ਹੋ ਜਾਂਦੀਆਂ ਹਨ। ਮੇਟਾਮਟੀਰੀਅਲ ਦਾ ਟੇਰਾਹਰਟਜ਼ ਰੇਂਜ 'ਚ ਕੰਮ ਕਰਨਾ ਕੋਈ ਵੱਡੀ ਗੱਲ ਨਹੀਂ ਹੈ, ਪਰ ਦੂਸਰੇ ਮੇਟਾਮਟੀਰੀਅਲਾਂ ਤੋਂ ਹਟ ਕੇ ਸਿਲਕ 'ਚ ਇਹ ਖਾਸੀਅਤ ਹੈ ਕਿ ਇਹ ਸਰੀਰ ਦੇ ਮੁਤਾਬਕ ਢਲ ਜਾਂਦਾ ਹੈ। ਸਰੀਰ ਇਸ ਮਟੀਰੀਅਲ ਨੂੰ ਰਿਜੈਕਟ ਨਹੀਂ ਕਰਦਾ।

## ● ਡਬਲ ਟੱਚਸਕਰੀਨ ਲੈਪਟਾਪ

ਟੋਕੀਓ - ਤੁਸੀਂ ਆਪਣੀ ਨੋਟਬੁੱਕ ਕੰਪਿਊਟਰ ਨੂੰ ਮੀਡੀਆ ਪਲੇਅਰ ਅਤੇ ਈ-ਰੀਡਰ ਦੀ ਤਰ੍ਹਾਂ ਇਸਤੇਮਾਲ ਕਰ ਸਕਦੇ ਹੋ। ਤੋਸ਼ੀਬਾ ਨੇ ਆਪਣਾ ਨਵਾਂ ਲਿਬਟਰੇ ਮਾਡਲ ਦੋ ਟੱਚਸਕਰੀਨ ਦੇ ਨਾਲ ਵਿੰਡੋਜ਼ 7 ਪਲੇਟਫਾਰਮ ਪੇਸ਼ ਕੀਤਾ ਹੈ। ਇਸ 'ਚ ਕੀ-ਪੈਡ ਦੀ ਜਗ੍ਹਾ 6 ਮੀਨਿਊ ਵਾਲਾ ਟੱਚ ਸਕਰੀਨ ਲੱਗਿਆ ਹੈ।

ਤੁਸੀਂ ਇਸ 'ਚ ਪੂਰੀ ਕਿਤਾਬ ਪੜ੍ਹ ਸਕਦੇ ਹੋ। ਟਾਈਪ ਕਰਨ ਦੇ ਲਈ ਵਰਚੂਅਲ ਕੀ-ਪੈਡ ਦੀ ਮਦਦ ਲਈ ਜਾ ਸਕਦੀ ਹੈ।

## ● ਇੰਟਰਨੈਟ ਬਾਦਸ਼ਾਹ ਬਣਨ ਦੀ ਰਾਹ 'ਤੇ ਭਾਰਤ

ਭਾਰਤ ਜਲਦ ਹੀ ਇੰਟਰਨੈਟ ਦੀ ਦੁਨੀਆਂ ਦਾ ਵੱਡਾ ਖਿਡਾਰੀ ਬਣਨ ਵਾਲਾ ਹੈ, 2015 ਤੱਕ ਭਾਰਤ 'ਚ ਇੰਟਰਨੈਟ ਇਸਤੇਮਾਲ ਕਰਨ ਵਾਲਿਆਂ ਦੀ ਸੰਖਿਆ ਵਧ ਕੇ 23 ਕਰੋੜ 70 ਲੱਖ ਹੋ ਜਾਵੇਗੀ, ਹੁਣ ਅੱਠ ਕਰੋੜ ਤੋਂ ਜ਼ਿਆਦਾ ਭਾਰਤੀਆਂ ਦੀ ਇੰਟਰਨੈਟ ਤੱਕ ਪਹੁੰਚ ਹੈ।

ਬੋਸਟਨ ਦੇ ਕੰਸਲਟਿੰਗ ਗਰੁੱਪ ਦੀ ਰਿਪੋਰਟ ਇੰਟਰਨੈਟਸ ਨਿਊ ਬਿਲੀਅਨ ਦਾ ਕਹਿਣਾ ਹੈ ਕਿ 2015 ਤੱਕ ਬ੍ਰਿਕ੍ਰੀ ਦੇਸ਼ ਯਾਨੀ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਇੰਡੋਨੇਸ਼ੀਆ 'ਚ ਇੰਟਰਨੈਟ ਇਸਤੇਮਾਲ ਕਰਨ ਵਾਲਿਆਂ ਦੀ ਸੰਖਿਆ ਵਧ ਕੇ ਇਕ ਅਰਬ 20 ਕਰੋੜ ਹੋ ਜਾਵੇਗੀ। ਇਹ ਸੰਖਿਆ ਜਾਪਾਨ ਅਤੇ ਅਮਰੀਕਾ ਦੇ ਇੰਟਰਨੈਟ ਵਰਤਣ ਵਾਲਿਆਂ ਤੋਂ ਵੀ ਜ਼ਿਆਦਾ ਹੋਵੇਗੀ। 2009 ਦੇ ਦੌਰਾਨ ਬ੍ਰਿਕ੍ਰੀ ਦੇਸ਼ਾਂ 'ਚ ਇੰਟਰਨੈਟ ਇਸਤੇਮਾਲ ਕਰਨ ਵਾਲਿਆਂ ਦੀ ਸੰਖਿਆ 61 ਕਰੋੜ ਰਹੀ।

2009 ਤੋਂ 2015 ਦੇ ਵਿਚਕਾਰ ਬ੍ਰਿਕ੍ਰੀ ਦੇਸ਼ਾਂ 'ਚ ਇੰਟਰਨੈਟ ਵਰਤਣ ਵਾਲਿਆਂ ਦੀ ਸੰਖਿਆ 9 ਤੋਂ 20 ਪ੍ਰਤੀਸ਼ਤ ਤੱਕ ਪਹੁੰਚ ਜਾਵੇਗੀ। ਇਸਦੀ ਵੱਡੀ ਵਜ੍ਹਾ ਨੌਜਵਾਨ ਪੀੜ੍ਹੀ ਦੀ ਬ੍ਰਿਕ੍ਰੀ ਦੇਸ਼ 'ਚ ਸਭ ਤੋਂ ਜ਼ਿਆਦਾ ਆਬਾਦੀ ਹੈ।

2015 ਤੱਕ 19 ਪ੍ਰਤੀਸ਼ਤ ਲੋਕ ਇੰਟਰਨੈਟ ਇਸਤੇਮਾਲ ਕਰਦੇ ਹੋਣਗੇ। ਫਿਲਹਾਲ ਇਹ ਸੰਖਿਆ ਸੱਤ ਪ੍ਰਤੀਸ਼ਤ ਦੇ ਆਸ ਪਾਸ ਹੈ ਇਸਦੇ ਅਨੁਸਾਰ ਭਾਰਤ 'ਚ 8 ਕਰੋੜ 10 ਲੱਖ ਇੰਟਰਨੈਟ ਦਾ ਉਪਯੋਗ ਕਰਦੇ ਹਨ। 2015 ਤੱਕ ਇਹ ਸੰਖਿਆ 23 ਕਰੋੜ 70 ਲੱਖ ਹੋ ਜਾਵੇਗੀ। ਸਭ ਤੋਂ ਜ਼ਿਆਦਾ ਇੰਟਰਨੈਟ ਦਾ ਉਪਯੋਗ ਚੀਨ 'ਚ ਹੁੰਦਾ ਹੈ।

ਹੁਣ ਭਾਰਤ 'ਚ ਜ਼ਿਆਦਾਤਰ ਇੰਟਰਨੈਟ ਦੀ ਵਰਤੋਂ ਕਰਨ ਵਾਲੇ ਵੱਡੇ ਸ਼ਹਿਰਾਂ 'ਚ ਰਹਿੰਦੇ ਹਨ। ਹਾਲਾਂਕਿ ਉਥੇ ਛੋਟੇ ਸ਼ਹਿਰਾਂ ਅਤੇ ਕਸਬਿਆਂ ਤੋਂ ਵੀ ਆ ਕੇ ਲੋਕ ਵਸੇ ਹਨ। ਅੱਜ ਭਾਰਤੀ ਲੋਕਾਂ ਦੀ ਪਹੁੰਚ ਇੰਟਰਨੈਟ ਤੱਕ ਸੀਮਿਤ ਹੈ। ਪਰ ਬਹੁਤ ਜਲਦੀ ਹੀ ਇਸ 'ਚ ਵਿਸਤਾਰ ਹੋਵੇਗਾ।



ਹਾਲਾਂਕਿ ਇਕ ਅਨੁਮਾਨ ਹੈ ਕਿ ਇੰਟਰਨੈਟ ਦਾ ਖਰਚ ਘਟਣ ਅਤੇ ਨੈਟਵਰਕ ਵਧਦ ਨਾਲ ਕੁਝ ਹੋਰ ਵੀ ਹੈਰਾਨ ਕਰਨ ਵਾਲੀਆਂ ਗੱਲਾਂ ਸਾਹਮਣੇ ਆਈਆਂ ਹਨ। ਹੁਣ ਬਹੁਤ ਘੱਟ ਲੋਕਾਂ ਦੇ ਕੋਲ ਕੰਪਿਊਟਰ ਹਨ। ਪਰ ਇੰਟਰਨੈਟ ਦੀ ਸਹੂਲਤ ਮੋਬਾਇਲ ਫ਼ੋਨਾਂ ਦੇ ਜਰੀਏ ਵਧ ਰਹੀ ਹੈ।

## ● ਆਈਪੈਡ ਦਾ ਖੋਜੀ ਕੈਮਰਾ

ਨਿਊਯਾਰਕ - ਆਈਪੈਡ ਵੀ ਹੁਣ ਖੁਫ਼ੀਆ ਕੈਮਰੇ ਨਾਲ ਲੈਸ ਹੋ ਚੁੱਕੇ ਹਨ। ਨਵੇਂ ਆਈਪੈਡ 'ਚ ਇਕ ਛੋਟਾ ਜਿਹਾ ਸੁਰਾਖ ਹੈ, ਜਿਸਦੇ ਪਿੱਛੇ ਕੈਮਰਾ ਲੱਗਿਆ ਹੋਇਆ ਹੈ। ਇਸ ਕੈਮਰੇ ਦੀ ਮਦਦ ਨਾਲ 640 ਬਾਯ, 480 ਰੈਜ਼ੂਲੇਸ਼ਨ ਦਾ ਵੀਡਿਓ ਸ਼ੂਟ ਕੀਤਾ ਜਾ ਸਕਦਾ ਹੈ।

ਕੈਮਰੇ ਨੂੰ ਇਸ ਤਰ੍ਹਾਂ ਨਾਲ ਬਿਠਾਇਆ ਗਿਆ ਹੈ ਕਿ ਕਿਸੇ ਨੂੰ ਇਸਦਾ ਅਹਿਸਾਸ ਵੀ ਨਹੀਂ ਹੋਵੇਗਾ। ਇਸ 'ਚ ਐਸ. ਡੀ. ਕਾਰਡ ਸਲਾਟ ਵੀ ਹੈ ਜਿਸ 'ਚ ਤੁਸੀਂ ਐਮਪੀ3 ਗਾਣੇ ਲੋਡ ਕਰ ਸਕਦੇ ਹੋ।

## ● ਟੀ. ਵੀ. 'ਤੇ ਲਓ ਮੁਫ਼ਤ ਇੰਟਰਨੈਟ ਦਾ ਮਜ਼ਾ

ਦੁਨੀਆਂ ਦੀ ਸਭ ਤੋਂ ਵੱਡੀ ਸਰਚ ਇੰਜਣ ਕੰਪਨੀ ਗੂਗਲ ਨੇ ਐਲਾਨ ਕੀਤਾ ਹੈ ਕਿ ਉਹ ਜਲਦੀ ਹੀ ਗੂਗਲ ਟੀ. ਵੀ. ਲਾਂਚ ਕਰਨ ਵਾਲੀ ਹੈ। ਆਉਣ ਵਾਲੇ ਇਕ ਦੋ ਮਹੀਨਿਆਂ 'ਚ ਅਮਰੀਕਾ 'ਚ ਇਸਨੂੰ ਲਾਂਚ ਕਰ ਦਿੱਤਾ ਜਾਵੇਗਾ। 'ਗੂਗਲ ਟੀ. ਵੀ. ਦੇ ਜ਼ਰੀਏ ਆਪ ਟੈਲੀਵਿਜ਼ਨ ਦੇ ਚੈਨਲਾਂ ਦੇ ਨਾਲ ਹੀ ਟੀ. ਵੀ. 'ਤੇ ਹੀ ਵੈਬਸਾਈਟ ਸਫਰਿੰਗ ਯਾਨੀ ਇੰਟਰਨੈਟ ਦਾ ਵੀ ਇਸਤੇਮਾਲ ਕਰੇਗਾ।

ਗੂਗਲ ਟੀ. ਵੀ. ਕੰਪਨੀ ਦੇ ਆਪਣੇ ਸਾਫ਼ਟਵੇਅਰ ਤੋਂ ਇਲਾਵਾ ਕ੍ਰੋਮ, ਵੈਬ ਬ੍ਰਾਈਜਰ, ਇੰਟੇਲ ਮਾਈਕ੍ਰੋਪ੍ਰੋਸੈਸਰ, ਰਿਮੋਟ ਕੰਟਰੋਲ ਅਤੇ ਵਾਇਰਲੈਸ ਕੀ-ਬੋਰਡ ਵਰਗੇ ਅਤਿ-ਅਧੁਨਿਕ ਉਪਕਰਨ ਵੀ ਸ਼ਾਮਿਲ ਹੋਣਗੇ। ਸਭ ਤੋਂ ਖਾਸ ਗੱਲ ਇਹ ਹੈ ਕਿ ਗੂਗਲ ਦੀ ਤਰ੍ਹਾਂ ਟੀ. ਵੀ. 'ਤੇ ਇੰਟਰਨੈਟ ਦੀ ਸਹੂਲਤ ਮੁਫ਼ਤ ਦਿੱਤੀ ਜਾਵੇਗੀ।

## ● ਏ. ਟੀ. ਐਮ. ਵਰਤਦੇ ਸਮੇਂ ਸਾਵਧਾਨੀਆਂ



ਅਸ਼ੀਸ਼ ਪਿਛਲੇ ਮਹੀਨੇ ਕਲਕੱਤਾ ਗਿਆ। ਉਥੇ ਜਾ ਕੇ ਉਸਨੂੰ ਅਚਾਨਕ ਪੈਸਿਆਂ ਦੀ ਜ਼ਰੂਰਤ ਪੈ ਗਈ। ਅਸ਼ੀਸ਼ ਪੈਸੇ ਕਢਵਾਉਣ ਲਈ ਏ. ਟੀ. ਐਮ. ਪਹੁੰਚਿਆ। ਬਦਕਿਸਮਤੀ ਨਾਲ ਪਾਸਵਰਡ ਭਰਨ ਤੋਂ ਬਾਅਦ ਏ. ਟੀ. ਐਮ. ਦੀ ਸਕਰੀਨ ਕਾਲੀ ਹੋ ਗਈ। ਬਾਹਰ ਲੋਕਾਂ ਦੀ ਭੀੜ ਹੋਣ ਕਾਰਨ ਅਸ਼ੀਸ਼ ਨੂੰ ਬਾਹਰ ਆਉਣਾ ਪਿਆ। ਉਹ ਦੂਸਰਾ ਏ. ਟੀ. ਐਮ. ਲੱਭ ਹੀ ਰਿਹਾ ਸੀ ਕਿ ਉਸਨੂੰ 10 ਮਿੰਟ ਬਾਅਦ ਫ਼ੋਨ 'ਤੇ ਐਸ. ਐਮ. ਐਸ. ਮਿਲਿਆ ਕਿ ਤੁਸੀਂ ਆਪਣੇ ਏ. ਟੀ. ਐਮ. 'ਚੋਂ 15 ਹਜ਼ਾਰ ਰੁਪਏ ਕੱਢੇ ਹਨ। ਅਸ਼ੀਸ਼ ਨੇ ਫੌਰਨ ਆਪਣੇ ਬੈਂਕ ਨੂੰ ਫ਼ੋਨ ਕੀਤਾ। ਉਨ੍ਹਾਂ ਨੇ ਵੀ ਇਹ ਦੱਸਿਆ ਕਿ ਉਨ੍ਹਾਂ ਨੇ ਕਲਕੱਤਾ 'ਚ ਪੈਸੇ ਕਢਵਾ ਲਏ ਹਨ। ਇਹ ਸੁਣ ਕੇ ਅਸ਼ੀਸ਼ ਹੈਰਾਨ ਰਹਿ ਗਿਆ।

ਅਸਲ 'ਚ ਅਸ਼ੀਸ਼ ਏ. ਟੀ. ਐਮ. ਗਿਰੋਹ ਦਾ ਨਿਸ਼ਾਨਾ ਬਣ ਗਿਆ। ਪੁਲਿਸ ਨੂੰ ਜਾਂਚ ਤੋਂ ਪਤਾ ਚੱਲਿਆ ਕਿ ਕੁਝ ਲੋਕ ਜਾਣ-ਬੁੱਝ ਕੇ ਏ. ਟੀ. ਐਮ. 'ਚ ਗੜਬੜੀ ਕਰ ਦਿੰਦੇ ਹਨ। ਉਹ ਮਸ਼ੀਨ ਤੋਂ ਕਿਸੇ ਬਟਨ ਨੂੰ ਖਰਾਬ ਕਰ ਦਿੰਦੇ ਹਨ, ਜਿਸ ਨਾਲ ਪਾਸਵਰਡ ਭਰਨ ਤੋਂ ਬਾਅਦ ਸਕਰੀਨ ਕਾਲੀ ਹੋ ਜਾਂਦੀ ਹੈ। ਗਿਰੋਹ ਦੇ ਲੋਕ ਏ. ਟੀ. ਐਮ. ਦੇ ਬਾਹਰ ਖੜੇ ਹੋ ਜਾਂਦੇ ਹਨ। ਬਾਹਰ ਭੀੜ ਨੂੰ ਦੇਖ ਕੇ ਅੰਦਰ ਵਾਲਾ ਆਦਮੀ ਜਲਦੀ ਬਾਹਰ ਨਿਕਲ ਆਉਂਦਾ ਹੈ ਤੇ ਜਲਦੀ ਵਿਚ ਉਹ ਕੈਂਸਲ ਦਾ ਬਟਨ ਦੱਬਣਾ ਵੀ ਭੁੱਲ ਜਾਂਦਾ ਹੈ। ਉਸਦੇ ਬਾਹਰ ਨਿਕਲਣ ਤੋਂ ਬਾਅਦ ਗਿਰੋਹ ਦੇ ਲੋਕ ਬਟਨ ਠੀਕ ਕਰਕੇ, ਉਸ ਪਾਸਵਰਡ ਦੇ ਅਧਾਰ 'ਤੇ ਪੈਸੇ ਕਢਵਾ ਲੈਂਦੇ ਹਨ।

**ਇਸ ਦੇ ਲਈ ਕੁਝ ਧਿਆਨ ਰੱਖਣ ਯੋਗ ਗੱਲਾਂ :**

✪ ਹਰ ਟਰਾਂਜੈਕਸ਼ਨ ਦੇ ਪੂਰਾ ਹੋਣ ਤੋਂ ਬਾਅਦ ਜਾਂ ਅਧੂਰਾ ਰਹਿ ਜਾਣ 'ਤੇ ਵੀ ਕੈਂਸਲ ਦਾ ਬਟਨ ਜ਼ਰੂਰ ਦਬਾਓ ਤਾਂਕਿ ਤੁਹਾਡੇ ਤੋਂ ਬਾਅਦ ਕੋਈ ਦੂਸਰਾ ਤੁਹਾਡੇ ਅਕਾਊਂਟ 'ਚੋਂ ਪੈਸਾ ਨਾ ਕਢਵਾ ਲਵੇ।

✪ ਆਪਣੀ ਟਰਾਂਜੈਕਸ਼ਨ ਸਲਿਪ ਨੂੰ ਇਧਰ-ਉਧਰ ਨਾ ਰੱਖੋ ਤੇ ਨਾ ਹੀ ਕਦੇ ਏ. ਟੀ. ਐਮ. ਨੂੰ ਕਦੇ ਵੀ ਕਮਰੇ ਦੇ ਅੰਦਰ ਭੁੱਲ ਕੇ ਆਓ।

✪ ਕਾਰਡ ਨੂੰ ਏ. ਟੀ. ਐਮ. 'ਚ ਜ਼ਬਰਦਸਤੀ ਨਾ ਪਾਉ। ਜੇਕਰ ਇਹ ਮਸ਼ੀਨ ਵਿਚ ਫਸ ਜਾਵੇ ਤਾਂ ਤੁਰੰਤ ਬੈਂਕ ਨੂੰ ਇਸ ਬਾਰੇ ਸੂਚਿਤ ਕਰੋ।

✪ ਏ. ਟੀ. ਐਮ. ਨੂੰ ਹਮੇਸ਼ਾ ਸੁਰੱਖਿਅਤ ਰੱਖੋ ਅਤੇ ਪਾਸਵਰਡ ਨੂੰ ਕਿਤੇ ਲਿਖਣ ਦੀ ਜਗ੍ਹਾ ਯਾਦ ਕਰ ਲਉ। ਏ. ਟੀ. ਐਮ. ਕਾਰਡ 'ਤੇ ਤਾਂ ਬਿਲਕੁਲ ਵੀ ਨਾ ਲਿਖੋ।

✪ ਪਾਸਵਰਡ ਦਿੰਦੇ ਸਮੇਂ ਧਿਆਨ ਰੱਖੋ ਕਿ ਤੁਹਾਨੂੰ ਪਾਸਵਰਡ ਦਿੰਦੇ ਸਮੇਂ ਕਿਸੇ ਨੇ ਦੇਖਿਆ ਤਾਂ ਨਹੀਂ।

✪ ਜੇਕਰ ਤੁਹਾਡਾ ਏ. ਟੀ. ਐਮ. ਕਾਰਡ ਕਿਤੇ ਗੁੰਮ ਹੋ ਜਾਂਦਾ ਹੈ ਜਾਂ ਚੋਰੀ ਹੋ ਜਾਂਦਾ ਹੈ ਤਾਂ ਤੁਰੰਤ ਬੈਂਕ ਨੂੰ ਫ਼ੋਨ ਕਰਕੇ ਕਾਰਡ ਬਲਾਕ ਕਰਵਾ ਦਿਓ।

✪ ਏ. ਟੀ. ਐਮ. ਦਾ ਉਪਯੋਗ ਉਸ ਜਗ੍ਹਾ ਕਰੋ, ਜਿੱਥੇ ਪੂਰੀ ਰੌਸ਼ਨੀ ਅਤੇ ਚਹਿਲ ਪਹਿਲ ਹੋਵੇ ਅਤੇ ਆਲੇ ਦੁਆਲੇ ਦਾ ਏਰੀਆ ਤੁਹਾਡਾ ਜਾਣਿਆ ਪਹਿਚਾਣਿਆ ਹੋਵੇ।

✪ ਏ. ਟੀ. ਐਮ. 'ਚ ਜਦੋਂ ਵੀ ਕੋਈ ਚੈਕ ਜਾਂ ਕੈਸ਼ ਜਮ੍ਹਾ ਕਰਵਾਉ ਤਾਂ ਦੋ-ਚਾਰ ਦਿਨਾਂ ਬਾਅਦ ਆਪਣਾ ਅਕਾਊਂਟ ਕ੍ਰੈਡਿਟ ਹਿਸਟਰੀ 'ਚ ਚੈਕ ਕਰ ਲਉ। ਜੇਕਰ ਕੋਈ ਗੜਬੜੀ ਹੈ ਤਾਂ ਬੈਂਕ ਨੂੰ ਤੁਰੰਤ ਸੂਚਿਤ ਕਰੋ।

✪ ਸਾਰੀਆਂ ਰਸੀਦਾਂ ਨੂੰ ਸੰਭਾਲ ਕੇ ਰੱਖੋ ਅਤੇ ਆਪਣੇ ਮਹੀਨੇ ਦੇ ਸਟੇਟਮੈਂਟ ਦੇ ਨਾਲ ਮਿਲਾਉਂਦੇ ਰਹੋ।


## ਕੇਵਲ ਤਰਕਸ਼ੀਲ ਮੈਂਬਰਾਂ ਲਈ

**ਹੇਠ ਲਿਖਿਆਂ ਜਾਦੂ ਦੀਆਂ ਆਈਟਮਾਂ ਵਾਲੀ ਕਿਟ ਸੀ. ਡੀ. ਸਮੇਤ ਇਸ ਪਤੇ ਤੇ ਸੰਪਰਕ ਕਰਨ ਨਾਲ 2000/- ਰੁਪਏ ਵਿੱਚ ਮਿਲ ਸਕਦੀ ਹੈ।**

1. ਖਾਲੀ ਹੱਥਾਂ 'ਚ ਰੁਮਾਲ ਗਾਇਬ ਕਰਨਾ
2. ਰੁਮਾਲ ਤੋਂ ਜਾਦੂ ਦੀ ਛੜੀ ਬਣਾਉਣਾ
3. ਖਾਲੀ ਬੈਗ ਵਿੱਚੋਂ ਡਾਇਸ ਪੈਦਾ ਕਰਨੇ
4. ਖਾਲੀ ਬਰਤਨ ਵਿੱਚ ਅੱਗ ਜਲਾ ਕੇ ਕਬੂਤਰ ਪੈਦਾ ਕਰਨਾ
5. ਤਲਵਾਰ ਨੂੰ ਮੂੰਹ ਰਾਹੀਂ ਅੰਦਰ ਲੈ ਜਾਣਾ
6. ਸੀ. ਡੀ. ਰੀਕਾਰਡ ਦੇ ਰੰਗ ਬਦਲਣੇ
7. ਚਮਚ ਤੋਂ ਬਦਲ ਕੇ ਕਰਦਾਂ ਤਿਆਰ ਕਰਨਾ
8. ਲੜਕੀ ਤੋਂ ਸ਼ੇਰ ਬਣ ਜਾਣਾ
9. ਤਾਸ਼ ਦਾ ਪੱਤਾ ਆਪਣੇ ਆਪ ਬਾਹਰ ਆ ਜਾਣਾ
10. ਗੁਲਾਬ ਦਾ ਫੁੱਲ ਪੈਦਾ ਕਰਨ ਤੇ ਗਾਇਬ ਕਰਨਾ
11. ਬੋਤਲ ਗਾਇਬ ਕਰਨਾ
12. ਪੈਨ ਨੋਟ ਵਿੱਚ ਆਰ-ਪਾਰ ਕਰਨਾ
13. ਦੁੱਧ ਗਲਾਸ

– *ਅਮਰ ਇਕਬਾਲ,* 09501-34005


## ਇੱਕ ਪਾਠਕ ਹੋਰ........

*ਅਦਾਰਾ 'ਵਿਗਿਆਨ ਜੋਤ' ਪਿਛਲੇ ਦਸ ਵਰ੍ਹਿਆਂ ਤੋਂ ਵਿਗਿਆਨਕ ਸੋਚ ਨੂੰ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਹੈ। ਇਸ ਲੋਕ-ਪੱਖੀ ਉਪਰਾਲੇ ਵਿੱਚ ਤੁਹਾਡੇ ਯੋਗਦਾਨ ਦੀ ਬਹੁਤ ਜ਼ਰੂਰਤ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਵਿੱਚੋਂ ਘੱਟੋ-ਘੱਟ ਇੱਕ ਹੋਰ ਵਿਅਕਤੀ ਨੂੰ ਇਸ ਦਾ ਮੈਂਬਰ ਬਣਾਉਣ ਵਿੱਚ ਸਹਾਈ ਹੋਣ।ਸਾਡੇ ਸਮਾਜ ਦਾ ਕਲਿਆਣ ਤਾਹੀਓਂ ਹੋ ਸਕਦਾ ਹੈ ਜੇ ਵਿਗਿਆਨਕ ਸੋਚ ਵਾਲੇ ਵਿਅਕਤੀਆਂ ਦੀ ਗਿਣਤੀ ਵਧੇਰੇ ਹੋਵੇਗੀ।*

ਗੁਲਾਮੀ ਦੀਆਂ ਸੂਚਕ ਕਾਮਨਵੈਲਥ ਖੇਡਾਂ

# ਸਾਡੀਆਂ ਖੇਡਾਂ, ਹਾਲਾਤ ਅਤੇ ਭਾਰੂ ਹੋ ਰਿਹਾ ਅੰਧ ਵਿਸ਼ਵਾਸ

**ਕਾਮਨ ਵੈਲਥ ਦੇ ਦਾਇਰੇ ਵਿਚ ਉਹ ਦੇਸ਼ ਆਉਂਦੇ ਹਨ ਜੋ ਪਿਛਲੀਆਂ ਸਦੀਆਂ ਦੌਰਾਨ ਬ੍ਰਿਟੇਨ ਸਾਮਰਾਜ ਦੀਆਂ ਬਸਤੀਆਂ ਰਹੇ ਹਨ।**



ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਕਾਮਨ ਵੈਲਥ ਖੇਡਾਂ ਸ਼ੁਰੂ ਹੋਣ ਵਿਚ ਕੁਝ ਦਿਨ ਹੀ ਬਚੇ ਹਨ। ਸਮੁੱਚੇ ਦੇਸ਼ ਵਿਚ ਇਨ੍ਹਾਂ ਖੇਡਾਂ ਪ੍ਰਤੀ ਆਮ ਲੋਕਾਂ ਵਿੱਚ ਉਤਸ਼ਾਹ ਦੀ ਕਮੀ ਦੇਖੀ ਜਾ ਸਕਦੀ ਹੈ। ਅਖ਼ਬਾਰਾਂ ਦੀਆਂ ਰਿਪੋਰਟਾਂ ਮੁਤਾਬਕ ਦਿੱਲੀ ਦੇ ਲੋਕਾਂ ਵਿਚ ਜਿੱਥੇ ਕਿ ਇਹ ਖੇਡਾਂ ਹੋ ਰਹੀਆਂ ਹਨ ਉਥੇ ਇਨ੍ਹਾਂ ਖੇਡਾਂ ਪ੍ਰਤੀ ਲਗਾਓ, ਚਾਓ ਜਾਂ ਹੁਲਾਸ ਨਾ-ਮਾਤਰ ਹੈ। ਵਾਹਗਿਓਂ ਪਾਰ ਤੋਂ ਕਾਮਨ ਵੈਲਥ ਖੇਡਾਂ ਦੀ ਕੁਈਨਜ ਬੈਟਨ ਭਾਰਤ ਵਿਚ ਘੁੰਮ ਚੁੱਕੀ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਅੰਗਰੇਜੀ ਸਾਮਰਾਜ ਦੀਆਂ ਜੁਬਲੀਆਂ ਸਮੇਂ ਜੁਬਲੀ ਫਲੇਮ ਘੁੰਮਾਈ ਜਾਂਦੀ ਸੀ। ਇਸ ਤੋਂ ਪਹਿਲਾਂ ਕਿ ਆਪਾਂ ਖੇਡਾਂ ਦਾ ਜ਼ਿਕਰ ਕਰੀਏ ਇਸ ਤੋਂ ਪਹਿਲਾਂ ਕਾਮਨ ਵੈਲਥ ਸ਼ਬਦ ਦੇ ਅਰਥਾਂ ਦਾ ਖੁਲਾਸਾ ਕਰਨਾ ਬਣਦਾ ਹੈ।

ਕਾਮਨ ਵੈਲਥ ਦੇ ਦਾਇਰੇ ਵਿਚ ਉਹ ਦੇਸ਼ ਆਉਂਦੇ ਹਨ ਜੋ ਪਿਛਲੀਆਂ ਸਦੀਆਂ ਦੌਰਾਨ ਬ੍ਰਿਟੇਨ ਸਾਮਰਾਜ ਦੀਆਂ ਬਸਤੀਆਂ ਰਹੇ ਹਨ। ਭਾਵ ਕਿ ਦੁਨੀਆਂ ਦੇ ਉਹ ਦੇਸ਼ ਜਿਨ੍ਹਾਂ ਉੱਤੇ ਅੰਗਰੇਜ਼ਾਂ ਦਾ ਰਾਜ ਰਿਹਾ ਹੈ। ਜਾਂ ਇੰਜ ਕਹਿ ਲਵੋ ਕਿ ਜਿਹੜੇ ਦੇਸ਼ ਇੰਗਲੈਂਡ ਸਾਮਰਾਜ ਦੇ ਗੁਲਾਮ ਜਾਂ ਅਧੀਨ ਰਹੇ ਸਨ। ਉਨ੍ਹਾਂ ਨੂੰ ਕਾਮਨ ਵੈਲਥ ਦੇਸ਼ ਕਿਹਾ ਜਾਂਦਾ ਹੈ। ਭਾਵੇਂ ਦਿਖਾਵੇ ਵਜੋਂ ਅੰਗਰੇਜ ਸਾਮਰਾਜ ਕਹਿੰਦਾ ਹੈ ਕਿ ਕਾਮਨ ਵੈਲਥ ਦਾ ਮੈਂਬਰ ਬਣਨਾ ਉਨ੍ਹਾਂ ਦੇਸ਼ਾਂ ਦੀ ਸਵੈ-ਇੱਛਾ ਤੇ ਨਿਰਭਰ ਹੈ ਤੇ ਇਹ ਉਨ੍ਹਾਂ ਤੇ ਠੋਸੀ ਹੋਈ ਨਹੀਂ ਹੈ। ਪਰ ਇਕ ਗੱਲ ਤਾਂ ਸਪੱਸ਼ਟ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਅੰਗਰੇਜੀ ਰਾਜ ਸਮੇਂ ਉਨ੍ਹਾਂ ਦਾ ਸਰਮਾਇਆ ਲੱਗਾ ਹੋਇਆ ਹੈ ਕੁਝ ਆਰਥਿਕ ਤੇ ਸਿਆਸੀ ਹਿੱਤ ਹਨ ਜਿਨ੍ਹਾਂ ਕਰਕੇ ਇਹ ਦੇਸ਼ ਕਾਮਨ ਵੈਲਥ ਦੀ ਮੈਂਬਰੀ ਤੋਂ ਇਨਕਾਰ ਕਰਕੇ ਉਨ੍ਹਾਂ ਦੀ ਨਾਰਾਜ਼ਗੀ ਮੁੱਲ ਨਹੀਂ ਲੈਣਾ ਚਾਹੁੰਦੇ ਹੋਣਗੇ। ਇੰਜ ਇਹ ਕਾਮਨ ਵੈਲਥ ਖੇਡਾਂ ਅੰਗਰੇਜ ਸਾਮਰਾਜ ਦੇ ਪੁਰਾਤਨ ਵਿਰਾਸਤ ਦੀ ਭੱਲ ਦਾ, ਉਸਦੇ ਸਵੈਮਾਣ ਦਾ ਪ੍ਰਤੀਕ ਹਨ। ਕਾਮਨਵੈਲਥ ਸ਼ਬਦ ਆਪਣੇ ਆਪ ਵਿਚ ਕੌਮੀ ਸਵੈਮਾਣ ਤੇ ਪ੍ਰਸ਼ਨ ਚਿੰਨ ਹੈ। ਕਾਮਨ ਵੈਲਥ ਦਾ ਸ਼ਬਦੀ ਅਰਥ ਹੈ (ਸਾਂਝਾ ਧਨ ਜਾਂ ਸਾਂਝੀ ਦੌਲਤ) ਸਧਾਰਨ ਸ਼ਬਦਾਂ ਵਿੱਚ ਜਿਵੇਂ ਅਸੀਂ ਪਿੰਡਾਂ ਵਿੱਚ ਸਾਂਝੀ ਜਗ੍ਹਾ ਨੂੰ ਸ਼ਾਮਲਾਟ ਕਹਿ ਦਿੰਦੇ ਹਾਂ। ਉਸ ਅਨੁਸਾਰ ਦੇਖੀਏ ਤਾਂ ਕੀ ਤੁਹਾਨੂੰ ਨਹੀਂ ਲੱਗਦਾ ਕਿ ਇੰਗਲੈਂਡ ਦਾ ਤਾਜ ਅਜੇ ਵੀ ਇਨ੍ਹਾਂ ਮੁਲਕਾਂ ਨੂੰ ਸ਼ਾਮਲਾਟ ਸਮਝ ਰਿਹਾ ਹੈ। ਇਹ ਉਹੀ ਮੁਲਕ ਹੈ ਜਿੱਥੇ ਤਖਤੀ ਤੇ ਲਿਖਿਆ ਹੁੰਦਾ ਸੀ ਕਿ ਏਥੇ ਭਾਰਤੀਆਂ ਅਤੇ ਕੁੱਤਿਆਂ ਲਈ ਦਾਖਲਾ ਵਰਜਤ ਹੈ। ਇਸੇ ਗੁਲਾਮੀ ਨੂੰ ਮਹਿਸੂਸ ਕਰਕੇ ਸਾਡੇ ਦੇਸ਼ ਭਗਤਾਂ ਨੇ ਫਾਂਸੀਆਂ ਦੇ ਰੱਸੇ ਚੁੰਮਕੇ ਸ਼ਹਾਦਤਾਂ ਦਿੱਤੀਆਂ ਸਨ। ਜੇ ਏਨੀਆਂ ਸ਼ਹਾਦਤਾਂ ਤੋਂ ਬਾਅਦ ਵੀ ਅਸੀਂ ਅੰਗਰੇਜ਼ਾਂ ਲਈ ਕਾਮਨ ਵੈਲਥ ਹਾਂ ਤਾਂ ਫਿਰ ਭਾਰਤ ਇਕ ਪ੍ਰਭੂਤਾ ਸੰਪਨ ਦੇਸ਼ ਹੈ ਵਰਗੇ ਸ਼ਬਦਾ ਦਾ ਕੀ ਅਰਥ ਹੈ। ਕੀ ਤੁਹਾਨੂੰ ਇੰਜ ਨਹੀਂ ਲੱਗਦਾ ਕਿ ਇਹ ਅੰਗਰੇਜ਼ਾਂ ਦੇ ਗੁਲਾਮ ਦੇਸ਼ਾਂ ਦੀਆਂ ਖੇਡਾਂ ਹੋ ਰਹੀਆਂ ਹਨ? ਜੇ ਇੰਜ ਮਹਿਸੂਸ ਹੁੰਦੈ ਤਾਂ ਇਹ ਸਾਡੇ ਦੇਸ਼ ਭਾਰਤ ਕੌਮੀ ਸਵੈਮਾਣ ਨੂੰ ਰੜਕਣਾ ਚਾਹੀਦਾ ਹੈ ਤੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਇੰਗਲੈਂਡ ਸਾਮਰਾਜ ਸਾਨੂੰ ਆਪਣੇ ਮੁਲਕ ਇੰਗਲੈਂਡ ਨੂੰ ਕਾਮਨਵੈਲਥ (ਸਾਂਝਾ ਧਨ ਜਾਂ ਸਾਂਝੀ ਦੌਲਤ) ਦਾ ਹੱਕ ਦੇਵੇਗਾ ਕਦੇ ਨਹੀਂ। ਪਰ ਅਸੀਂ ਉਨ੍ਹਾਂ ਦੇ ਦਾਸ ਬਣਕੇ ਉਨ੍ਹਾਂ ਦੇ ਸਵੈਮਾਣ ਲਈ ਕਾਮਨ ਵੈਲਥ ਖੇਡਾਂ ਤੇ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਾਂ। ਦੂਸਰੇ ਪਾਸੇ ਭਾਰਤ ਦੇ ਦੌਰੇ ਤੇ ਆਏ ਇੰਗਲੈਂਡ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਸਾਡੀ ਵਿਰਾਸਤ ਦੇ ਪ੍ਰਤੀਕ ਕੋਹੇਨੂਰ ਹੀਰਾ ਵਾਪਸ ਕਰਨ ਤੋਂ ਇਨਕਾਰੀ ਹੈ। ਉਨ੍ਹਾਂ ਕਿਹਾ ਕਿ ਇੰਜ ਕਰਨ ਨਾਲ ਕਾਮਨ ਵੈਲਥ ਦੇਸ਼ਾਂ ਤੋਂ ਪਿਛਲੀਆਂ ਸਦੀਆਂ ਵਿਚ ਲਿਆਂਦੀਆਂ ਵਿਰਾਸਤੀ ਜਾਂ ਦੁਰਲਭ ਵਸਤਾਂ ਵਾਪਸ ਕਰਨ ਨਾਲ ਉਨ੍ਹਾਂ ਦਾ ਅਜਾਇਬ ਘਰ ਖਾਲੀ ਹੋ ਜਾਵੇਗਾ। ਪਰ ਇਸਦੇ ਬਾਵਜੂਦ ਸਾਡੇ ਦੇਸ਼ ਦੇ ਹਾਕਮ ਆਪਣੇ ਸਾਮਰਾਜੀ ਅਕਾਵਾਂ ਅੱਗੇ ਦੇਸ਼ ਦੇ ਸਵੈਮਾਣ ਨੂੰ ਉਨ੍ਹਾਂ ਦੇ ਪੈਰਾਂ ਹੇਠ ਵਿਛਾ ਕੇ ਇਹ ਕਹਿੰਦੇ ਲੱਗਦੇ ਹਨ ਕਿ



"ਮਾਲਕੋ ਅਸੀਂ ਤਾਂ ਤੁਹਾਡੇ ਤਾਬਿਆਦਾਰ ਹਾਂ ਅਸੀਂ ਤੁਹਾਡੇ ਲਈ ਕੁਝ ਵੀ ਕਰ ਸਕਦੇ ਹਾਂ। ਸਾਡੇ ਦੇਸ਼ ਦੇ ਮਿੱਠ-ਬੋਲੜੇ ਤੇ ਆਪਣੇ ਆਪ ਨੂੰ ਸਵੱਛ ਕਹਿਣ ਦਾ ਦਾਅਵਾ ਕਰਨ ਵਾਲੇ ਪ੍ਰਧਾਨ ਮੰਤਰੀ ਦੀ ਨੱਕ ਹੇਠ ਕੀ ਹੋ ਰਿਹਾ ਹੈ ਦਿੱਲੀ ਦੂਰ ਪ੍ਰਬੰਧ ਦੀ ਉਦਾਹਰਣ ਬਣ ਰਹੀ ਹੈ। ਮੀਂਹ ਕਾਰਨ ਸੜਕਾਂ ਬਹਿ ਰਹੀਆਂ ਹਨ। ਕਈ ਫੁੱਟ ਚੌੜੇ ਤੇ ਡੂੰਘੇ ਖੱਡੇ ਪੈ ਰਹੇ ਹਨ। ਸਟੇਡੀਅਮ ਕੱਚੇ ਕੋਠੇ ਵਾਂਗ ਚੋਅ ਰਹੇ ਹਨ ਕਲਮਾਡੀ ਕਰੋੜਾਂ ਦੇ ਭ੍ਰਿਸ਼ਟਾਚਾਰ ਦੇ ਕੇਂਦਰ ਬਿੰਦੂ ਬਣਕੇ ਅਸਤੀਫ਼ਾ ਦੇਣ ਤੋਂ ਇਨਕਾਰੀ ਹੈ। ਜੇ ਦੇਸ਼ ਦਾ ਪ੍ਰਧਾਨ ਮੰਤਰੀ ਦਿੱਲੀ ਦਾ ਪ੍ਰਬੰਧ ਨਹੀਂ ਸੁਧਾਰ ਸਕਦੇ ਤਾਂ ਦੇਸ਼ ਦਾ ਕਿਵੇਂ ਸੁਧਾਰਨਗੇ?

ਅਕਤੂਬਰ ਮਹੀਨੇ ਸ਼ੁਰੂ ਹੋ ਰਹੀਆਂ ਇਨ੍ਹਾਂ ਖੇਡਾਂ ਦੀ ਮੇਜਬਾਨੀ ਭਾਰਤ ਕਰ ਰਿਹਾ ਹੈ। ਇੱਕ ਤਰ੍ਹਾਂ ਨਾਲ ਇਹ ਮੇਜਬਾਨੀ ਸਾਡੇ ਦੇਸ਼ ਦੇ ਹੁਕਮਰਾਨਾਂ ਦੀ ਉਨ੍ਹਾਂ ਸਾਮਰਾਜੀ ਹਾਕਮਾਂ ਪ੍ਰਤੀ ਆਪਣੇ ਦੇਸ਼ ਦੀਆਂ ਆਰਥਿਕ ਹਾਲਤਾਂ ਨੂੰ ਨਜ਼ਰ ਅੰਦਾਜ ਕਰਕੇ ਕੀਤੀ ਜਾ ਰਹੀ ਖੁਸ਼ਾਮਦੀ ਹੈ। ਜੂਨ ਮਹੀਨੇ ਅਖ਼ਬਾਰਾਂ ਦੇ ਨੁਮਾਇੰਦਿਆਂ ਦੀਆਂ ਰਿਪੋਰਟਾਂ ਸਨ ਇਨ੍ਹਾਂ ਖੇਡਾਂ ਲਈ ਬਣਾਏ ਜਾ ਰਹੇ ਖੇਡ ਪਿੰਡ, ਸਟੇਡੀਅਮਾਂ ਤੇ ਵਿਦੇਸ਼ਾਂ ਤੋਂ ਆ ਰਹੇ ਮਹਿਮਾਨਾਂ ਦੀ ਆਓ ਭਗਤ ਖਾਤਰ ਉਸਾਰੇ ਜਾ ਰਹੇ ਪੰਜ ਤਾਰਾ ਹੋਟਲਾਂ ਦਾ ਉਸਾਰੀ ਕੰਮ 50% ਤੋਂ ਲੈ ਕੇ 30% ਤੱਕ ਅਧੂਰਾ ਹੈ ਜਦ ਕਿ ਇਹ ਮਾਰਚ 2010 ਤੋਂ ਪਹਿਲਾਂ ਮੁਕੰਮਲ ਹੋਣਾ ਬਣਦਾ ਸੀ। ਤੇਜੀ ਨਾਲ ਨੇਪਰੇ ਚੜਨ ਦੀ ਕਾਹਲ ਨਾਲ ਇਨ੍ਹਾਂ ਖੇਡ ਪਿੰਡਾਂ ਵਿਚ ਖਾਮੀਆਂ ਰਹਿਣ ਦੀ ਸੰਭਾਵਨਾ ਹੈ। ਅਧੂਰੇ ਕੰਮ ਨੂੰ ਨੇਪਰੇ ਚਾੜਨ ਲਈ ਇਨ੍ਹਾਂ ਦੀ ਉਸਾਰੀ ਦਾ ਕੰਮ ਬਲੈਕ ਲਿਸਟ ਗਰਦਾਨੀਆ ਕੰਸਟਰਸ਼ਨ ਕੰਪਨੀਆਂ ਨੂੰ ਦੇਣ ਤੋਂ ਵੀ ਗੁਰੇਜ ਨਹੀਂ ਕੀਤਾ ਗਿਆ। ਸਥਿਤੀ "ਵਿਹੜੇ ਆਈ ਜੰਞ ਬਿੰਨੋ ਕੁੜੀ ਦੇ ਕੰਨ" ਵਾਲੀ ਹੈ। ਹੁਕਮਰਾਨਾਂ ਨੂੰ ਇਸ ਗੱਲ ਦਾ ਫਿਕਰ ਨਹੀਂ ਕਿ ਦੇਸ਼ ਵਿਚ 40 ਕਰੋੜ ਦੇ ਕਰੀਬ ਪੜ੍ਹੇ ਲਿਖੇ ਸਿਖਿਅਤ ਅਤੇ ਅਸਿਖਿਅਤ ਨੌਜਵਾਨ ਬੇਰੁਜਗਾਰ ਹਨ। ਦੂਸਰੇ ਪਾਸੇ ਇਨ੍ਹਾਂ ਖੇਡਾਂ ਤੇ 87000 ਕਰੋੜ ਖਰਚ ਕੀਤੇ ਜਾ ਰਹੇ ਹਨ। ਜਦਕਿ ਚੀਨ ਨੇ ਬੀਜਿੰਗ ਉਲੰਪਿਕ ਪੰਜਾਹ ਹਜ਼ਾਰ ਕਰੋੜ ਵਿਚ ਕਰਵਾ ਲਏ ਸਨ। ਏਨੇ ਸਰਮਾਏ ਨਾਲ ਉਸਾਰੇ ਖੇਡ ਪਿੰਡ ਤੇ ਸਟੇਡੀਅਮ ਭ੍ਰਿਸ਼ਟਾਚਾਰ ਦੇ ਦਾਇਰੇ ਵਿਚ ਆ ਗਏ ਹਨ। ਸੁਰੇਸ਼ ਕਲਮਾਡੀ ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ। ਉਹ ਕਹਿ ਰਿਹਾ ਹੈ ਕਿ ਜਿੰਨਾ ਚਿਰ ਪ੍ਰਧਾਨ ਮੰਤਰੀ ਅਸਤੀਫ਼ੇ ਲਈ ਨਹੀਂ ਕਹਿੰਦੇ ਮੈਂ ਅਸਤੀਫ਼ਾ ਨਹੀਂ ਦੇਵਾਂਗਾ। ਓਨਾ ਚਿਰ ਮੈਂ ਹੀ ਪ੍ਰਧਾਨ ਹਾਂ। ਉਸਦਾ ਇਹ ਬਿਆਨ




ਪ੍ਰਧਾਨ ਮੰਤਰੀ ਦੀ ਸਵੱਛਤਾ ਤੇ ਸਵਾਲੀਆ ਚਿੰਨ ਲਗਾਉਂਦਾ ਹੈ ਕਿ ਪ੍ਰਧਾਨ ਮੰਤਰੀ ਦੀ ਇਸ ਭ੍ਰਿਸ਼ਟ ਅਧਿਕਾਰੀ ਨੂੰ ਬਰਦਾਸ਼ਤ ਕਰਨ ਦੀ ਕਿਹੜੀ ਮਜ਼ਬੂਰੀ ਹੈ? ਦੂਸਰੇ ਪਾਸੇ ਪ੍ਰਬੋਧ ਕਾਂਤ ਸਹਾਏ ਅਨੁਸਾਰ ਤੀਹ ਹਜ਼ਾਰ ਕਰੋੜ ਦਾ ਅਨਾਜ ਗਲ ਸੜ ਗਿਆ ਹੈ। ਸੁਪਰੀਮ ਕੋਰਟ ਕਹਿ ਰਹੀ ਹੈ ਕਿ ਸੜਨ ਨਾਲੋਂ ਗਰੀਬਾਂ ਵਿਚ ਵੰਡ ਦੇਣਾ ਚਾਹੀਦਾ ਹੈ।

ਐਨੇ ਪੈਸੇ ਨਾਲ ਦੇਸ਼ ਦੇ ਕਿੰਨੇ ਨੌਜਵਾਨ ਨੂੰ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਉਚਿਤ ਬੇ-ਰੁਜ਼ਗਾਰੀ ਭੱਤਾ ਦਿੱਤਾ ਜਾ ਸਕਦਾ ਹੈ ਬੇਰੁਜਗਾਰ ਦੀ ਗਿਣਤੀ ਨਾਲ ਖੇਡਾਂ ਤੇ ਖਰਚੀ ਜਾ ਰਹੀ ਰਾਸ਼ੀ ਨੂੰ ਕੈਲਕੂਲੇਟਰ ਰਾਹੀਂ ਜਰਬਾਂ ਤਕਸੀਮਾਂ ਕਰਕੇ ਦੇਖ ਲੈਣਾ। ਜਿੰਨਾ ਆਰਥਿਕ ਹਾਲਤਾਂ ਵਿਚ, ਜਿੰਨਾ ਵਿਦੇਸ਼ੀ ਕਰਜਾ ਇਸ ਦੇਸ਼ ਦੇ ਸਿਰ ਹੈ ਕੀ ਉਨ੍ਹਾਂ ਹਾਲਤਾਂ ਵਿਚ ਸਾਡੇ ਹਾਕਮਾਂ ਵਲੋਂ ਅਜਿਹੇ ਚੋਜ ਕਰਨੇ "ਨੰਗ ਪੁੱਤ ਚੋਰਾਂ ਨਾਲ ਖੇਡੇ" ਵਾਲੀ ਸਥਿਤੀ ਦਾ ਪ੍ਰਤੀਕ ਨਹੀਂ ਬਣਦਾ? ਅਜਿਹਾ ਤਜਰਬਾ ਸਾਡੇ ਪੰਜਾਬ ਦੇ ਹਾਕਮ ਅਪ੍ਰੈਲ ਮਹੀਨੇ ਕਬੱਡੀ ਕੱਪ ਕਰਵਾਕੇ ਦੇ ਚੁੱਕੇ ਹਨ। ਪੰਜਾਬ ਦੀ ਸਥਿਤੀ ਵੀ ਭਾਰਤ ਨਾਲ ਜੁੜੀ ਹੋਈ ਹੈ।

ਮਹਿੰਗਾਈ, ਗਰੀਬੀ, ਬੇ-ਰੁਜਗਾਰੀ, ਮੁਢਲੀਆਂ ਸਹੂਲਤਾਂ ਦੇ ਨਿੱਜੀਕਰਨ ਵੱਲ ਪੁੱਟੀਆਂ ਜਾ ਰਹੀਆਂ ਪਲਾਘਾਂ ਤੇ ਦੂਸਰੇ ਪਾਸੇ ਪੰਜਾਬ ਸਰਕਾਰ ਵਲੋਂ ਸੂਬੇ ਦੇ ਸਰਕਾਰੀ ਅਦਾਰਿਆਂ ਵਿਚ ਕੰਮ ਕਰਦੇ ਚੌਕੀਦਾਰਾਂ ਦਾ, ਮਾਲੀਆਂ ਦਾ, ਸੇਵਾਦਾਰਾਂ ਦਾ, ਅਫ਼ਸਰਾਂ ਦੇ ਡਰਾਈਵਰਾਂ ਦਾ, ਅਧਿਆਪਕਾਂ ਦਾ ਪੰਜਵੇ ਤਨਖਾਹ ਕਮਿਸ਼ਨਾਂ ਦੁਆਰਾ ਸਿਫਾਰਸ਼ ਕੀਤਾ 4800 ਕਰੋੜ ਰੁਪਏ ਦਾ ਬਕਾਇਆ ਨੱਪਿਆ ਹੋਇਆ ਹੈ। ਤੇ ਦੂਸਰੇ ਪਾਸੇ ਪੁਲਿਸ ਤੇ ਪ੍ਰਸ਼ਾਸ਼ਕੀ ਅਧਿਕਾਰੀਆਂ ਨੂੰ ਸਭ ਬਕਾਏ ਦਿੱਤੇ ਜਾ ਚੁੱਕੇ ਹਨ। ਏਥੇ ਸਾਡੇ ਹੁਕਮਰਾਨ ਦੀ ਨੌਂਹ ਦੇ ਲੋਕ ਸਭਾ ਹਲਕੇ ਬਠਿੰਡੇ ਦੀ ਉਦਾਹਰਣ ਦੇਣਾ ਕਾਫੀ ਹੈ ਕਿ ਬਠਿੰਡਾ ਵਿਖੇ ਕਰਵਾਏ ਗਏ ਕਬੱਡੀ ਮੈਚ ਸਮੇਂ ਪੰਜਾਬ ਦੇ ਹਾਕਮਾਂ ਲਈ ਲਗਾਏ ਟੈਂਟ ਕਿਰਾਏ ਤੇ ਲਿਆਂਦੇ ਸੋਫਿਆਂ ਅਤੇ ਅਫਸਰਸ਼ਾਹੀ ਤੇ ਹੋਰ ਖੇਡ ਅਮਲੇ ਦੇ 350 ਵਿਅਕਤੀਆਂ ਦੇ ਖਾਣੇ ਤੇ ਖਰਚ ਹੋਏ ਲੱਖਾਂ ਰੁਪਏ ਦੇਣ ਤੋਂ ਪੰਜਾਬ ਸਰਕਾਰ ਨੇ ਮੂੰਹ ਫੇਰ ਲਿਆ ਹੈ।

ਜਿਨ੍ਹਾਂ ਹੋਟਲਾਂ ਦਾ ਬਕਾਇਆ ਖੜ੍ਹਾ ਹੈ ਜਿਨ੍ਹਾਂ ਹੋਟਲਾਂ ਨੇ ਜਿਹੜੇ ਅਧਿਕਾਰੀਆਂ ਦੇ ਕਹਿਣ ਤੇ ਇਹ ਖਰਚਾ ਝੱਲਿਆ ਕੀ ਉਹ ਹੋਟਲ ਆਪਣੀ ਇਸ ਭਰਪੂਰਤੀ ਲਈ ਨਜ਼ਾਇਜ ਧੰਦਾ ਨਹੀਂ ਕਰਨਗੇ? ਮਾਂ-ਖੇਡ ਕਬੱਡੀ ਲਈ ਅਜਿਹੇ ਝੰਡਾ-ਬਰਦਾਰ ਬਣਨ ਲਈ ਕੀ ਇਹ ਕਿਰਦਾਰ ਦਿਖਾਉਣਾ ਜ਼ਰੂਰੀ ਸੀ? ਕੀ ਤੁਸੀਂ ਇਸਨੂੰ ਖੇਡਾਂ ਲਈ ਕੁਰਬਾਨੀ ਕਹੋਗੇ? ਕੀ ਇਹ ਸਭ ਕਰਨ ਲਈ ਡਾਕਟਰ ਨੇ ਕਿਹਾ ਸੀ? ਲੋਕ ਹਿੱਤਾਂ ਦੀ ਕੁਰਬਾਨੀ ਦੇ ਕੇ ਜੋ ਕਾਮਨਵੈਲਥ ਖੇਡਾਂ ਰਾਹੀ ਹੋਣ ਜਾ ਰਿਹਾ ਹੈ ਕੀ ਉਹ ਉਚਿਤ ਹੈ? ਹੋ ਸਕਦੈ ਕਿ ਕੁਝ ਪਾਠਕ ਇਸ ਨਜਰੀਏ ਤੋਂ ਸੋਚਣ ਕਿ ਖੇਡਾਂ ਮਨੁੱਖੀ ਹਸਤੀ, ਮਨੁੱਖੀ ਹੋਂਦ ਦਾ ਇਕ ਅਟੁੱਟ ਹਿੱਸਾ ਹੈ। ਇਹ ਮਨੁੱਖ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਦੀ ਅਧਾਰਸ਼ਿਲਾ ਹਨ। ਇਨ੍ਹਾਂ ਰਾਹੀਂ ਮਨੁੱਖ ਵਿਚ ਪਿਆਰ, ਵਿਸ਼ਵਾਸ ਤੇ ਆਪਸੀ ਮਿਲਵਰਤਣ ਦੀ ਭਾਵਨਾ ਪ੍ਰਫੁੱਲਤ ਕਰਦੀਆਂ ਹਨ। ਮਨੁੱਖ ਦਾ ਮਨੋਰੰਜਨ ਕਰਦੀਆਂ ਹਨ। ਉਸਦੇ ਫੁਰਸਤ ਦੇ ਪਲਾਂ ਵਿਚ ਰੰਗ ਭਰਦੀਆਂ ਹਨ। ਚੰਗੇ ਖਿਡਾਰੀ ਦੇਸ਼ ਦੀ ਸਮੁੱਚੀ ਜਵਾਨੀ ਦੀ ਅਰੋਗਤਾ ਦਾ, ਚੰਗੀ ਸਿਹਤ ਦਾ, ਦੇਸ਼ ਦੀ ਖੁਸ਼ਹਾਲ ਜਵਾਨੀ ਦਾ ਪ੍ਰਤੀਕ ਬਣਦੇ ਹਨ।

ਕੀ ਸਾਡੇ ਦੇਸ਼ ਦੀ ਜਵਾਨੀ ਸੱਚਮੁੱਚ ਅਰੋਗ ਤੇ ਸਿਹਤਮੰਦ ਹੈ? ਜੇ ਨਹੀਂ ਤਾਂ ਸਾਡੀ ਮਾਂ ਖੇਡ ਮਹਿਲਾ ਹਾਕੀ ਕੋਚ ਨਾਲ ਜੁੜੇ ਸੈਕਸ ਸਕੈਂਡਲ ਕੀ ਇਸ਼ਾਰਾ ਕਰ ਰਹੇ ਹਨ ਮਹਿਲਾ ਖਿਡਾਰਨ ਮਲੇਸ਼ਵਰੀ ਨੇ ਵੀ ਵੇਟ ਲਿਫਟਿੰਗ ਕੋਚ ਤੇ ਅਜਿਹੇ ਹੀ ਦੋਸ਼ ਲਗਾਏ ਹਨ। ਦੂਸਰੇ ਪਾਸੇ ਕੁਝ ਖਿਡਾਰੀ ਇਨ੍ਹਾਂ ਖੇਡਾਂ ਵਿਚ ਭਾਗ ਲੈਣ ਤੋਂ ਜਵਾਬ ਦੇ ਚੁੱਕੇ ਹਨ। ਕਲਮਾਡੀ ਬੜੀ ਢੀਠਤਾਈ ਨਾਲ ਕਹਿ ਰਹੇ ਹਨ ਕਿ ਦੇਸ਼ ਦੇ ਸਟਾਰ ਖਿਡਾਰੀਆਂ ਦੇ ਕਾਮਨ ਵੈਲਥ ਖੇਡਾਂ ਵਿੱਚ ਭਾਗ ਲੈਣ ਨਾਲ ਦੇਸ਼ ਨੂੰ ਕੋਈ ਫ਼ਰਕ ਨਹੀਂ ਪਵੇਗਾ। ਇਸਤੇ ਸਵਾਲ ਉਠਦਾ ਹੈ ਕਿ ਫਿਰ ਖੇਡਾਂ ਕਿੰਨ੍ਹਾਂ ਖਾਤਰ ਹੋ ਰਹੀਆਂ

ਹਨ? ਕੀ ਇਹ ਖੇਡ ਮਹੌਲ ਬਣਾਇਆ ਜਾ ਰਿਹਾ ਹੈ? ਬਹੁਤੇ ਖਿਡਾਰੀ ਖਸਤਾ ਪ੍ਰਬੰਧ ਤੇ ਪਿਛਲੇ ਸਮੇਂ ਦੌਰਾਨ ਸਰਕਾਰ ਵਲੋਂ ਐਲਾਨ ਕਰਕੇ ਅਦਾ ਨਾ ਕੀਤੇ ਪੈਸਿਆਂ ਦਾ ਮਸਲਾ ਉਠਾ ਰਹੇ ਹਨ।

ਪ੍ਰਗਟ ਸਿੰਘ ਵਰਗੇ ਪੰਜਾਬ ਦੇ ਹਾਕੀ ਖਿਡਾਰੀ ਖੇਡ ਪ੍ਰਬੰਧਕਾਂ ਪ੍ਰਤੀ ਨਰਾਜਗੀ ਦਾ ਇਜਹਾਰ ਕਰ ਰਹੇ ਹਨ? ਇਹ ਖੇਡਾਂ ਹੋਣ ਤੋਂ ਕੁਝ ਸਮਾਂ ਪਹਿਲਾਂ ਦੀ ਸਥਿਤੀ ਹੈ। ਜੋ ਪਹਿਲਾਂ ਕਦੇ ਨਹੀਂ ਸੀ। ਸਥਿਤੀ ਉਸ ਵਿਆਹ ਵਰਗੀ ਹੈ ਜਿਸਦੇ ਬਰਾਤੀ, ਰਿਸ਼ਤੇਦਾਰ ਤੇ ਵਿਚੋਲੇ ਰੁੱਸੇ ਹੋਏ ਹੋਣ। ਖਿਡਾਰੀਆਂ ਲਈ ਸਥਿਤੀ ਢਿੱਡੋਂ ਭੁੱਖੀ ਮੇਲਾ ਦੱਖ ਨਾ ਦੇਵੇ ਵਾਲੀ ਹੈ ਇਨ੍ਹਾਂ ਖੇਡਾਂ ਵਿਚ ਖਿਡਾਰੀ ਕੀ ਕਾਰਗੁਜਾਰੀ ਦਿਖਾਉਂਦੇ ਹਨ ਜਾਂ ਮੈਡਲ ਸੂਚੀ ਵਿ ਕਿੱਥੇ ਕੁ ਖੜਦੇ ਹਨ ਅਗਲੇ ਮਹੀਨੇ ਸਪੱਸ਼ਟ ਹੋ ਜਾਵੇਗਾ। ਖੇਡ ਮੁਕਾਬਲਿਆਂ ਦੌਰਾਨ ਇਨ੍ਹਾਂ ਫਿਕਰਮੰਦੀਆਂ ਉਪਰੰਤ ਅਸੀਂ ਖੇਡਾਂ ਉਪਰ ਮੰਡਰਾ ਰਹੇ ਅਹਿਮ ਮੁੱਦੇ ਵੱਲ ਆਉਂਦੇ ਹਾਂ। ਖੇਡ ਮਾਹਿਰ ਇਸ ਗੱਲ ਨੂੰ ਸ਼ਿੱਦਤ ਨਾਲ ਮਹਿਸੂਸ ਕਰ ਰਹੇ ਹਨ ਕਿ ਖਿਡਾਰੀਆਂ ਦੀ ਖੇਡ ਭਾਵਨਾ ਭਰਮ ਭੁਲੇਖਿਆਂ ਤੋਂ ਮੁਕਤ ਤਰਕ ਭਰਪੂਰ ਹੋਣੀ ਚਾਹੀਦੀ ਹੈ।

ਜੁਲਾਈ 2010 ਨੂੰ ਖਤਮ ਹੋਏ ਸੰਸਾਰ ਕੱਪ ਫੁਟਬਾਲ ਮੁਕਾਬਲਿਆਂ ਨੇ ਇਹ ਖਦਸ਼ੇ ਖੜੇ ਕੀਤੇ ਹਨ। ਜਿਵੇਂ ਕਿ ਦੁਨੀਆਂ ਨੇ ਦੇਖਿਆ ਹੈ ਕਿ ਇਸ ਮੁਕਾਬਲਿਆਂ ਦੇ ਸੈਮੀਫਾਈਨਲ ਤੇ ਫਾਈਨਲ ਮੈਚਾਂ ਦੌਰਾਨ ਜਾਂ ਇਸ ਤੋਂ ਪਹਿਲਾਂ ਖੇਡਾਂ ਉਪਰ ਅੰਧਵਿਸ਼ਵਾਸ ਤੇ ਤਰਕਹੀਣ ਵਰਤਾਰੇ ਦਾ ਪਰਛਾਵਾਂ ਪਿਆ ਹੈ। ਖੇਡਾਂ ਦਾ ਉਦੇਸ਼ ਸਰੀਰਕ ਤੇ ਮਾਨਸਿਕ ਤੰਦਰੁਸਤੀ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ। ਇਸ ਦੌਰਾਨ ਉਨ੍ਹਾਂ ਦਾ ਖੇਡ ਹੁਨਰ, ਗੋਲ ਕਰਨ ਦੀ ਕਲਾ, ਉਨ੍ਹਾਂ ਦੇ ਕੀਤੇ ਗਏ ਅਭਿਆਸ ਤੇ ਕੋਚਾਂ ਦੀ ਰਹਿਨੁਮਾਈ ਚਰਚਾ ਦਾ ਵਿਸ਼ਾ ਬਣਦੀ ਹੈ। ਉਨ੍ਹਾਂ ਦੇਸ਼ਾਂ ਵਲੋਂ ਖਿਡਾਰੀਆਂ ਨੂੰ ਪੈਦਾ ਕਰਨ, ਸਾਂਭਣ ਤੇ ਸਹੂਲਤਾਂ ਪ੍ਰਦਾਨ ਕਰਨ ਦੀ ਖੇਡ ਨੀਤੀ ਦੂਸਰਿਆਂ ਲਈ ਪ੍ਰੇਰਨਾ ਸਰੋਤ ਬਣਦੀ ਹੈ। ਪਰ ਫੁਟਬਾਲ ਮੈਚ ਦੌਰਾਨ ਜਿੱਤ ਹਾਰ ਦੇ ਮਾਮਲੇ ਤੇ ਇਨ੍ਹਾਂ ਪੱਖਾਂ ਦੀ ਥਾਂ ਇੱਕ ਦਕਿਆਨੂਸੀ ਤੇ ਅੰਧ ਵਿਸ਼ਵਾਸੀ ਵਰਤਾਰੇ ਦਾ ਚਰਚਾ ਬਣਨਾ ਕੋਈ ਸਿਹਤਮੰਦ ਮਾਨਸਿਕਤਾ ਦਾ ਪ੍ਰਗਟਾਵਾ ਨਹੀਂ ਹੈ।

ਇਸ ਦੌਰਾਨ ਸ਼ਰਾਰਤੀ ਦਿਮਾਗਾਂ ਵਾਲੇ ਅੰਧ ਵਿਸਵਾਸ਼ੀਆਂ ਨੇ ਅਜਿਹਾ ਵਰਤਾਰਾ ਚਲਾਇਆ ਕਿ ਪ੍ਰਿੰਟ ਅਤੇ ਬਿਜਲਈ ਮੀਡੀਏ ਦਾ ਸਾਰਾ ਧਿਆਨ ਖੇਡ ਭਾਵਨਾ ਨਾਲ ਜੁੜੇ ਅਭਿਆਸਾਂ, ਚੰਗੇ ਕੋਚਾਂ ਤੇ ਖਿਡਾਰੀਆਂ ਦੀ ਖੇਡ ਕਲਾ ਨੂੰ ਨਜ਼ਰ ਅੰਦਾਜ ਕਰਕੇ ਅੰਧਵਿਸਵਾਸੀ ਵਰਤਾਰੇ ਨੂੰ ਉਭਾਰਨ ਤੇ




ਲੱਗਿਆ। ਜਦ ਟੈਲੀਵਿਜ਼ਨਾਂ ਦੇ ਪਰਦੇ ਤੇ ਦਰਸ਼ਕਾਂ ਨੇ ਮੈਚ ਦੀ ਜਿੱਤ ਹਾਰ ਬਾਰੇ ਔਕਟੋਪਸ ਪਾਲ ਦੀਆਂ ਭਵਿੱਖਬਾਣੀਆਂ ਦੇ ਦ੍ਰਿਸ਼ ਦੇਖੇ। ਹੁਣ ਤੱਕ ਏਹੀ ਸੋਚਿਆ ਜਾਂਦਾ ਸੀ ਕਿ ਅਜਿਹੀ ਦਕਿਆਨੂਸੀ ਮਾਨਸਿਕਤਾ ਤੇ ਅੰਧਵਿਸ਼ਵਾਸ ਸਿਰਫ਼ ਗੁਰਬਤ ਦੇ ਮਾਰੇ ਅਨਪੜ ਤੇ ਵਿਕਾਸਸ਼ੀਲ ਦੇਸ਼ਾਂ ਵਿਚ ਹੀ ਹੈ। ਪਰ ਹਾਲੈਂਡ, ਸਪੇਨ, ਜਰਮਨੀ ਵਰਗੇ ਦੇਸ਼ਾਂ ਦੀ ਮਾਨਸਿਕਤਾ ਅਜਿਹੇ ਤੰਗ ਨਜ਼ਰੀਏ ਵਿਚ ਸਿਮਟ ਜਾਵੇਗੀ ਉਹ ਕਦੇ ਸੋਚਿਆ ਵੀ ਨਹੀਂ ਸੀ। ਫਾਈਨਲ ਮੈਚ ਦੀ ਭਵਿੱਖਬਾਣੀ ਲਈ ਸਿੰਘਾਪੁਰ ਵਾਲਿਆਂ ਨੇ ਤੋਤਾ ਕੱਢ ਲਿਆ ਤੇ ਟੈਲੀਵਿਜ਼ਨਾਂ ਤੇ ਦਿਖਾਇਆ ਗਿਆ ਕਿ ਇਸਨੇ ਵੀ ਜਿੱਤ ਹਾਰ ਦੀ ਪਰਚੀ ਕੱਢੀ ਹੈ। ਅਜਿਹੇ ਤੋਤੇ ਸਾਡੇ ਪੰਜਾਬ ਦੇ ਸ਼ਹਿਰਾਂ ਵਿਚ ਅਣਗਿਣਤ ਤੋਰੀ ਫੁਲਕਾ ਚਲਾਉਣ ਵਾਲੇ ਪਾਂਡੇ ਲਈ ਬੈਠੇ ਹਨ।

ਇਸ ਵਰਤਾਰੇ ਵਿਚ ਭਾਰਤ ਵਾਸੀਆਂ ਨੇ ਸੰਸਾਰ ਕੱਪ ਫੁੱਟਬਾਲ ਦੇ ਸੈਮੀਫਾਈਨਲ ਤੇ ਫਾਈਨਲ ਮੈਚ ਦੀ ਭਵਿੱਖਬਾਣ ਕਰਨ ਲਈ ਨੰਦੀ ਨੂੰ (ਦੇਵਤੇ ਦੇ ਵਾਹਨ ਬੈਲ) ਨੂੰ ਕੱਢ ਲਿਆ। ਮਾਹੌਲ ਅਜਿਹਾ ਬਣ ਗਿਆ ਕਿ ਇੰਜ ਲੱਗਣ ਲੱਗ ਪਿਆ ਕਿ ਮੈਚ ਦਾ ਫੈਸਲਾ ਚੰਗੀ ਖੇਡ ਸ਼ੈਲੀ, ਖਿਡਾਰੀਆਂ ਦੇ ਕੀਤੇ ਅਭਿਆਸ ਤੇ ਕੋਚਾਂ ਵਲੋਂ ਖਿਡਾਰੀਆਂ ਨੂੰ ਸਿਖਾਏ ਦਾਅ ਪੇਚਾਂ ਦੀ ਥਾਂ ਇਨ੍ਹਾਂ ਜਾਨਵਰਾਂ ਕੋਲ ਚਲਾ ਗਿਆ ਹੋਵੇ। ਸੈਮੀ ਫਾਈਨਲ ਮੈਚ ਦੌਰਾਨ ਇਹ ਮਹੌਲ ਖਿਡਾਰੀਆਂ ਦੀ ਮਾਨਸਿਕਤਾ ਤੇ ਇਸ ਕਦਰ ਭਾਰੂ ਹੋ ਗਿਆ ਜਰਮਨੀ ਦੀ ਟੀਮ ਅਤੇ ਹਾਲੈਂਡ ਦੀ ਟੀਮ ਫਾਈਨਲ ਦੌਰਾਨ ਔਕਟੋਪਸ ਪਾਲ ਦੀ ਭਵਿੱਖਬਾਣੀ ਬਾਰੇ ਜਾਣਕੇ ਮੈਚ ਹਾਰਨ ਵਰਗੇ ਮਾਨਸਿਕ ਦਬਾਓ ਹੇਠ ਖੇਡੀ। ਇਹ ਜੋ ਵਰਤਾਰਾ ਵਾਪਰਿਆ ਉਹ ਖੇਡਾਂ ਵਲੋਂ ਪੈਦਾ ਕੀਤੀ ਜਾਂਦੀ Sound mind in Sound Body ਭਾਵ ਨਰੋਏ ਸਰੀਰ ਵਿਚ ਨਰੋਈ ਮਾਨਸਿਕਤਾ ਤੇ ਪ੍ਰਸ਼ਨ ਚਿੰਨ ਲਗਾਕੇ ਖੇਡ ਜਗਤ ਲਈ ਇੱਕ ਸਵਾਲ ਛੱਡ ਗਿਆ ਹੈ ਕਿ ਕੀ ਖੇਡ ਮੁਕਾਬਲਿਆਂ ਦਾ ਫੈਸਲਾ ਔਕਟੋਪਸ ਪਾਲ, ਤੋਤੇ ਅਤੇ ਨੰਦੀ ਵਰਗੇ ਜਾਨਵਰ ਕਰਿਆ ਕਰਨਗੇ? ਕਿਸੇ ਨੇ ਵੀ ਤਰਕ ਨਾਲ ਨਹੀਂ ਸੋਚਿਆ ਕਿ ਕੀ ਔਕਟੋਪਸ ਪਾਲ ਨੂੰ ਫੁਟਬਾਲ ਦੀ ਖੇਡ ਦਾ, ਇਸਦੇ ਫਾਊਲਾਂ ਦਾ ਗਿਆਨ ਹੈ? ਏਹੀ ਸਵਾਲ ਸਿੰਘਾਪੁਰ ਦੇ ਤੋਤੇ ਅਤੇ ਨੰਦੀ ਨੂੰ ਹੈ? ਤੁਸੀਂ ਮਨੁੱਖੀ ਹੈਸੀਅਤ 'ਚ ਸੋਚੋ ਕਿ ਇਨ੍ਹਾਂ ਜਾਨਵਰਾਂ ਨੇ ਸਾਡੇ ਮੈਚਾਂ ਤੋਂ ਕੀ ਲੈਣਾ ਹੈ। ਖੇਡ ਸਟੇਡੀਅਮ ਵਿੱਚ ਅਤੇ ਟੈਲੀਵਿਜ਼ਨਾਂ ਤੇ ਮਨੁੱਖੀ ਦਰਸ਼ਕ ਫੁਟਬਾਲ ਮੈਚ ਦੇਖ ਰਹੇ ਸਨ, ਮਨੁੱਖੀ ਖਿਡਾਰੀ ਖੇਡ ਰਹੇ ਸਨ। ਮਨੁੱਖ ਰੈਫਰੀ ਹੀ ਮੈਚ ਕਰਵਾ ਰਹੇ ਸਨ ਕੋਈ ਤੋਤੇ ਜਾਂ ਔਕਟੋਪਸ ਨਾ ਮੈਚ ਦੇਖ ਰਹੇ ਸਨ ਨਾ ਰੈਫਰੀ ਕਰ ਰਹੇ ਸਨ। ਬੰਦਾ ਘੱਟੋ ਘੱਟ ਅਕਲ ਨੂੰ ਐਨਾ ਕੁ ਹੱਥ ਤਾਂ ਜ਼ਰੂਰ ਮਾਰੇ ਕਿ ਔਕਟੋਪਸ ਤਾਰਾ ਮੱਛੀ ਦੀ ਸ਼ਕਲ ਵਰਗਾ ਜਾਂ ਕੱਛੂਕੁੰਮਾ ਦੀਆਂ ਲੱਤਾਂ ਵਰਗਾ ਜਾਨਵਰ ਹੈ। ਤੋਤਾ ਇੱਕ ਪੰਛੀ ਹੈ। ਨੰਦੀ ਇੱਕ ਬੈਲ ਹੈ। ਇਹ ਸਾਰੇ ਆਪਣੀ ਸਲਾਮਤੀ ਲਈ ਮਨੁੱਖ ਤੇ ਨਿਰਭਰ ਹਨ।

ਸਧਾਰਨ ਮਨੁੱਖ ਦੀ ਲਾਠੀ ਇਨ੍ਹਾਂ ਦੀ ਜਾਨ ਲੈ ਵੀ ਸਕਦੀ ਹੈ ਤੇ ਬਖਸ਼ ਵੀ ਸਕਦੀ ਹੈ। ਜਰਮਨੀ ਵਾਲੇ ਤਾਂ ਐਨਾ ਉਤੇਜਤ ਹੋ ਗਏ ਕਿ ਉਨ੍ਹਾਂ ਨੇ ਔਕਟੋਪਸ ਪਾਲ ਨੂੰ ਭੁੰਨ

ਕੇ ਖਾਣ ਦੀ ਰੈਸਪੀ ਦੱਸ ਦਿੱਤੀ। ਸਪੇਨ ਵਾਲੇ ਇਸਦੀ ਰੱਖਿਆ ਤੇ ਆ ਗਏ। ਇਹ ਵਿਵਾਦ ਦੇਖ ਕੇ ਕੀ ਤੁਹਾਨੂੰ ਲੱਗਦਾ ਹੈ ਕਿ ਫੁੱਟਬਾਲ ਮੈਚਾਂ ਰਾਹੀਂ ਖੇਡ ਭਾਵਨਾ ਤੇ ਮਨੁੱਖ ਦੀ ਤੰਦਰੁਸਤ ਮਾਨਸਿਕਤਾ ਵਿਕਸਤ ਹੋਈ ਹੈ? ਔਕਟੋਪਸ ਪਾਲ ਤਾਂ ਮਨੁੱਖ ਵਲੋਂ ਸ਼ੀਸ਼ੇ ਦੇ ਬਕਸੇ ਵਿਚ ਪਾਲੀਆਂ ਜਾਂਦੀਆਂ ਰੰਗ ਬਿਰੰਗੀਆਂ ਮੱਛੀਆਂ ਵਾਂਗ ਕੈਦ ਸੀ। ਜਦ ਇਸ ਸ਼ੀਸ਼ੇ ਵਾਲੇ ਜਾਰ ਵਿਚ ਦੋ ਦੇਸ਼ਾਂ ਦੇ ਝੰਡਿਆਂ ਵਾਲੇ ਬਕਸੇ ਪਾਏ ਜਾਂਦੇ ਸਨ ਤਾਂ ਔਕਸਟੋਪਸ ਪਾਲ ਇਹ ਸੋਚਕੇ ਉਨ੍ਹਾਂ ਵੱਲ ਵਧਦਾ ਸੀ ਜਾਂ ਉਨ੍ਹਾਂ ਤੇ ਬੈਠਦਾ ਉਤਰਦਾ ਸੀ ਕਿ ਸ਼ਾਇਦ ਉਸ ਵਿਚ ਕੁਝ ਖਾਣ ਨੂੰ ਮਿਲ ਜਾਵੇ। ਜੀਵਾਂ ਤੇ ਸੂਖਮ ਅਧਿਐਨ ਕਰਨ ਵਾਲੇ ਵਿਗਿਆਨੀਆਂ ਦਾ ਦਾਅਵਾ ਹੈ ਕਿ ਤੁਸੀਂ ਕਿਸੇ ਸਾਫ ਪਾਣੀ ਵਾਲੇ ਤਲਾਬ ਜਾਂ ਛੱਪੜ ਵਿਚ ਕੋਈ ਕੰਕਰ ਜਾਂ ਰੋੜੀ ਸੁੱਟਕੇ ਦੇਖੋ ਉਸਨੂੰ ਖਾਣ ਵਾਲਾ ਪਦਾਰਥ ਸਮਝ ਕੇ ਮੱਛੀਆਂ ਕੱਛੂਕੁੰਮੇ ਜਾਂ ਡੱਡਾਂ ਉਸ ਕੰਕਰ ਵੱਲ ਵਧਦੀਆਂ ਹਨ। ਉਨ੍ਹਾਂ ਜੀਵਾਂ ਵਿਚੋਂ ਹੀ ਔਕਟੋਪਸ ਪਾਲ ਸੀ ਜੋ ਸ਼ੀਸ਼ੇ ਦੇ ਜਾਰ ਵਿਚ ਪਾਏ ਜਾਂਦੇ ਝੰਡਿਆਂ ਵਾਲੇ ਬਕਸਿਆਂ ਤੇ ਬੈਠਦਾ ਸੀ। ਕੁਝ ਵਿਗਿਆਨੀ ਉਸਦੇ ਇਸ ਆਕਰਸ਼ਣ ਨੂੰ ਝੰਡਿਆਂ ਦੇ ਰੰਗ ਨਾਲ ਵੀ ਜੋੜਦੇ ਹਨ।




ਸੰਸਾਰ ਕੱਪ ਫੁਟਬਾਲ ਮੈਚ ਦੌਰਾਨ ਇਸ ਵਰਤਾਰੇ ਨੇ ਜਿੱਥੇ ਖੇਡ ਭਾਵਨਾ ਨੂੰ ਸ਼ਰਮਸਾਰ ਕੀਤਾ ਹੈ ਉਥੇ ਮਨੁੱਖ ਦੇ ਇਕੱਵੀਂ ਸਦੀ ਵਿਚ ਪ੍ਰਵੇਸ਼ ਕਰਨ ਦੇ ਦਾਅਵੇ ਨੂੰ ਵੀ ਸ਼ਰਮਸਾਰ ਕੀਤਾ ਹੈ। ਜੇ ਇਨ੍ਹਾਂ ਜਾਨਵਰਾ ਦੀਆਂ ਭਵਿੱਖਬਾਣੀਆਂ ਐਨੀਆਂ ਦਰੁਸਤ ਹਨ ਤਾਂ ਯੂ. ਐਨ. ਓ. ਨੂੰ ਵਿਸ਼ਵ ਵਿਆਪੀ ਅੱਤਵਾਦ ਤੇ ਕਈ ਦੇਸ਼ਾਂ ਦੇ ਝਗੜਿਆਂ ਦਾ ਹੱਲ ਵੀ ਔਕਟੋਪਸ ਪਾਲ ਤੋਂ ਤੋਤਿਆਂ ਤੋਂ ਤੇ ਨੰਦੀਆਂ ਤੋਂ ਕਰਵਾ ਲੈਣਾ ਚਾਹੀਦਾ ਹੈ। ਕਾਮਨਵੈਲਥ ਖੇਡਾਂ ਵਿਚ ਕਿਹੜਾ ਦੇਸ਼ ਕਿੰਨੇ ਤਮਗੇ ਲਵੇਗਾ ਕੀ ਇਸਦਾ ਫੈਸਲਾ ਵੀ ਇਨ੍ਹਾਂ ਜਾਨਵਰਾਂ ਤੋਂ ਕਰਵਾ ਲੈਣਾ ਚਾਹੀਦਾ ਹੈ? ਅੱਜ ਸਾਡੀ ਚਿੰਤਾ ਦਾ ਵਿਸ਼ਾ ਇਹ ਹੈ ਕਿ ਭਾਰਤ ਵਿਚ ਕਾਮਨ ਵੈਲਥ ਖੇਡਾਂ ਹੋ ਰਹੀਆਂ ਹਨ। ਇਨ੍ਹਾਂ ਵਿਚ ਹਾਕੀ ਫੁਟਬਾਲ ਵਰਗੀਆਂ ਖੇਡਾਂ ਵੀ ਸ਼ਾਮਲ ਹਨ। ਦੂਸਰੇ ਪਾਸੇ ਭਾਰਤ ਕਰੋੜਾਂ ਦੇਵੀ ਦੇਵਤਿਆਂ ਤੇ ਰਿਸ਼ੀਆਂ ਮੁਨੀਆਂ ਦਾ ਦੇਸ਼ ਹੈ। ਸਤੰਬਰ ਅਕਤੂਬਰ ਮਹੀਨਿਆਂ ਦੌਰਾਨ ਏਥੇ ਸ੍ਰੀ ਗਣੇਸ ਦੀ ਮੂਰਤੀ ਦੇ ਸਮੁੰਦਰ ਵਿਚ ਵਿਸਰਜਨ ਸਮੇਂ ਉਸਦੇ ਵਾਹਨ ਚੂਹੇ ਦੀ, ਦੁਸਹਿਰੇ ਵਾਲੇ ਦਿਨਾਂ ਵਿਚ ਖੜਪੈਂਚ ਦੀ ਅਰਾਧਨਾ ਹੁੰਦੀ ਹੈ।

ਅਕਤੂਬਰ ਮਹੀਨੇ ਦੌਰਾਨ ਤਿਉਹਾਰ ਵੀ ਆਪਣੀ ਚਰਮ ਸੀਮਾ ਤੇ ਹੋਣਗੇ ਅਤੇ ਕਾਮਨ ਵੈਲਥ ਖੇਡਾਂ ਵੀ ਪੂਰੇ ਜਲੌਅ ਤੇ ਹੋਣਗੀਆਂ। ਅਨੇਕਾਂ ਖੇਡਾਂ ਦੇ ਫਾਈਨਲ ਜਾਂ ਸੈਮੀਫਾਈਨਲ ਮੁਕਾਬਲੇ ਹੋਣਗੇ ਵਿਸ਼ਵ ਫੁਟਬਾਲ ਕੱਪ ਵਾਂਗ ਡਰ ਹੈ ਕਿ ਕਿਤੇ ਇਨ੍ਹਾਂ ਮੈਚਾਂ ਦੌਰਾਲ ਸੰਸਾਰ ਕੱਪ ਫੁਟਬਾਲ ਦੇ ਮੈਚਾਂ ਵਾਲਾ ਵਰਤਾਰਾ ਭਾਰੂ ਨਾ ਹੋ ਜਾਵੇ। ਕਿਉਂਕਿ ਇਸ ਉਦਾਹਰਣ ਨੇ ਇੱਕ ਤਰ੍ਹਾਂ ਨਾਲ ਖੇਡ ਭਾਵਨਾ ਤੇ ਅੰਧਵਿਸ਼ਵਾਸੀ ਵਰਤਾਰੇ ਦਾ ਰਾਹ ਖੋਲ ਦਿੱਤਾ ਹੈ। ਜੇ ਇਹ ਵਰਤਾਰਾ ਸੰਸਾਰ ਕੱਪ ਤੇ ਭਾਰੂ ਹੋ ਸਕਦਾ ਹੈ ਤਾਂ ਇਸਦਾ ਪਰਛਾਵਾਂ ਕਾਮਨ ਵੈਲਥ ਖੇਡਾਂ ਤੇ ਵੀ ਪੈ ਸਕਦਾ ਹੈ। ਇਨ੍ਹਾਂ ਖੇਡਾਂ ਦੇ ਸੈਮੀਫਾਈਨਲ ਜਾਂ ਫਾਈਨਲ ਮੈਚਾਂ ਦਾ ਫੈਸਲਾ ਕਰਨ ਲਈ ਭਾਰਤੀ ਮਿਥਿਹਾਸ 'ਚੋਂ ਤੋਤੇ, ਮੋਰ, ਸੱਪ, ਨੰਦੀ, ਸ਼ੇਰ, ਗਰੁੜ ਆਦਿ ਕਾਰਜਸ਼ੀਲ ਹੋ ਸਕਦੇ ਹਨ। ਵਿਸ਼ਵ ਕੱਪ ਫੁਟਬਾਲ ਵਿਚ ਤਾਂ ਭਾਰਤ ਖੇਡ ਨਹੀਂ ਰਿਹਾ ਸੀ ਪਰ ਕਾਮਨ ਵੈਲਥ ਖੇਡਾਂ ਦੌਰਾਨ ਭਾਰਤ ਦੀ ਹਾਕੀ ਫੁੱਟਬਾਲ ਹੀ ਨਹੀਂ ਹੋਰ ਟੀਮਾਂ ਵੀ ਖੇਡਣਗੀਆਂ। ਜੇ ਅਜਿਹਾ ਵਾਪਰਦਾ ਹੈ ਤਾਂ ਇਹ 21ਵੀਂ ਸਦੀ ਦਾ ਵਿਗਿਆਨਕ ਵਰਤਾਰੇ ਲਈ ਪਿਛਲਖੁਰੀ ਮੋੜਾ ਹੋਵੇਗਾ। ਕਿਉਂਕਿ ਇਹ ਵਰਤਾਰਾ ਆਪਣੀ ਸੁਰਤ ਸੰਭਲਣ ਤੋਂ ਲੈ ਕੇ ਹੁਣ ਤੱਕ ਦੇਖੇ, ਸੁਣੇ ਤੇ ਪੜ੍ਹੇ ਉਲੰਪਿਕ ਏਸ਼ੀਆਈ ਤੇ ਸੰਸਾਰ ਕੱਪ ਮੈਚਾਂ ਦੌਰਾਨ ਨਹੀਂ ਵਾਪਰਿਆ ਸੀ। ਦਾਨਸ਼ਵਰਾਂ ਨੂੰ, ਵਿਦਵਾਨਾਂ ਨੂੰ, ਵਿਗਿਆਨੀਆਂ ਨੂੰ ਖੇਡਾਂ ਤੇ ਖੇਡ ਭਾਵਨਾ ਨੂੰ ਬਚਾਉਣ ਲਈ ਇਸ ਅੰਧ ਵਿਸ਼ਵਾਸੀ ਵਰਤਾਰੇ 'ਚੋਂ ਕੱਢਣਾ ਹੋਵੇਗਾ। ਭਾਰਤ ਵਿਚ ਕਰਵਾਈਆਂ ਜਾ ਰਹੀਆਂ ਇਨ੍ਹਾਂ ਕਾਮਨ ਵੈਲਥ ਖੇਡਾਂ ਦੌਰਾਨ ਅੰਧ ਵਿਸ਼ਵਾਸੀ ਵਰਤਾਰੇ ਦੀ ਕਾਲਖ ਦਾ ਟਿੱਕਾ ਨਾ ਲੱਗੇ ਤੇ ਖੇਡਾਂ ਇਸ ਤੋਂ ਬੇ-ਦਾਗ ਰਹਿਣ ਸਧਾਰਨ ਕਾਲਮ ਨਵੀਸ ਦੀ ਹੈਸੀਅਤ ਵਿਚ ਅਜਿਹੀ ਇੱਛਾ ਤਾਂ ਕਰ ਹੀ ਸਕਦੇ ਹਾਂ। ਜੇ ਅਜਿਹਾ ਵਰਤਾਰਾ ਭਾਰੂ ਹੁੰਦਾ ਹੈ ਤਾਂ ਖੇਡਾਂ ਦੇ ਉਦੇਸ਼ਾਂ, ਭਾਵਨਾਵਾਂ ਅਤੇ ਆਯੋਜਨ ਕਰਨ ਤੇ ਉਠਾਏ ਜਾਂਦੇ ਜੋਖਮਾਂ ਤੇ ਮੁੜ ਤੋਂ ਸੋਚਣਾ ਹੋਵੇਗਾ। ਪਰ ਇਸ ਦੇ ਨਾਲ ਹੀ ਇੱਕ ਸਵਾਲ ਕਿ ਕੀ ਕਿਸੇ ਔਕਟੋਪਸ ਪਾਲ ਨੇ ਤੋਤੇ ਨੇ ਜਾਂ ਨੰਦੀ ਨੇ ਸਾਡੇ ਸਟੇਡੀਅਮਾਂ ਦੀ ਹਾਲਤ ਬਾਰੇ ਅਤੇ ਭ੍ਰਿਸ਼ਟਾਚਾਰ ਬਾਰੇ ਭਵਿੱਖਬਾਣੀ ਕੀਤੀ ਹੈ? ਜੇ ਨਹੀਂ ਤਾਂ ਫਿਰ ਫਾਈਨਲ ਜਾਂ ਸੈਮੀਫਾਈਨਲ ਮੈਚਾਂ ਬਾਰੇ ਇਨ੍ਹਾਂ ਦੀ ਭਵਿੱਖਬਾਣੀ ਕਿਵੇਂ ਸਾਰਥਕ ਹੋ ਸਕਦੀ ਹੈ?

***- ਗੁਰਮੇਲ ਸਿੰਘ 'ਬੌਡੇ'***

## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ ਵਿਗਿਆਨ ਜੋਤ ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ ਵਿਗਿਆਨ ਜੋਤ ਮੁਫ਼ਤ ਭੇਜਿਆ ਜਾਵੇਗਾ।

***-ਅਦਾਰਾ 'ਵਿਗਿਆਨ ਜੋਤ'***

ਸੁਖਮੰਦਰ ਸਿੰਘ ਤੂਰ

## ਭੋਜਨ ਨਾਲ ਬੁਢਾਪੇ 'ਤੇ ਕਾਬੂ

ਬੁਢਾਪੇ ਦੇ ਨਾਲ-ਨਾਲ ਕੋਸ਼ਿਕਾਵਾਂ 'ਚ ਵੀ ਕਮੀ ਹੁੰਦੀ ਜਾਂਦੀ ਹੈ। ਪਰ ਭੋਜਨ 'ਤੇ ਕਾਬੂ ਰੱਖ ਕੇ ਕੋਸ਼ਿਕਾਵਾਂ ਦੀ ਟੁੱਟ-ਫੁੱਟ ਜਾਂ ਕਮੀ ਰੋਕੀ ਜਾ ਸਕਦੀ ਹੈ। ਹਾਲ ਹੀ ਵਿਚ ਚੂਹਿਆਂ 'ਤੇ ਕੀਤੇ ਗਏ ਇਕ ਪ੍ਰਯੋਗ ਨਾਲ ਇਹ ਸਿੱਧ ਹੋ ਗਿਆ ਹੈ ਕਿ ਸੰਤੁਲਿਤ ਭੋਜਨ ਨਾਲ ਕੋਸ਼ਿਕਾਵਾਂ ਦੀ ਕਮੀ ਦੀ ਪ੍ਰਕ੍ਰਿਆ ਧੀਮੀ/ਘੱਟ ਹੋ ਜਾਂਦੀ ਹੈ।

ਵਿਸਦਾਨਸਿਨ ਯੂਨੀਵਰਸਿਟੀ ਵਿਚ ਅਨੁਵੰਸ਼ਿਕੀ ਦੇ ਪ੍ਰੋਫੈਸਰ ਡਾ. ਟੋਮਸ ਪ੍ਰੋਲਾ, ਡਾ. ਰੀਚਰਡ ਵੀਨਡ੍ਰਿਕ ਅਤੇ ਹੋਰ ਸਹਿਯੋਗੀਆਂ ਨੇ ਕਈ ਅਧਿਐਨਾਂ ਵਿਚ ਇਹ ਵੇਖਿਆ ਕਿ ਪੋਸ਼ਕ ਤੱਤਾਂ ਦੇ ਨਾਲ ਸੰਤੁਲਿਤ ਭੋਜਨ ਲੈਣ ਨਾਲ ਬੁਢਾਪੇ ਦੀ ਪ੍ਰਕਿਰਿਆ ਹੌਲੀ ਹੋ ਸਕਦੀ ਹੈ। ਇਸ ਦੇ ਪ੍ਰਮਾਣ/ਨਤੀਜੇ ਚੂਹਿਆਂ ਅਤੇ ਮਨੁੱਖਾਂ ਆਦਿ ਵਿਚ ਵੀ ਵਿਖਾਈ ਦਿੱਤੇ ਹਨ।

ਖੋਜ ਦੇ ਦੌਰਾਨ 5 ਮਹੀਨਿਆਂ ਦੇ ਬਾਲਗ ਚੂਹੇ ਅਤੇ 30 ਮਹੀਨਿਆਂ ਦੇ ਬੁੱਢੇ ਚੂਹੇ ਦੀਆਂ ਮਾਸਪੇਸ਼ੀਆਂ ਦੀਆਂ ਕੋਸ਼ਿਕਾਵਾਂ ਦੀ ਤੁਲਨਾ ਕੀਤੀ ਗਈ। ਇਨ੍ਹਾਂ ਵਿਚੋਂ 6000 ਤੋਂ ਵੱਧ ਜੀਨਾਂ ਦਾ ਅਧਿਐਨ ਕਰਨ 'ਤੇ ਪਾਇਆ ਗਿਆ ਕਿ ਸਿਰਫ਼ 2% ਜੀਨਾਂ ਵਿਚ ਹੀ ਗੁਣਾਤਮਿਕ ਪਰਿਵਰਤਨ ਹੋਏ। ਡਾ ਪ੍ਰੋਲਾ ਨੇ ਦੱਸਿਆ ਕਿ ਕੁਝ ਜੀਨ ਉਮਰ ਦੇ ਨਾਲ-ਨਾਲ ਕ੍ਰਿਆਸ਼ੀਲ ਹੁੰਦੇ ਜਾਂਦੇ ਹਨ। ਪੀ-3 ਇਕ ਅਜਿਹਾ ਹੀ ਜੀਨ ਹੈ ਜੋ ਮਾਸਪੇਸ਼ੀਆਂ ਦੇ ਸੱਟ ਲੱਗਣ ਜਾਂ ਜ਼ਖ਼ਮੀ ਹੋਣ 'ਤੇ ਕ੍ਰਿਆਸ਼ੀਲ ਹੁੰਦਾ ਹੈ, ਭਰ ਦੇਖਿਆ ਗਿਆ ਹੈ ਕਿ ਬੁਢਾਪੇ ਵੱਲ ਵਧਦੇ ਸਮੇਂ ਵੀ ਇਹ ਜੀਨ ਕ੍ਰਿਆਸ਼ੀਲ ਹੋ ਜਾਂਦਾ ਹੈ। ਇਸੇ ਤਰ੍ਹਾਂ ਹੋਰ ਵੀ ਜੀਨ ਹੋ ਸਕਦੇ ਹਨ ਜੋ ਸਮੇਂ ਦੇ ਨਾਲ ਬਦਲਦੇ ਰਹਿੰਦੇ ਹਨ।

ਕੁਝ ਜੀਨਾਂ ਦੀ ਕ੍ਰਿਆਸ਼ੀਲਤਾ ਬੁਢਾਪੇ ਦੇ ਨਾਲ ਘਟਦੀ ਜਾਂਦੀ ਹੈ ਕਿਉਂਕਿ ਕੁਝ ਬੁਢਾਪੇ ਵਿਚ ਹੀ ਕ੍ਰਿਆਸ਼ੀਲ ਹੁੰਦੇ ਹਨ। ਉਮਰ ਵਧਣ ਦੇ ਨਾਲ ਕੁਝ ਅਜਿਹੇ ਜੀਨ ਪ੍ਰਗਟ ਹੁੰਦੇ ਹਨ, ਜੋ ਨਾਸ਼ ਹੋਏ ਡੀ. ਐਨ. ਏ. ਦੀ ਮੁਰੰਮਤ ਕਰਦੇ ਹਨ। ਇਸ ਤੋਂ ਇਲਾਵਾ ਕੁਝ ਅਜਿਹੇ ਜੀਨਸ ਹੁੰਦੇ ਹਨ, ਜੋ ਅੰਦਰੂਨੀ ਟੁੱਟ-ਭੱਜ ਤੋਂ ਬਚਾਅ ਲਈ ਪ੍ਰੋਟੀਨ ਬਣਾਉਂਦੇ ਹਨ। ਸਰੀਰ ਅੰਦਰ ਆਵੇਸ਼ਿਤ ਅਣੂ ਹੁੰਦੇ ਹਨ, ਜੋ ਆਕਸੀਜਨ ਦੀ ਪ੍ਰਕ੍ਰਿਆ ਨਾਲ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਆਕਸੀਜਨ ਉਹੀ ਪ੍ਰਕ੍ਰਿਆ ਹੈ, ਜਿਸ ਨਾਲ ਲੋਹੇ ਆਦਿ ਨੂੰ ਜੰਗ ਲੱਗਦਾ ਹੈ।



ਪ੍ਰੋਟੀਨ ਦਾ ਨੁਕਸਾਨ ਹੋਣ 'ਤੇ ਉਸ ਦੀ ਪੂਰਤੀ ਕਰਨ ਵਾਲਾ ਹੀਟਸ਼ਾਕ ਨਾਂ ਦਾ ਜੀਨ ਵੀ ਚੂਹੇ ਦੀ ਉਮਰ ਵਧਣ ਦੇ ਨਾਲ ਜ਼ਿਆਦਾ ਕ੍ਰਿਆਸ਼ੀਲ ਹੁੰਦਾ ਵੇਖਿਆ ਗਿਆ ਹੈ। ਇਸ ਨਾਲ ਊਰਜਾ ਦੀਆਂ ਆਕਸੀਕਰਨ ਕ੍ਰਿਆਵਾਂ ਘੱਟ ਗਈਆਂ ਅਤੇ ਨਸ਼ਟ ਹੋਈਆਂ ਕੋਸ਼ਿਕਾਵਾਂ ਦੀ ਮੁਰੰਮਤ ਕਰਨ ਵਾਲੇ ਜੀਨ ਵੱਧ ਗਏ, ਪਰ ਜਦੋਂ ਚੂਹੇ ਨੂੰ ਕਾਬੂ ਖੁਰਾਕ ਤੇ ਰੱਖਿਆ ਗਿਆ ਤਾਂ ਉਮਰ ਵਧਣ ਦੇ ਨਾਲ ਹੋਣ ਵਾਲੀਆਂ ਜ਼ਿਆਦਾਤਰ ਪ੍ਰਕ੍ਰਿਆਵਾਂ ਰੁਕ ਗਈਆਂ। ਜਿਨ੍ਹਾਂ ਚੂਹਿਆਂ ਨੂੰ ਸੰਤੁਲਿਤ ਭੋਜਨ ਦੇ ਨਾਲ ਸਿਰਫ਼ 76 ਕੈਲੋਰੀ ਦਿੱਤੀ ਗਈ ਉਨ੍ਹਾਂ ਵਿਚ ਹੋ ਰਹੇ ਅਨੁਵੰਸ਼ਿਕ ਬਦਲਾਵਾਂ ਵਿਚ ਕਾਫੀ ਕਮੀ ਦੇਖੀ ਗਈ।

ਇਸ ਤਰ੍ਹਾਂ ਕੈਲੋਰੀ 'ਤੇ ਕਾਬੂ ਰੱਖ ਕੇ ਹੀ ਬੁਢਾਪੇ ਵਿਚ ਹੋ ਰਹੇ ਬਦਲਾਅ 'ਤੇ ਕਾਬੂ ਪਾਇਆ ਜਾ ਸਕਦਾ ਹੈ। ਅਸਲ ਵਿਚ ਤਾਂ ਖ਼ੁਰਾਕ 'ਤੇ ਕਾਬੂ ਰੱਖ ਕੇ ਹੀ ਪੂਰੇ ਦਾ ਪੂਰਾ ਮੇਟਾਬੋਲਿਜ਼ਮ ਬਦਲਿਆ ਜਾ ਸਕਦਾ ਹੈ।

## *...ਤੇ ਹੁਣ ਨਕਲੀ ਦਿਮਾਗ*

ਇਹ ਤਾਂ ਪਹਿਲਾਂ ਹੀ ਸਿੱਧ ਹੋ ਚੁੱਕਿਆ ਹੈ ਕਿ ਦਿਮਾਗ ਦੀਆਂ ਕੋਸ਼ਿਕਾਵਾਂ ਨੂੰ ਫਿਰ ਤੋਂ ਉਗਾਇਆ ਜਾ ਸਕਦਾ ਹੈ ਅਤੇ ਜੈਵ-ਭੌਤਿਕ ਦੀਆਂ ਹੁਣੇ ਹੋਈਆਂ ਖੋਜਾਂ ਨਾਲ ਭਵਿੱਖ ਵਿਚ ਨਕਲੀ ਦਿਮਾਗ ਬਣਾਏ ਜਾਣ ਦੀ ਵੀ ਸੰਭਾਵਨਾ ਬਣ ਗਈ ਹੈ।

ਜਰਮਨੀ ਦੇ ਨੋਬਲ ਪੁਰਸਕਾਰ ਜੇਤੂ ਵਿਗਿਆਨਕ ਡਾ. ਅਵਿਰਨ ਨੇਹਰ ਅਜਿਹੀਆਂ ਖੋਜਾਂ ਵਿਚ ਜੁੱਟੇ ਹੋਏ ਹਨ, ਜਿਸ ਨਾਲ ਭਵਿੱਖ ਵਿਚ ਅਜਿਹੀ ਮਸ਼ੀਨ ਬਣਾਉਣਾ ਸੰਭਵ ਹੋ ਸਕੇਗਾ ਜੋ, ਮਨੁੱਖ ਦੇ ਦਿਮਾਗ ਦੀ ਤਰ੍ਹਾਂ ਕੰਮ ਕਰੇ। ਇਸ ਖੋਜ ਦਾ ਆਧਾਰ ਕੰਪਿਊਟਰਾਂ ਦੀ ਨਿਊਰੋ ਪ੍ਰਣਾਲੀ ਹੈ।

## ਰੋਗਾਂ ਤੋਂ ਬਚਾਉਣਗੇ ਐਂਟੀ-ਵਾਇਰਸ ਕੱਪੜੇ

ਕੀ ਤੁਸੀਂ ਕਦੀ ਐਸੀ ਜੈਕਿਟ ਜਾਂ ਕਮੀਜ਼ ਦੀ ਕਲਪਨਾ ਕੀਤੀ ਹੈ, ਜੋ ਪਹਿਨਣ ਤੋਂ ਬਾਅਦ 'ਐਂਟੀ-ਵਾਇਰਸ' ਕਵਚ ਦਾ ਕੰਮ ਕਰੇ। ਸਾਇੰਸ ਅਤੇ ਫੈਸ਼ਨ ਟੈਕਨਾਲੋਜੀ ਦੇ ਮੇਲ ਨਾਲ ਐਸੇ ਕੱਪੜੇ ਤਿਆਰ ਕੀਤੇ ਜਾ ਰਹੇ ਹਨ, ਜਿੰਨ੍ਹਾਂ ਨੂੰ ਪਹਿਨ ਕੇ ਬਹੁਤ ਸਾਰੇ ਰੋਗਾਂ ਨੂੰ ਜਨਮ ਦੇਣ ਵਾਲੇ ਵਾਇਰਸ/ਬੈਕਟੀਰੀਆ ਅਤੇ ਜ਼ਹਿਰੀਲੀਆਂ ਗੈਸਾਂ ਆਦਿ ਤੋਂ ਮੁਕਤੀ ਮਿਲੇਗੀ। ਇਨ੍ਹਾਂ ਕੱਪੜਿਆਂ ਨੂੰ ਕਦੀ ਵੀ ਧੋਣ ਦੀ ਜ਼ਰੂਰਤ ਵੀ ਨਹੀਂ ਪਵੇਗੀ। ਇਨ੍ਹਾਂ ਦਾ ਰੰਗ ਵੀ ਜਦ ਆਪ ਚਾਹੋ ਬਦਲ ਸਕਦੇ ਹੋ।

**ਕੁਦਰਤੀ ਜਣੇਪਾ ਹੀ ਲਾਹੇਵੰਦ : ਇਕ ਰਿਪੋਰਟ**

ਇੰਡੀਅਨ ਮੈਡੀਕਲ ਕੌਂਸਲ ਦੀ ਇਕ ਰਿਪੋਰਟ ਅਨੁਸਾਰ 25 ਫੀਸਦੀ ਜਣੇਪੇ ਅਪਰੇਸ਼ਨ ਨਾਲ ਹੀ ਹੁੰਦੇ ਹਨ, ਜਿਨ੍ਹਾਂ 'ਚ 18 ਫੀਸਦੀ ਮਾਂ ਬਣਨ ਵਾਲੀਆਂ ਔਰਤਾਂ ਦੀ ਮਰਜ਼ੀ ਨਾਲ ਹੁੰਦੇ ਹਨ ਤੇ ਬਾਕੀ 7 ਫੀਸਦੀ ਜਣੇਪੇ ਸਮੇਂ ਆਉਣ ਵਾਲੀਆਂ ਔਕੜਾਂ ਦੇ ਮੱਦੇਨਜ਼ਰ ਡਾਕਟਰ ਸਰਜਨਾਂ ਵਲੋਂ ਅਪਰੇਸ਼ਨ ਨਾਲ ਹੁੰਦੇ ਹਨ। ਹੁਣ ਇਨ੍ਹਾਂ ਦੀ ਗਿਣਤੀ 50 ਫੀਸਦੀ ਤੋਂ ਵੀ ਵੱਧ ਗਈ ਹੈ। ਇਸ ਵਰਤਾਰੇ ਨੂੰ ਆਰਥਿਕਤਾ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ।

ਡਾਕਟਰਾਂ ਦਾ ਮੰਨਣਾ ਹੈ ਕਿ ਅਪਰੇਸ਼ਨ ਤੋਂ ਬਾਅਦ ਕਈ ਤਰ੍ਹਾਂ ਦੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾਂ ਵਿਚ ਅੰਦਰੂਨੀ ਹਰਨੀਆਂ, ਸਰਜਰੀ ਦੇ ਕੱਟਾਂ ਦੇ ਪੱਕੇ ਤੌਰ 'ਤੇ ਪੈਣ ਵਾਲੇ ਨਿਸ਼ਾਨ ਆਦਿ ਹਨ। ਜਦ ਕਿ ਕੁਦਰਤੀ ਜਣੇਪੇ 'ਚ ਰਿਕਵਰੀ ਵੱਧ ਤੇਜ਼ ਅਤੇ ਕਿਸੇ ਤਰ੍ਹਾਂ ਦੇ ਖ਼ਤਰਿਆਂ ਤੋਂ ਬਗੈਰ ਹੁੰਦੀ ਹੈ। ਇਸ ਦੇ ਮੱਦੇਨਜ਼ਰ ਕੁਦਰਤੀ ਜਣੇਪਾ ਹੀ ਸਰਲ ਅਤੇ ਮਾਂ ਵਾਸਤੇ ਅਨੁਕੂਲ ਹੁੰਦਾ ਹੈ।

## *... ਤੇ ਅੰਤ ਵਿਚ*

ਇਕ ਰਿਪੋਰਟ ਦੇ ਅਨੁਸਾਰ ਸੰਨ 2050 'ਚ ਪੈਦਾ ਹੋਣ ਵਾਲੇ ਬੱਚਿਆਂ ਨੂੰ ਸਾਲ 2000 ਦੇ ਬੱਚਿਆਂ ਦੇ ਮੁਕਾਬਲੇ ਘੱਟ ਪੌਸ਼ਟਿਕ ਭੋਜਨ ਨਸੀਬ ਹੋਵੇਗਾ। ਇਸ ਦੇ ਐਨੇ ਮਾੜੇ ਸਿੱਟੇ/ਨਤੀਜੇ ਨਿਕਲਣਗੇ ਕਿ ਬੱਚਿਆਂ ਦੇ ਕੁਪੋਸ਼ਣ ਨੂੰ ਰੋਕਣ ਲਈ ਕੀਤੇ ਜਾ ਰਹੇ ਸਾਲਾਂ ਬੱਧੀ ਹੀਲਿਆਂ 'ਤੇ ਉਸ ਸਮੇਂ ਪੂਰੀ ਤਰ੍ਹਾਂ ਪਾਣੀ ਫਿਰ ਜਾਵੇਗਾ। ਇਸ ਸਦੀ ਦੇ ਅੱਧ ਤੱਕ 2.5 ਕਰੋੜ ਤੋਂ ਜ਼ਿਆਦਾ ਬੱਚੇ ਭੁੱਖੇ ਰਹਿ ਜਾਣਗੇ।

# ਪਾਵੇਲ ਦਾ ਐਕਸੀਡੈਂਟ

ਪਾਵੇਲ ਮੇਰਾ ਦਸ ਸਾਲਾ ਪੋਤਾ ਹੈ ਜੋ ਕਿ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ ਵਿਚ ਛੇਵੀਂ ਜਮਾਤ ਦਾ ਵਿਦਿਆਰਥੀ ਹੈ। ਸਾਡੀਆਂ ਗਲੀਆਂ ਦੇ ਦਸ ਬਾਰਾਂ ਬੱਚੇ ਇੱਕ ਆਟੋ ਰਾਹੀਂ ਸਕੂਲ ਜਾਇਆ ਕਰਦੇ ਸਨ। ਸ਼ਹਿਰਾਂ ਵਿਚ ਚੱਲਣ ਵਾਲੇ ਆਟੋਆਂ ਦੀਆਂ ਦੁਰਘਟਨਾਵਾਂ ਬਾਰੇ ਕਦੇ ਘੱਟ ਵੱਧ ਹੀ ਸੁਣਿਆ ਸੀ। 21 ਅਪ੍ਰੈਲ ਨੂੰ ਸਵੇਰੇ ਸਵਾ ਸੱਤ ਵਜੇ ਉਹ ਆਟੋ ਵਿਚ ਸਵਾਰ ਹੋਇਆ। ਬੱਚੇ ਜ਼ਿਆਦਾ ਹੋਣ ਕਾਰਨ ਉਹ ਡਰਾਇਵਰ ਦੇ ਨਾਲ ਹੀ ਬੈਠ ਗਿਆ। ਆਟੋ ਆਪਣੀ ਦਰਮਿਆਨੀ ਸਪੀਡ ਤੇ ਸਕੂਲ ਵੱਲ ਜਾ ਰਿਹਾ ਸੀ ਕਿ ਅਚਾਨਕ ਹੀ ਇੱਕ ਲੜਕੀ ਆਪਣੀ ਗ਼ਲਤ ਦਿਸ਼ਾ ਤੋਂ ਆਟੋ ਅੱਗੇ ਆ ਗਈ। ਡਰਾਈਵਰ ਨੇ ਉਸ ਲੜਕੀ ਨੂੰ ਬਚਾਉਣ ਲਈ ਕੱਟ ਮਾਰਿਆ ਤੇ ਆਟੋ ਪਲਟ ਗਿਆ। ਪਾਵੇਲ ਆਟੋ ਦੇ ਥੱਲੇ ਆ ਗਿਆ। ਡਰਾਈਵਰ ਸਮੇਤ ਸਾਰੇ ਵਿਦਿਆਰਥੀ ਪਾਵੇਲ ਉੱਪਰ ਆ ਡਿੱਗੇ। ਪਾਵੇਲ ਘਰੋਂ ਦੁੱਧ ਪੀ ਕੇ ਗਿਆ ਸੀ। ਉੱਥੇ ਹੀ ਉਸਨੂੰ ਖੂਨ ਤੇ ਦੁੱਧ ਦੀ ਉਲਟੀ ਆ ਗਈ ਅਤੇ ਉਹ ਬੇਹੋਸ਼ ਹੋ ਗਿਆ।

ਇੱਕ ਮਿੰਟ ਵਿੱਚ ਹੀ ਲੋਕਾਂ ਦੀ ਭੀੜ ਨੇ ਆਟੋ ਸਿੱਧਾ ਕਰ ਦਿੱਤਾ ਅਤੇ ਦੋ ਭਲੇ ਪੁਰਸ਼ਾਂ ਨੇ ਪਾਵੇਲ ਨੂੰ ਮੋਟਰ ਸਾਈਕਲ ਤੇ ਲਿਟਾਇਆ ਤੇ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਲੈ ਗਏ। ਡਾਕਟਰਾਂ ਨੇ ਉਸ ਸਮੇਂ ਉਸਨੂੰ ਚੈੱਕ ਕੀਤਾ ਤੇ ਗੁਲੂਕੋਜ ਤੇ ਆਕਸੀਜਨ ਲਾ ਦਿੱਤੀ ਗਈ। ਤੇ ਡਾਕਟਰਾਂ ਨੇ ਸਮਝਦਾਰੀ ਵਰਤਦਿਆਂ ਪਾਵੇਲ ਨੂੰ ਲੁਧਿਆਣੇ ਦੇ ਕਿਸੇ ਹਸਪਤਾਲ ਲਈ ਰੈਫਰ ਕਰ ਦਿੱਤਾ। ਐਕਸੀਡੈਂਟ ਵਾਲੇ ਥਾਂ ਤੋਂ ਹੀ ਆਟੋ ਰਿਕਸ਼ਾ ਤੇ ਇੱਕ ਹੋਰ ਭਲਾ ਪੁਰਸ਼ ਸਾਡੇ ਘਰ ਸੁਨੇਹਾ ਦੇਣ ਲਈ ਆ ਗਏ।

ਮੇਰਾ ਬੇਟਾ ਅਮਿੱਤ ਉਸੇ ਸਮੇਂ ਹਸਪਤਾਲ ਪੁੱਜ ਗਿਆ। ਮੇਰਾ ਭਤੀਜਾ ਪ੍ਰਵੀਨ ਵੀ ਆ ਗਿਆ, ਬੇਹੋਸ਼ ਪਾਵੇਲ ਨੂੰ ਐਂਬੂਲੈਂਸ ਵਿਚ ਪਾਉਣ ਤੋਂ ਪਹਿਲਾਂ ਅਸੀਂ ਹਸਪਤਾਲ ਵਾਲਿਆਂ ਨੂੰ ਬੇਨਤੀ ਕੀਤੀ ਕਿ ਰਸਤੇ ਵਿੱਚ ਕਿਸੇ ਅਣਹੋਣੀ ਹੋਣ ਤੋਂ ਰੋਕਣ ਲਈ ਕੀ ਕੋਈ ਡਾਕਟਰ ਜਾਂ ਫਾਰਮਾਸਿਸਟ ਬੱਚੇ ਨਾਲ ਜਾ ਸਕਦਾ ਹੈ? ਡਾਕਟਰ ਕਹਿਣ ਲੱਗੇ ਸਾਡੇ ਕੋਲ ਇਸ ਕਿਸਮ ਦੀ ਕੋਈ ਸੁਵਿਧਾ ਨਹੀਂ। ਪਰ ਬਾਹਰਲੇ ਦੇਸ਼ਾਂ ਵਿਚ ਇੱਕ ਜ਼ਖਮੀ ਮਰੀਜ਼ ਦੇ ਨਾਲ ਨਾਲ ਕਈ ਡਾਕਟਰ ਤੇ ਨਰਸਾਂ ਜਾਂਦੀਆਂ ਹਨ। ਕਾਹਲੀ ਹੋਣ ਕਰਕੇ ਮੇਰਾ ਬੇਟਾ ਤੇ ਭਤੀਜਾ ਪਾਵੇਲ ਨੂੰ ਲੈ ਕੇ ਲੁਧਿਆਣੇ ਲਈ ਚੱਲ ਪਏ। ਅੱਧੇ ਕੁ ਘੰਟੇ ਬਾਅਦ ਪਾਵੇਲ ਨੂੰ ਕੁਝ ਹੋਸ਼ ਆਇਆ ਉਸ ਨੇ ਕਿਹਾ "ਮੰਮੀ ਮੈਂ ਠੀਕ ਹਾਂ।" ਲਗਭਗ ਸਵਾ ਨੌਂ ਵਜੇ ਐਂਬੂਲੈਂਸ ਦਿਆਨੰਦ ਮੈਡੀਕਲ ਕਾਲਜ ਤੇ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਪੁੱਜ ਗਈ।

ਡਾਕਟਰਾਂ ਨੇ ਤੁਰੰਤ ਹੀ ਪਾਵੇਲ ਦਾ ਇਲਾਜ ਸ਼ੁਰੂ ਕਰ ਦਿੱਤਾ, ਸਿਰ ਦੀਆਂ ਸੱਟਾਂ ਨੂੰ ਦੇਖਦੇ ਡਾਕਟਰਾਂ ਨੇ ਤੁਰੰਤ ਸੀ ਟੀ ਸਕੈਨ ਕੀਤਾ ਤੇ ਇਹ ਕਹਿ ਦਿੱਤਾ ਕਿ ਦਿਮਾਗ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪਾਵੇਲ ਨੂੰ ਸਾਹ ਲੈਣ ਵਿੱਚ ਔਖਿਆਈ ਹੋ ਰਹੀ ਸੀ। ਮੇਰਾ ਬੇਟਾ ਵਿਸ਼ਾਲ ਖੁਦ ਡਾਕਟਰ ਹੋਣ ਕਾਰਨ ਡਾਕਟਰਾਂ ਨੂੰ ਤੁਰੰਤ ਉਸਦੇ ਫੇਫੜਿਆਂ ਵਿਚੋਂ ਖੂਨ ਕੱਢਣ ਲਈ ਉਪਰੇਸ਼ਨ ਵਾਸਤੇ ਜ਼ੋਰ ਪਾ ਦਿੱਤਾ ਸੀ ਤਾਂ ਜੋ ਉਸਦੀ ਜਾਨ ਨੂੰ ਬਚਾਇਆ ਜਾ ਸਕੇ। ਪਰ ਡਾਕਟਰ ਕਹਿਣ ਲੱਗੇ ਅਸੀਂ ਜੋ ਕੁਝ ਵੀ ਕਰਨਾ ਹੁੰਦਾ ਹੈ, ਉਹ ਟੈਸਟਾਂ ਦੇ ਅਧਾਰ ਤੇ ਕਰਨਾ ਹੁੰਦਾ ਹੈ। ਉਨ੍ਹਾਂ ਨੇ ਤੁਰੰਤ ਪਾਵੇਲ ਦੇ ਕੁਝ ਐਕਸ ਰੇ ਤੇ ਅਲਟਰਾ ਸਾਊਂਡ ਕੀਤੇ ਜਿਸ ਤੋਂ ਸਪੱਸ਼ਟ ਹੋ ਗਿਆ ਕਿ ਉਸਦੇ ਫੇਫੜਿਆਂ ਵਿਚੋਂ ਭਰੇ ਖੂਨ ਤੇ ਹਵਾ ਨੂੰ ਬਾਹਰ ਕੱਢਣ ਦੀ ਜ਼ਰੂਰਤ ਸੀ। ਸੋ ਡਾਕਟਰਾਂ ਨੇ ਲਗਭੱਗ 11.00 ਵਜੇ ਉਸਦੀਆਂ ਛਾਤੀਆਂ ਦੇ ਉਪਰੇਸ਼ਨ ਦੀ ਸ਼ੁਰੂਆਤ ਕਰ ਦਿੱਤੀ।



ਬਾਰਾਂ ਕੁ ਵਜੇ ਤੱਕ ਉਸਦੀਆਂ ਦੋਨੋਂ ਛਾਤੀਆਂ ਵਿਚ ਟਿਊਬਾਂ ਪਾ ਦਿੱਤੀਆਂ ਗਈਆਂ ਤੇ ਇਕੱਠਾ ਹੋਇਆ ਖੂਨ ਬਾਹਰ ਕੱਢ ਦਿੱਤਾ ਗਿਆ। ਪਾਵੇਲ ਦੀ ਸੱਜੀ ਬਾਹ ਡੋਲੇ ਤੋਂ ਟੁੱਟ ਚੁੱਕੀ ਸੀ। ਇੱਕ ਦੋ ਦਿਨਾਂ ਬਾਅਦ ਹੀ ਡਾਕਟਰ ਕਹਿਣ ਲੱਗੇ ਕਿ ਅਸੀਂ ਇਸਦੀ ਬਾਂਹ ਦਾ ਉਪਰੇਸ਼ਨ ਵੀ ਕਰਨਾ ਚਾਹੁੰਦੇ ਹਾਂ। ਪਰ ਸਾਡੇ ਪਰਿਵਾਰ ਦੇ ਡਾਕਟਰ ਕਹਿਣ ਲੱਗੇ ਕਿ ਜਿੰਨਾ ਚਿਰ ਪਾਵੇਲ ਖਤਰੇ ਤੋਂ ਬਾਹਰ ਨਹੀਂ ਹੁੰਦਾ ਅਸੀਂ ਉਸਦੀ ਬਾਂਹ ਦੇ ਉਪਰੇਸ਼ਨ ਦੀ ਇਜ਼ਾਜਤ ਨਹੀਂ ਦੇ ਸਕਦੇ। ਡਾਕਟਰ ਚਾਹੁੰਦੇ ਸਨ ਕਿ ਪਾਵੇਲ ਨੂੰ ਵੈਂਟੀਲੇਟਰ ਲਾ ਕੇ ਉਹ ਉਸਦੀ ਬਾਂਹ ਦਾ ਉਪਰੇਸ਼ਨ ਕਰ ਦਿੱਤਾ ਜਾਵੇ ਪਰ ਸਾਡੇ ਮਨਾਂ ਕਰਨ ਤੇ ਉਹ ਰੁਕ ਗਏ। ਲਗਭਗ ਇਕ ਹਫ਼ਤੇ ਬਾਅਦ ਉਨ੍ਹਾਂ ਨੇ ਉਸਦੀ ਛਾਤੀ ਦੀਆਂ ਟਿਊਬਾਂ ਨੂੰ ਕੱਢ ਦਿੱਤਾ ਅਤੇ ਸਾਨੂੰ ਘਰ ਭੇਜ ਦਿੱਤਾ।

ਸਾਡੇ ਬਹੁਤ ਸਾਰੇ ਦੋਸਤ ਮਿੱਤਰ ਰਿਸ਼ਤੇਦਾਰ ਤੇ ਗੁਆਂਢੀ ਪਹਿਲਾਂ ਵੀ ਹਸਪਤਾਲ ਖਾਣਾ ਬਗੈਰਾ ਲੈ ਕੇ ਪੁੱਜੇ ਸਨ। ਉਨ੍ਹਾਂ ਨੇ ਪਾਵੇਲ ਦੇ ਘਰ ਪੁੱਜਣ ਤੇ ਉਸਦਾ ਸੁਆਗਤ ਫੁੱਲਾਂ ਨਾਲ ਕੀਤਾ। ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਸਾਰੇ ਵਿਅਕਤੀਆਂ ਨੇ ਤੇ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਨੇ ਪਾਵੇਲ ਲਈ ਸ਼ੁਭ ਇਛਾਵਾਂ ਭੇਜੀਆਂ ਸਨ। ਬਹੁਤ ਸਾਰੇ ਪਾਵੇਲ ਦਾ ਪਤਾ ਲੈਣ ਲਈ ਹਸਪਤਾਲ ਤੇ ਸਾਡੇ ਘਰ ਪੁੱਜੇ ਵੀ ਪਰ ਮੈਂ ਸਭ ਨੂੰ ਸਮਾਂ ਤੇ ਪੈਸਾ ਇਸ ਕੰਮ ਤੇ ਬਰਬਾਦ ਕਰਨ ਤੋਂ ਰੋਕਦਾ ਰਿਹਾ ਹਾਂ ਕਿਉਂਕਿ ਮੈਂ ਸਮਝਦਾ ਸੀ ਕਿ ਇਸ ਕੇਸ ਵਿਚ ਸਿਰਫ਼ ਡਾਕਟਰ ਹੀ ਸਾਡੀ ਮੱਦਦ ਕਰ ਸਕਦੇ ਸਨ ਉਹ ਵੀ ਸਹੀ ਸਲਾਹ ਤੇ ਸੰਭਵ ਸਭ ਤੋਂ ਵਧੀਆ ਇਲਾਜ ਦੇ ਕੇ। ਬਾਕੀ ਤਾਂ ਸ਼ੁਭ ਇਛਾਵਾਂ ਹੀ ਦੇ ਸਕਦੇ ਹਨ ਜਿਹੜੀਆਂ ਫੋਨ ਤੇ ਵੀ ਹੋ ਸਕਦੀਆਂ ਹਨ। ਮੈਂ ਇਹ ਵੀ ਚਾਹੁੰਦਾ ਹਾਂ ਕਿ ਮਰੀਜ਼ ਦਾ ਪਤਾ ਲੈਣ ਵਾਲਿਆਂ ਵਿਚੋਂ ਬਹੁਤਿਆਂ ਨੂੰ ਫੋਨ ਤੇ ਹੀ ਇਹ ਕੰਮ ਕਰ ਲੈਣਾ ਚਾਹੀਦਾ ਹੈ। ਇਸ ਨਾਲ ਨਾਲੇ ਤਾਂ ਹਸਪਤਾਲਾਂ ਵਿਚੋਂ ਭੀੜ ਘੱਟ ਜਾਵੇਗੀ ਤੇ ਨਾਲ ਹੀ ਸਮੇਂ ਤੇ ਪੈਸੇ ਦੀ ਬਰਬਾਦੀ।

ਮੈਨੂੰ ਮਿਲਣ ਵਾਲੇ ਬਹੁਤ ਸਾਰੇ ਰਿਸ਼ਤੇਦਾਰ ਵਾਰ-ਵਾਰ ਇਹ ਕਹਿੰਦੇ ਰਹੇ ਕਿ "ਰੱਬ ਨੇ ਹੀ ਪਾਵੇਲ ਨੂੰ ਬਚਾ ਲਿਆ" ਪਰ ਜਦੋਂ ਛੁੱਟੀ ਮਿਲਣ 'ਤੇ ਪਾਵੇਲ ਘਰ ਆਇਆ ਤਾਂ ਅਸੀਂ ਪਾਵੇਲ ਨੂੰ ਪੁੱਛਿਆ ਕਿ ਲੋਕ ਕਹਿੰਦੇ ਨੇ ਕਿ ਤੈਨੂੰ ਰੱਬ ਨੇ ਬਚਾ ਲਿਆ ਤੂੰ ਇਸ ਬਾਰੇ ਕੀ ਸੋਚਦਾ ਹੈਂ ਤਾਂ ਉਸ ਨੇ ਕਿਹਾ ਕਿ 'ਮੈਨੂੰ ਤਾਂ ਡਾਕਟਰਾਂ ਨੇ ਬਚਾਇਆ ਹੈ ਰੱਬ ਤਾਂ ਹੁੰਦਾ ਹੀ ਨਹੀਂ।' ਮੈਂ ਵੀ ਇਹ ਮਹਿਸੂਸ ਕਰਦੇ ਹਾਂ ਕਿ ਪਾਵੇਲ ਨੂੰ ਬਚਾਉਣ ਵਾਲੇ ਤਾਂ ਡਾਕਟਰ ਨੇ ਜਾਂ ਅੱਜ ਦੀ ਸਾਇੰਸ ਹੈ।" ਜੇ ਕਿਤੇ ਪਾਵੇਲ ਨੂੰ ਰੱਬ ਦੇ ਆਸਰੇ ਛੱਡ ਦਿੱਤਾ ਜਾਂਦਾ ਤਾਂ ਹਰ ਹਾਲਤ ਉਸਦੇ ਪ੍ਰਾਣ ਪੰਖੇਰੂ ਹੋ ਜਾਣੇ ਸਨ। ਕਈ ਰਿਸ਼ਤੇਦਾਰਾਂ ਨੂੰ ਤਾਂ ਮੈਨੂੰ ਇਹ ਕਹਿਣਾ ਪਿਆ ਕਿ ਪਾਵੇਲ ਨੂੰ ਰੱਬ ਨੇ ਨਹੀਂ ਬਚਾਇਆ ਉਸਨੂੰ ਤਾਂ ਡਾਕਟਰਾਂ ਨੇ ਹੀ ਬਚਾਇਆ ਹੈ। ਕਈ ਵਾਰ ਮੇਰਾ ਮਨ ਉਨ੍ਹਾਂ ਨੂੰ ਇਹ ਕਹਿਣ ਨੂੰ ਵੀ ਕਰਦਾ ਸੀ ਕਿ ਪਾਵੇਲ ਦਾ ਐਕਸੀਡੈਂਟ ਰੱਬ ਨੇ ਹੀ ਕੀਤਾ ਹੈ ਪਰ ਇਹ ਸਚਾਈ ਦਾ ਜਾਣਕਾਰ ਹੋਣ ਦੇ ਨਾਤੇ ਕਿ ਰੱਬ ਦੀ ਕੋਈ ਹੋਂਦ ਨਹੀਂ ਹੁੰਦੀ ਇਸ ਲਈ ਮੈਂ ਇਹ ਕਹਿਣ ਤੋਂ ਗੁਰੇਜ਼ ਕਰ ਜਾਂਦਾ ਸੀ।

ਕੁਝ ਦੋਸਤ ਮਿੱਤਰ ਕਹਿਣ ਲੱਗੇ ਕਿ ਜੇ ਪਾਵੇਲ ਦਾ ਐਕਸੀਡੈਂਟ ਦੋ ਕੁ ਸਾਲ ਪਹਿਲਾਂ ਹੋ ਗਿਆ ਹੁੰਦਾ ਤਾਂ ਲੋਕਾਂ ਨੇ ਇਹ ਕਹਿਣਾ

ਸ਼ੁਰੂ ਕਰ ਦੇਣਾ ਸੀ ਕਿ ਮੇਘ ਰਾਜ ਮਿੱਤਰ ਨੂੰ ਇਹ ਸਜ਼ਾ ਇਸ ਲਈ ਮਿਲੀ ਹੈ ਕਿ ਉਸਨੇ ਭੂਤਾਂ ਵਾਲੀ ਚਿਮਨੀ ਢਾਹੀ ਸੀ।

ਇੱਥੇ ਮੈਂ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਸ ਕਿਸਮ ਦਾ ਐਕਸੀਡੈਂਟ ਪਾਵੇਲ ਦਾ ਹੋਇਆ ਸੀ। ਉਸੇ ਕਿਸਮ ਦਾ ਐਕਸੀਡੈਂਟ ਮੇਰੇ ਮਾਮੇ ਦਾ 1988 ਵਿਚ ਹੋਇਆ ਸੀ। ਉਸ ਦੀਆਂ ਵੀ ਪਸਲੀਆਂ ਨੇ ਫੇਫੜਿਆਂ ਨੂੰ ਜ਼ਖ਼ਮੀ ਕਰ ਦਿੱਤਾ ਸੀ ਪਰ ਉਸ ਸਮੇਂ ਡਾਕਟਰੀ ਵਿਗਿਆਨ ਅੱਜ ਜਿੰਨੀ ਵਿਕਸਤ ਨਹੀਂ ਸੀ ਜਿਸ ਕਾਰਨ ਮੇਰੇ ਮਾਮੇ ਦੀ ਮੌਤ ਵਧੀਆ ਡਾਕਟਰਾਂ ਦੇ ਹੱਥਾਂ ਵਿਚ ਹੀ ਹੋ ਗਈ ਸੀ ਕਿਉਂਕਿ ਉਹ ਉਸਦੀ ਛਾਤੀਆਂ ਵਿਚੋਂ ਖ਼ੂਨ ਕੱਢਣ ਤੋਂ ਨਾਕਾਮ ਰਹੇ ਸਨ।

ਪਾਵੇਲ ਦੇ ਘਰ ਆਉਣ ਦੇ ਦੂਸਰੇ ਦਿਨ ਹੀ ਅਸੀਂ ਉਸਦੀ ਬਾਂਹ ਦਾ ਉਪਰੇਸ਼ਨ ਬਰਨਾਲੇ ਵਿਚ ਹੀ ਕਰਵਾ ਦਿੱਤਾ। ਮੇਰੀ ਭਾਣਜੀ ਦੇ ਘਰ ਵਾਲਾ ਰਾਜਿੰਦਰਾ ਹਸਪਤਾਲ ਪਟਿਆਲਾ ਵਿਚ ਹੱਡੀਆਂ ਦਾ ਡਾਕਟਰ ਹੈ ਉਸਨੇ ਬਰਨਾਲੇ ਆ ਕੇ ਹੀ ਉਸਦੀ ਬਾਂਹ ਜੋੜ ਕੇ ਪਲਸਤਰ ਲਾ ਦਿੱਤਾ।

ਐਕਸੀਡੈਂਟ ਹੋਣ ਤੋਂ ਬਾਅਦ ਬੱਚੇ ਦੇ ਜ਼ਖ਼ਮਾਂ ਨੇ ਤਾਂ ਭਰ ਹੀ ਜਾਣਾ ਹੁੰਦਾ ਹੈ ਪਰ ਐਕਸੀਡੈਂਟ ਦਾ ਜੋ ਡਰ ਬੱਚੇ ਦੇ ਮਨ ਵਿਚ ਬੈਠ ਜਾਂਦਾ ਹੈ ਉਸਨੂੰ ਘਟਾਉਣ ਲਈ ਕਈ ਸਾਲਾਂ ਦਾ ਸਮਾਂ ਲੱਗ ਜਾਂਦਾ ਹੈ। ਪਾਵੇਲ ਨਾਲ ਆਟੋ ਵਿਚ ਸਫ਼ਰ ਕਰਦੇ ਬੱਚੇ ਉਸ ਲਈ ਟਾਫ਼ੀਆਂ ਤੇ ਚਿਪਸ ਲੈ ਕੇ ਆਏ ਪਰ ਜਿਸ ਸਕੂਲ ਦਾ ਉਹ ਵਿਦਿਆਰਥੀ ਹੈ ਉਸਦੇ ਪ੍ਰਿੰਸੀਪਲ ਨੇ ਇੱਕ ਫੋਨ ਕਰਨਾ ਵੀ ਮੁਨਾਸਿਬ ਨਾ ਸਮਝਿਆ। ਦੁਰਘਟਨਾ ਤੋਂ ਪੰਦਰਾਂ ਦਿਨਾਂ ਬਾਅਦ ਉਸਦੀ ਕਲਾਸ ਦੀ ਇੰਚਾਰਜ ਪਾਵੇਲ ਦਾ ਪਤਾ ਲੈਣ ਲਈ ਜ਼ਰੂਰ ਸਾਡੇ ਘਰ ਆਈ। ਸਥਾਨਿਕ ਪੁਲਿਸ ਚਾਹੁੰਦੀ ਸੀ ਕਿ ਅਸੀਂ ਆਟੋ ਚਾਲਕ ਦੇ ਕਸੂਰਵਾਰ ਹੋਣ ਬਾਰੇ ਆਪਣੇ ਬਿਆਨ ਉਨ੍ਹਾਂ ਨੂੰ ਦਰਜ ਕਰਵਾ ਦਈਏ ਪਰ ਪਾਵੇਲ ਅਨੁਸਾਰ ਤਾਂ ਐਕਸੀਡੈਂਟ ਲਈ ਕਸੂਰਵਾਰ ਆਟੋ ਡਰਾਈਵਰ ਨਹੀਂ ਸੀ। ਸੋ ਅਸੀਂ ਆਪਣੇ ਬਿਆਨਾਂ ਵਿਚ ਉਸਨੂੰ ਮੁਆਫ਼ ਕਰ ਦਿੱਤਾ ਪਰ ਕਿਉਂਕਿ ਆਟੋ ਵਾਲੇ ਨੇ ਆਪਣੇ ਆਟੋ ਦਾ ਕੋਈ ਬੀਮਾ ਵੀ ਨਹੀਂ ਕਰਵਾਇਆ ਹੋਇਆ ਸੀ। ਪਰ ਅਸੀਂ ਉਨ੍ਹਾਂ ਨੂੰ ਨਸੀਹਤ ਜ਼ਰੂਰ ਦਿੱਤੀ ਕਿ ਆਟੋ ਦਾ ਥਰਡ ਪਾਰਟੀ ਬੀਮਾ ਅਵੱਸ ਹੋਣਾ ਚਾਹੀਦਾ ਹੈ ਤਾਂ ਜੋ ਐਕਸੀਡੈਂਟ ਦੀ ਸੂਰਤ ਵਿਚ ਬੀਮਾ ਕੰਪਨੀ ਤੋਂ ਹਸਪਤਾਲ ਦੇ ਖਰਚੇ ਵਸੂਲ ਕੀਤੇ ਜਾ ਸਕਣ।

ਬਾਂਹ ਤੇ 45 ਦਿਨਾਂ ਦਾ ਪਲਸੱਤਰ ਲੱਗਿਆ ਹੋਣ ਕਰਕੇ ਅਤੇ ਉਪਰੇਸ਼ਨ ਵਾਲੇ ਥਾਂ ਤੇ ਮਲ੍ਹਮ ਪੱਟੀ ਹੋਣ ਕਾਰਨ ਅੱਜ ਕੱਲ੍ਹ ਪਾਵੇਲ ਘਰ ਹੀ ਹੈ। ਇਸ ਲਈ ਮੈਨੂੰ ਉਸ ਨਾਲ ਕਾਫ਼ੀ ਸਮਾਂ ਬਤੀਤ ਕਰਨ ਦਾ ਮੌਕਾ ਮਿਲ ਜਾਂਦਾ ਹੈ। ਮੈਂ ਉਸਨੂੰ ਇੱਕ ਕਹਾਣੀ ਸੁਣਾਉਂਦਾ ਰਹਿੰਦਾ ਹਾਂ ਇੱਕ ਬੁੱਢੀ ਇਸਤਰੀ ਨੂੰ ਦੰਦ ਕਢਵਾਉਣ ਲਈ ਡਾਕਟਰ ਕੋਲ ਜਾਣਾ ਪੈਂਦਾ ਸੀ। ਜਦੋਂ ਡਾਕਟਰ ਦੰਦ ਕੱਢਣ ਲਈ ਆਪਣੇ ਸੰਦ ਚੁੱਕਦਾ ਤਾਂ ਉਹ ਬੁੱਢੀ ਉਸ ਡਾਕਟਰ ਨੂੰ ਕਹਿੰਦੀ "ਬੇ ਭਾਈ ਖੜ ਜਾ ਮੈਨੂੰ ਚੀਕ ਮਾਰ ਲੈਣ ਦੇ।" ਡਾਕਟਰ ਕੁਝ ਸਮੇਂ ਲਈ ਰੁਕ ਜਾਂਦਾ ਹੈ ਬੁੱਢੀ ਪੂਰੇ ਜ਼ੋਰ ਦੀ ਚੀਕ ਮਾਰ ਲੈਂਦੀ। ਉਸ ਤੋਂ ਬਾਅਦ ਡਾਕਟਰ ਆਰਾਮ ਨਾਲ ਉਸ ਬੁੱਢੀ ਦਾ ਦੰਦ ਕੱਢ ਦਿੰਦਾ। ਪਾਵੇਲ ਉਹ ਕਹਾਣੀ ਸੁਣ ਕੇ ਹੱਸ ਛੱਡਦਾ ਫਿਰ ਮੈਂ ਉਸਨੂੰ ਦੱਸਦਾ ਕਿ ਦੁੱਖ ਮੰਨਣ ਨਾਲ ਦੁੱਖ ਘੱਟਦਾ ਵਧਦਾ ਨਹੀਂ। ਸਗੋਂ ਇੰਜੈਕਸ਼ਨ ਲਾਉਣ ਸਮੇਂ ਜਾਂ ਟਾਂਕੇ ਕੱਟਣ ਸਮੇਂ ਜਾਂ ਬਾਂਹ ਚੜ੍ਹਾਉਣ ਸਮੇਂ ਦਰਦ ਨੇ ਤਾਂ ਹੋਣਾ ਹੀ ਹੁੰਦਾ ਹੈ ਪਰ ਚੀਕਾਂ ਮਾਰਨ ਨਾਲ ਨਾ ਤਾਂ ਇਹਨੇ ਘਟਨਾ ਨਾ ਹੀ ਵਧਣਾ ਹੁੰਦਾ ਹੈ। ਸਗੋਂ ਇਸੇ ਸਮੇਂ ਬੰਦੇ ਦੇ ਡਰਪੋਕ ਜਾਂ ਬਹਾਦਰ ਹੋਣ ਦੀ ਪੁਸ਼ਟੀ ਵੀ ਹੁੰਦੀ ਹੈ। ਮੈਂ ਉਹਨੂੰ ਦੱਸਦਾ ਕਿ ਕਿਵੇਂ ਇੱਕ ਜੱਟਾਂ ਦੇ ਮੁੰਡੇ ਦੇ ਗੰਡਾਸੇ ਵੱਜਦੇ ਹਨ ਤੇ ਉਸ ਦਾ ਸਿਰ ਪਾੜ ਦਿੱਤਾ ਜਾਂਦਾ ਹੈ ਤਾਂ ਉਹ ਸੀ ਤੱਕ ਨਹੀਂ ਕਰਦਾ ਪਰ ਜਦੋਂ ਨਰਸ ਟੀਕਾ ਭਰਦੀ ਹੈ ਤਾਂ ਉਹ ਚੰਗਿਆੜਾਂ ਮਾਰਨਾ ਸ਼ੁਰੂ ਕਰ ਦਿੰਦਾ ਹੈ।

ਮੈਂ ਉਸਨੂੰ ਮਾਂ ਨਾਵਲ ਦੇ ਲੇਖਕ ਗੋਰਕੀ ਦੀ ਕਹਾਣੀ ਵੀ ਸੁਣਾਉਂਦਾ ਹਾਂ। ਮਾਂ ਨਾਵਲ ਨਾਲ ਪਾਵੇਲ ਦੀ ਗੂੜ੍ਹੀ ਸਾਂਝ ਹੈ ਕਿਉਂਕਿ ਉਸਦਾ ਨਾਂ ਵੀ ਨਾਵਲ ਮਾਂ ਦੇ ਨਾਇਕ ਪਾਵੇਲ ਤੋਂ ਹੀ ਲਿਆ ਗਿਆ ਹੈ। ਗੋਰਕੀ ਇੱਕ ਵਾਰ ਘੋੜੇ ਤੋਂ ਡਿੱਗ ਪੈਂਦਾ ਹੈ ਉਸਦੀ ਸੱਜੀ ਬਾਂਹ ਟੁੱਟ ਜਾਂਦੀ ਹੈ। ਪਰ ਉਹ ਲਿਖਣ ਪੜ੍ਹਨ ਦਾ ਕੰਮ ਛੱਡਦਾ ਨਹੀਂ ਸਗੋਂ ਖੱਬੇ ਹੱਥ ਨਾਲ ਲਿਖਣਾ ਸ਼ੁਰੂ ਕਰ ਦਿੰਦਾ ਹੈ।

ਅਮਨ, ਪਾਵੇਲ ਨਾਲੋਂ ਚਾਰ ਵਰ੍ਹੇ ਛੋਟਾ ਹੈ। ਐਕਸੀਡੈਂਟ ਤੋਂ ਪਹਿਲਾਂ ਉਹ ਅਕਸਰ ਹੀ ਪਾਵੇਲ ਨਾਲ ਲੜਾਈ ਕਰ ਲੈਂਦਾ ਸੀ ਪਰ ਹੁਣ ਉਸਦਾ ਵਤੀਰਾ ਬਹੁਤ ਹੀ ਹਮਦਰਦੀ ਵਾਲਾ ਹੋ ਗਿਆ ਹੈ। ਜੇ ਕਿਸੇ ਸਮੇਂ ਪਾਵੇਲ ਨੂੰ ਉਲਟੀ ਆ ਜਾਂਦੀ ਹੈ ਉਹ ਭੱਜ ਕੇ ਜਾਂਦਾ ਹੈ ਤੇ ਤੌਲੀਆ ਚੁੱਕ ਕੇ ਲਿਆਉਂਦਾ ਹੈ ਤੇ ਪਾਵੇਲ ਹੱਥ, ਮੂੰਹ ਪੂੰਝਣ ਲੱਗ ਪੈਂਦਾ ਹੈ। ਕਹਿੰਦਾ ਹੈ "ਭਈਆ ਨੂੰ ਉਲਟੀ ਆ ਗਈ ਹੈ।"

ਕੈਰਮ ਬੋਰਡ, ਖੇਡਦੇ ਸਮੇਂ ਵੀ ਆਪ ਉਹ ਇੱਕ ਵਾਰੀ ਸਟ੍ਰਾਈਕਰ ਇਸਤੇਮਾਲ ਕਰਦਾ ਹੈ ਪਾਵੇਲ ਨੂੰ ਦੋ ਵਾਰ ਸਟਰਾਈਕਰ ਦੇ ਇਸਤੇਮਾਲ ਦੀ ਇਜ਼ਾਜਤ ਦਿੰਦਾ ਹੈ। ਜਿਸ ਸਮੇਂ ਪਾਵੇਲ ਹਸਪਤਾਲ ਦਾਖਲ ਸੀ ਉਸਨੇ ਆਪਣਾ ਜੇਬ ਖਰਚਾ ਜਮ੍ਹਾਂ ਕਰਨਾ ਸ਼ੁਰੂ ਕਰ ਦਿੱਤਾ ਅਤੇ ਹਸਪਤਾਲੋਂ ਘਰ ਆਉਣ ਤੇ ਉਹ ਆਪਣੇ ਕਿਸੇ ਦੋਸਤ ਨੂੰ ਬਾਜ਼ਾਰ ਲੈ ਕੇ ਗਿਆ ਤੇ ਆਪਣੇ ਵੱਡੇ ਭਰਾ ਲਈ ਇੱਕ ਗਿਫ਼ਟ ਖਰੀਦ ਲਿਆਇਆ।

**-ਮੇਘ ਰਾਜ ਮਿੱਤਰ**

## ਮਿਹਨਤ ਦੀ ਲੁੱਟ

ਸੁਆਲ : ਰਾਤ ਦਿਨੇ ਅਸੀਂ ਮਿਹਨਤ ਕਰੀਏ, ਫੇਰ ਵੀ ਗਿਰਦੇ ਜਾਂਦੇ ਆਂ।
ਕੀ ਸਾਡੇ ਹੈ ਕਰਮ ਵੇ ਮਾੜੇ, ਵਿਹਲੜ ਬੈਠੇ ਖਾਂਦੇ ਆ?
ਜਵਾਬ : ਕਰਮ ਕਿਸੇ ਦੇ ਹੋਣ ਨਾ ਮਾੜੇ, ਜੋ ਹੱਥੀਂ ਕਰੇ ਕਮਾਈ ਨੀ।
ਸਾਡੇ ਮਨਾਂ ਵਿਚ ਪਾ ਭੁਲੇਖੇ, ਵਿਹਲੜ ਜਾਂਦੇ ਖਾਈ ਨੀ।
ਸੁਆਲ : ਹੱਥ ਵੀ ਖਾਲੀ ਮੂੰਹ ਵੀ ਖਾਲੀ, ਦਿਨ ਕਿੱਦਾਂ ਦੇ ਆਏ ਵੇ।
ਕਿਰਤ ਦਾ ਕੋਈ ਪਤਾ ਨਾ ਲੱਗੇ, ਕਿਹੜੇ ਪਾਸੇ ਜਾਏ ਵੇ।
ਭੁੱਖੇ ਭਾਣੇ ਬੱਚੇ ਬੈਠੇ, ਰੋਂਦੇ ਅਤੇ ਕੁਰਲਾਂਦੇ ਆ, ਕੀ ਸਾਡੇ.....?
ਜਵਾਬ : ਕਰੀ ਕਮਾਈ ਹੜੱਪਣ ਲਈ, ਗੱਡੀ ਬੈਠੇ ਡਾਹੀਆਂ ਨੀ।
ਵੱਖ ਵੱਖ ਧਾਰੇ ਭੇਸ ਇਨ੍ਹਾਂ ਨੇ, ਹੈ ਦੁਕਾਨਾਂ ਪਾਈਆਂ ਨੀ।
ਕੋਈ ਚੇਲਾ ਕੋਈ ਸਾਧੂ ਬਣਕੇ, ਬੈਠਾ ਧੂਣੀਆਂ ਲਾਈ ਨੀ, ਸਾਡੇ ਮਨਾਂ 'ਚ.....।
ਸੁਆਲ : ਵਿੱਦਿਆ ਬਾਝੋਂ ਬੱਚੇ ਸਾਡੇ, ਰਹਿ ਜਾਂਦੇ ਐ ਵਾਂਝੇ ਵੇ
ਬੰਧੂਆ ਬਣਕੇ ਕਰਨ ਮਜੂਰੀ, ਮਾਂਜੀ ਜਾਂਦੇ ਐ ਭਾਂਡੇ ਵੇ।
ਪਸ਼ੂਆਂ ਵਾਲੀ ਜੂਨ ਹੰਢਾਉਂਦੇ, ਧੱਕੇ ਖਾਈ ਜਾਂਦੇ ਆ,
ਕੀ ਸਾਡੇ.....?
ਜਵਾਬ : ਲਾ ਮੱਥੇ ਤੇ ਤਿਲਕ ਸੰਧੂਰੀ, ਬਦਲੀ ਜਾਂਦੇ ਕਰਮਾਂ ਨੂੰ।
ਥਾਂ-ਥਾਂ ਉਤੇ ਖੋਲ੍ਹ ਪੱਤਰੀਆਂ, ਦੱਸਦੇ ਪਿਛਲੇ ਜਨਮਾਂ ਨੂੰ,
ਰੱਖਦੇ ਸਾਨੂੰ ਬੁੱਧੂ ਬਣਾਕੇ, ਇਨ੍ਹਾਂ ਦੀ ਚਤਰਾਈ ਨੀ,
ਸਾਡੇ ਮਨਾਂ 'ਚ.....।
ਕੋਰਸ : ਪਰਤ 'ਸੰਘਰੀਆ' ਪਾਸਾ ਤੂੰ ਹੁਣ, ਬਦਲ ਬੱਦੀਆਂ ਸੋਚਾਂ ਨੂੰ।
ਕਰ ਉਪਰਾਲਾ ਸੁੱਟ ਤੋੜਕੇ, ਲਹੂ ਪੀਣੀਆਂ ਜੋਕਾਂ ਨੂੰ।
'ਤਰਕਾਂ' ਵਾਲੀ ਸੋਚ ਸੋਚੀਏ, ਤਾਂ ਹੀ ਹੋਊ ਭਲਾਈ ਬਈ।
ਸਾਡੇ ਮਨਾਂ 'ਚ ਪਾ ਭੁਲੇਖੇ, ਵਿਹਲੜ ਜਾਂਦੇ ਖਾਈ ਬਈ।

– *ਗੁਰਾਦਿੱਤ ਸਿੰਘ 'ਸੰਘਰੀਆ'*, ਗੁੜ੍ਹੀ ਸੰਘਰ (ਮੁਕਤਸਰ)
ਫੋਨ ਨੰ: 95695-80653




**ਸਤਿਕਾਰਯੋਗ ਸੰਪਾਦਕ ਜੀ,**

ਕਈ ਵਾਰ ਅਚੰਭਾ ਹੁੰਦਾ ਹੈ ਕਿ ਤੁਸੀਂ ਵਿਗਿਆਨ ਬਾਰੇ ਇੰਨੀ ਵਿਸ਼ਾਲ ਜਾਣਕਾਰੀ ਕਿਥੋਂ ਤੇ ਕਿਵੇਂ ਪ੍ਰਾਪਤ ਕਰਦੇ ਹੋ। ਹਰ ਇਕ ਅੰਕ ਵਿਚ ਨਵੀਂਉਂ ਨਵੀਂਉਂ ਬਹਾਰ ਦੇ ਕਹਿਣ ਵਾਂਗ ਨਵਾਂ ਹੀ ਨਵਾਂ ਅਤੇ ਛੁਪੇ ਭੇਦਾਂ ਦੀ ਜਾਣਕਾਰੀ ਹੁੰਦੀ ਹੈ। ਅੰਧ-ਵਿਸ਼ਵਾਸ ਫੈਲਾਉਣ ਵਾਲੇ ਬਹੁ-ਰੂਪੀਆਂ ਨੂੰ ਸਮਾਜ ਸਾਹਮਣੇ ਨੰਗਾ ਕਰਨ ਦਾ ਸ਼ੁਭ ਕਾਰਜ ਜੋ ਤੁਸੀਂ ਕਰ ਰਹੇ ਹੋ, ਕਾਬਲ-ਏ-ਤਾਰੀਫ਼ ਹੈ। ਦੂਜੀ ਗੱਲ ਤੁਸੀਂ ਹਰ ਇਕ ਮੁਸੀਬਤ ਦੀ ਤਹਿ ਤੱਕ ਜਾਣੇ ਮਸਲਾ ਹੱਲ ਕਰਨਾ ਜਾਣਦੇ ਹੋ ਜਿਵੇਂ ਕਿ ... ਅੰਕ ਵਿਚ 'ਕਿਉਂ ਫਸਦੇ ਨੇ ਲੋਕ ਬਾਬਿਆਂ ਦੇ ਮੱਕੜ ਜਾਲ ਵਿਚ', ਸਮਾਜ 'ਚ ਸੁਧਾਰ ਲਿਆਉਣ ਲਈ ਮੁਸੀਬਤ ਦੇ ਪੈਦਾ ਹੋਣ ਦੇ ਕਾਰਨਾਂ ਨੂੰ ਜਾਨਣਾ ਜ਼ਰੂਰੀ ਹੈ। ਪਰ ਸਾਡੇ ਇਥੇ ਅਕਸਰ ਹੀ ਹਰ ਇਕ ਬੁਰਾਈ ਨੂੰ ਸਤਹੀ ਤੌਰ 'ਤੇ ਜਾਣਕੇ ਲੀਪਾ ਪੋਚੀ ਕਰ ਦਿੱਤੀ ਜਾਂਦੀ ਹੈ ਤੇ ਇਸੇ ਲਈ ਮੁਸੀਬਤਾਂ ਘੱਟਣ ਦੀ ਬਜ਼ਾਏ ਦਿਨੋ-ਦਿਨ ਵਧ ਰਹੀਆਂ ਨੇ। ਅੱਜ ਦੇ ਕੰਪਿਊਟਰੀ ਯੁੱਗ 'ਚ ਕੰਪਿਊਟਰ ਦੀ ਜ਼ਿੰਦਗੀ ਨਾਲ ਸੰਬੰਧਿਤ ਹਰ ਖੇਤਰ 'ਚ ਹੋ ਰਹੀ ਘੁਸਪੈਂਠ (ਸਾਕਾਰਾਤਮਕ ਤੌਰ 'ਤੇ) ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਤੁਸੀਂ ਵਧੀਆ ਕੰਮ ਕਰ ਰਹੇ ਹੋ।

ਜੂਨ-ਜੁਲਾਈ 2010 ਦੇ ਅੰਕ ਵਿਚ ਸਫਾ ਨੰ. 10 ਉਤੇ ਸੈਲ ਪਹਿਲੇ ਵਿਚ ਕਿ 'ਮਨੁੱਖੀ ਸਰੀਰ ਵਿਚ ਕੁਲ $10^{12}$ ਚਿੱਟੇ ਰਕਤਾਣੂੰ ਹੁੰਦੇ ਹਨ' ਕਲੈਰੀ ਫਿਕੇਸ਼ਨ ਦੀ ਮੰਗ ਕਰਦਾ ਹੈ। ਸਾਇੰਸ ਫਿਕਸ਼ਨ ਤੇ ਇਕ ਦੋ ਲੇਖ ਜ਼ਰੂਰ ਦੇ ਦਿਆ ਕਰੋ।

ਵਿਗਿਆਨ ਜੋਤ ਦੀ ਤਰੱਕੀ ਲਈ ਕਾਮਨਾ ਕਰਦਾ ਆਪ ਜੀ ਦਾ ਵਿਸ਼ਵਾਸ ਪਾਤਰ।

– *ਮੰਗਤ ਕੁਲਜਿੰਦ*, ਮਕਾਨ ਨੰ. 17205
ਅੱਗਰਵਾਲ ਕਲੋਨੀ, ਬਠਿੰਡਾ

-------o-------

**"ਜੈ ਇਨਸਾਨ ਜੈ ਵਿਗਿਆਨ"**

ਅਗਿਆਨਤਾ ਦੇ ਹਨ੍ਹੇਰੇ ਨੂੰ ਚੀਰ ਦਾ "ਵਿਗਿਆਨ ਜੋਤ" ਜਦੋਂ ਵੀ ਸ਼ਹਿਰ ਤੋਂ ਦੂਰ ਵਸੇਂ ਸਾਡੇ ਪਿੰਡ ਮਾਨਾਂ ਦੀ ਹੱਦ ਅੰਦਰ ਪ੍ਰਵੇਸ਼ ਕਰਦਾ ਹੈ ਤਾਂ ਹਰ ਕੋਈ ਇਸ ਦੀਆਂ ਵਿਗਿਆਨਕ ਚੁਸਕੀਆਂ ਲੈਣ ਲਈ ਤਿਆਰ ਰਹਿੰਦਾ ਹੈ ਕਿਉਂਕਿ ਕੁਝ ਸਾਲ ਪਹਿਲਾਂ ਸਾਡੇ ਪਿੰਡ ਵਿਚ ਅਖੌਤੀ ਭੂਤ-ਪ੍ਰੇਤਾਂ ਦਾ ਸਾਇਆ ਤੇ ਹੋਰ ਅੰਧਵਿਸ਼ਵਾਸੀ ਗੱਲਾਂ, ਆਮ ਚਰਚਾ ਦਾ ਵਿਸ਼ਾ ਹੁੰਦੀਆਂ ਸਨ। ਪਿੰਡ ਵਿਚੋਂ ਜਗਦੀਪ ਸਿੰਘ ਨਾਂ ਦਾ ਇਕ ਬੱਚਾ, ਜਿਸ ਦੀ ਮਾਨਸਿਕ ਪ੍ਰੇਸ਼ਾਨੀ ਨੇ ਪਰਿਵਾਰ ਦੇ ਨਾਲ-ਨਾਲ ਪਿੰਡ ਵਾਲਿਆਂ ਨੂੰ ਵੀ ਦੁੱਖੀ ਕਰ ਰੱਖਿਆ ਸੀ। ਘਰ ਵਾਲੇ ਅਖੌਤੀ ਸਾਧਾ-ਸੰਤਾਂ ਦੇ ਡੇਰਿਆ ਤੇ ਪੈਸਾ ਬਰਬਾਦ ਕਰ ਕੇ ਘਰੋ ਬੇ-ਘਰ ਹੋ ਚੁੱਕੇ ਸਨ।

ਹੈਰਾਨੀ ਦੀ ਉਦੋਂ ਕੋਈ ਹੱਦ ਨਾ ਰਹੀ, ਜਦੋਂ 2007 ਵਿਚ ਸ੍ਰੀ ਮੇਘਰਾਜ ਮਿੱਤਰ ਜੀ ਨੇ ਲੰਮੇ ਸਮੇਂ ਤੋਂ ਪੀੜਤ ਇਸ ਬੱਚੇ ਨੂੰ ਬਿਨ੍ਹਾਂ ਕਿਸੇ ਫੀਸ ਦੇ ਠੀਕ ਕਰ ਦਿੱਤਾ। ਅੱਜ ਜਗਦੀਪ ਪੂਰੀ ਤਰ੍ਹਾਂ ਫਿੱਟ ਤੇ ਆਪਣਾ ਕੰਮ ਕਰ ਰਿਹਾ ਹੈ। ਅੱਜ ਅਸੀਂ ਇਹ ਗੱਲ ਬੜੇ ਮਾਣ ਨਾਲ ਕਹਿੰਦੇ ਹਾਂ, ਕਿ ਤਰਕਸ਼ੀਲ ਸਾਹਿਤ ਦੇ ਆਉਣ ਨਾਲ ਪਿੰਡ ਵਿਚੋਂ ਭੂਤਾਂ-ਪ੍ਰੇਤਾਂ, ਕਸਰਾਂ, ਜਾਦੂ-ਟੂਣੇ ਦਾ ਨਾਂ ਤੱਕ ਮਿਟਦਾ ਜਾ ਰਿਹਾ ਹੈ। ਲੋਕ ਕਾਫੀ ਹੱਦ ਤੱਕ ਇਸ ਅਗਿਆਨਤਾ ਦੇ ਹਨੇਰੇ ਵਿਚੋਂ ਨਿਕਲ ਚੁੱਕੇ ਹਨ। ਜਿਥੇ ਹੁਣ ਪਿੰਡ ਵਿਚੋਂ ਨਵੇਂ ਸਾਹਿਤ ਪ੍ਰੇਮੀਆਂ ਦੇ ਨਾਲ-ਨਾਲ ਨਵੇਂ ਲੇਖਕ ਵੀ ਪੈਦਾ ਹੋ ਰਹੇ ਹਨ। ਉਥੇ ਸਕੂਲੀ ਪੜ੍ਹਦੇ ਬੱਚੇ ਵੀ ਆਪਣੀ ਗਿਆਨ ਸ਼ਕਤੀ ਅਨੁਸਾਰ ਜੋਤਿਸ਼ੀਆਂ ਪਾਂਡਿਆਂ ਨੂੰ ਤਰਕਮਈ ਪ੍ਰਸ਼ਨ ਕਰਦੇ ਵੇਖੇ ਗਏ ਹਨ।

ਪਿੰਡ ਦੇ ਨੌਜਵਾਨ ਮਿਹਨਤੀ, ਹੱਸਮੁੱਖ ਤੇ ਏਕਤਾ ਭਾਈਚਾਰਾ ਪਸੰਦ ਕਰਦੇ ਹਨ। ਹੋਰ ਸਮਾਜ ਭਲਾਈ ਕੰਮਾਂ ਦੇ ਨਾਲ-ਨਾਲ ਖ਼ੂਨਦਾਨ ਵਰਗੇ ਖੇਤਰ ਵਿਚ ਵੀ ਪਿੰਡ ਦੇ ਨੌਜਵਾਨ ਵਧ ਚੜ੍ਹਕੇ ਹਿੱਸਾ ਲੈਂਦੇ ਹਨ। ਪਿੰਡ ਵਿਚ ਤਰਕਸ਼ੀਲ ਸਾਹਿਤ ਦਾ ਬੂਟਾ ਲਾਉਣ ਵਾਲੇ ਨੌਜਵਾਨ ਨਗਿੰਦਰ ਮਾਨਾਂ ਜੀ ਦੇ ਜੀ ਦੇ ਸਦਾਰਿਣੀ ਹਾਂ। ਤੇ ਵਿਗਿਆਨਕ ਸੋਚ ਨੂੰ ਪ੍ਰਫੁੱਲਤ ਕਰਨ ਵਾਲੇ ਕਾਫ਼ਲੇ ਨੂੰ ਸਲਾਮ ਕਰਦੇ ਹਾਂ!

ਅਸੀਂ ਹਾਂ,
– ਅਮਰੀਕ ਮਾਨਾਂ, ਗੁਰਪ੍ਰੀਤ, ਨਾਇਬ, ਬਲਵੀਰ, ਜੱਗੀ, ਕਾਲਾ,
ਪ੍ਰਗਟ, ਬਿੱਲਾਂ, ਸੁਖਜੀਤ, ਜਗਦੀਪ ਤੇ ਹੋਰ ਸਾਥੀ

**ਮਿੰਨੀ ਕਹਾਣੀ**

## ਮਾਨਸਿਕਤਾ / *ਮੂਲ – ਵੀਨਾ ਹੰਸ*




ਮੈਂ ਸੋਨੂੰ ਦਾ ਨਰਸਰੀ ਕਲਾਸ ਦਾ ਦਾਖਲਾ ਫਾਰਮ ਭਰ ਕੇ ਉਸਨੂੰ ਅੰਤਮ ਰੂਪ ਦੇਣ ਦੇ ਲਈ ਪ੍ਰਿੰਸੀਪਲ ਦੀ ਮੇਜ਼ ਤੇ ਰੱਖ ਦਿੱਤਾ। ਪ੍ਰਿੰਸੀਪਲ ਸਾਹਿਬ ਨੇ ਫਾਰਮ ਨੂੰ ਗੌਰ ਨਾਲ ਦੇਖਿਆ ਅਤੇ ਬੋਲੇ, "ਮਿਸਟਰ ਰਮੇਸ਼ ਤੁਸੀਂ ਆਪਣਾ ਕਾਸਟ ਨੇਮ ਤਾਂ ਲਿਖਿਆ ਹੀ ਨਹੀਂ, ਮੇਰਾ ਮਤਲਬ ਹੈ ਤੁਹਾਡੀ ਜਾਤ....? "ਸਰ ਬੱਚੇ ਨੂੰ ਸਕੂਲ ਵਿਚ ਸਿੱਖਿਆ ਦਿਵਾਉਣ ਲਈ ਕੀ ਕਿਸੇ ਵਿਸ਼ੇਸ਼ ਜਾਤੀ ਦਾ ਹੋਣਾ ਜ਼ਰੂਰੀ ਹੈ? ਜਾਂ ਕੇਵਲ ਰਸਮੀ ਹੈ। ਹਾਂ, ਤਾਂ ਕੀ ਕਾਸਟ ਲਿਖਾਂ? ਪ੍ਰਿੰਸੀਪਲ ਨੇ ਪੈੱਨ ਉਠਾਉਂਦੇ ਕਿਹਾ "ਮਾਨਵਜਾਤੀ" ਮੈਂ ਰਟਿਆ ਰਟਾਇਆ ਜਿਹਾ ਉਤਰ ਦਿੱਤਾ। "ਵੱਟ ਡੂ ਯੂ ਮੀਨ....? ਭਲਾ ਇਹ ਕੋਈ ਜਾਤ ਹੈ। ਪ੍ਰਿੰਸੀਪਲ ਨੇ ਚੌਂਕਦੇ ਹੋਏ ਗੁੱਸੇ ਦੀ ਮੁਦਰਾ ਵਿਚ ਕਿਹਾ, ਮੇਰੀਆਂ ਲੱਖ ਮਿਨਤਾਂ ਕਰਨ ਤੇ ਵੀ ਪ੍ਰਿੰਸੀਪਲ ਸਾਹਿਬ ਆਪਣੀ ਜ਼ਿੱਦ ਤੇ ਅੜੇ ਰਹੇ। ਉਹ ਕਿਸੇ ਵੀ ਤਰ੍ਹਾਂ ਫਾਰਮ ਤੇ "ਮਾਨਵ ਜਾਤ" ਲਿਖਣ ਲਈ ਸਹਿਮਤ ਨਹੀਂ ਸਨ।

ਅੰਤ ਵਿਚ ਉਨ੍ਹਾਂ ਦਾਖਲਾ ਫਾਰਮ ਮੇਰੇ ਵੱਲ ਸੁੱਟਦੇ ਹੋਏ, ਕਿਹਾ ਕਿ, ਸੌਰੀ ਮਿਸਟਰ ਰਮੇਸ਼ ਫਾਰਮ ਕੰਪਲੀਟ ਨਾ ਹੋਣ ਕਾਰਨ ਤੁਹਾਡੇ ਬੱਚੇ ਨੂੰ ਦਾਖਲਾ ਨਹੀਂ ਮਿਲ ਸਕਦਾ। ਮੈਂ ਹੌਲੀ ਜਿਹੇ ਕਦਮਾਂ ਨਾਲ ਦਫ਼ਤਰ 'ਚੋਂ ਬਾਹਰ ਨਿਕਲ ਆਇਆ, ਕੋਲ ਦੇ ਹੀ ਇਕ ਕਮਰੇ ਵਿਚ ਇਕ ਅਧਿਆਪਕ ਬੱਚਿਆਂ ਨੂੰ ਪੜ੍ਹਾ ਰਿਹਾ ਸੀ। ਜੇਕਰ ਕਿਸੇ ਦੇਸ਼ ਨੇ ਤਰੱਕੀ ਦਾ ਰਾਹ ਵੇਖਣਾ ਹੈ ਤਾਂ ਉਸ ਨੂੰ ਜਾਤ-ਪਾਤ ਦੇ ਸੀਮਤ ਦਾਇਰਿਆਂ ਨੂੰ ਤੋੜਨਾ ਹੋਵੇਗਾ....। "ਮੈਨੂੰ ਇੰਜ ਲੱਗ ਰਿਹਾ ਸੀ, ਜਿਵੇਂ ਕੋਈ ਮੇਰੇ ਕੰਨਾਂ ਵਿਚ ਪਿਘਲਿਆ ਹੋਇਆ ਸੀਸਾ ਪਾ ਰਿਹਾ ਹੋਵੇ।

**ਪੇਸ਼ਕਸ਼ – ਅਮਰੀਕ ਮਾਨਾਂ**, ਮੋਬਾ ਨੰ. 98147-86707

# ਤਰਕਭਾਰਤੀ ਪ੍ਰਕਾਸ਼ਨ ਦੀਆਂ ਵੀ. ਡੀ. ਓ. ਸੀਡੀਜ਼ ਸੀਰੀਜ

ਘਰ ਬੈਠੇ ਹੀ ਵੀਪੀ ਰਾਹੀਂ ਕੋਈ ਵੀ ਸੀਡੀ ਜਾਂ ਕਿਤਾਬ ਮੰਗਵਾਉਣ ਲਈ ਫ਼ੋਨ ਕਰੋ : 01679-241744







- ਠੱਗੀ ਦਾ ਸਾਧਨ - ਜੋਤਿਸ਼ (ਮੇਘ ਰਾਜ ਮਿੱਤਰ) 50/-
- ਰੱਬ, ਧਰਮ ਤੇ ਬਹਿਸ (ਮੇਘ ਰਾਜ ਮਿੱਤਰ) 50/-
- ਤਰਕਸ਼ੀਲ ਸੁਨੇਹਾ (ਮੇਘ ਰਾਜ ਮਿੱਤਰ) 30/-
- ਤਰਕਸ਼ੀਲ ਜਾਦੂਗਰ (ਜਗਦੇਵ ਕੰਮੋਮਾਜਰਾ) 50/-
- ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ 50/-
- 10th Math Made Easy 150/- (Set 4cds)
- 10th Physics and Chemistry Made Easy 150/- (Set 4cds)








# ਵਿਸ਼ਵਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਨਵੀਆਂ ਕਿਤਾਬਾਂ































ਵਧੀਆ ਤੇ ਸੁੰਦਰ ਪੁਸਤਕਾਂ ਛਪਵਾਉਣ ਲਈ ਸੰਪਰਕ ਕਰੋ

## ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ

Purani Sabji Mandi, K. C. Road, Barnala-148101 (Pb.)
Ph. 01679-241744, 233244 Email : anu_bnl@yahoo.com

Editor : Megh Raj Mitter

Regd. No. PUNPUN/2006/17457





○ ਸਾਹਿਤਕ ○ ਤਰਕਸ਼ੀਲ ○ ਅਗਾਂਹ ਵਧੂ ○ ਹੈਲਥ ਨਾਲ ਸੰਬੰਧਤ ਅਤੇ ਹੋਰ ਵਧੀਆ ਕਿਤਾਬਾਂ ਖਰੀਦਣ ਲਈ ਸੰਪਰਕ ਕਰੋ।

# ਤਰਕਭਾਰਤੀ ਪ੍ਰਕਾਸ਼ਨ

Purani Sabji Mandi, K. C. Road, Barnala-148101 (Pb.)
Ph. 01679-241744, 233244 Email : tarksheel@gmail.com

To


Publisher Printer and the owner Amit Mittal has got it printed from Unitech Printers Banasar Bagh Street Sangrur and published from Tarksheel Niwas Gali No. 8 K.C. Road Barnala-148101